उत्तराखण्ड ग्लोबल इन्वेस्टर्स समिट 2023 के अवसर पर प्रधानमंत्री नरेन्द्र मोदी ने अन्य करोड़ों की परियोजनाओं के साथ 'हाउस ऑफ हिमालयाज' नामक 'अंब्रेला ब्रांड' का शुभारंभ किया था। जिसके तहत, अब समूहों द्वारा तैयार किए जाने वाले उत्पाद 'हाउस ऑफ हिमालयाज' के नाम से बाजार में उपलब्ध हैं। इन उत्पादों की क्वालिटी एवं पैकिंग आदि पर विशेष ध्यान केंद्रित किया गया है। हाउस ऑफ हिमालयाज ब्रांड उत्तराखण्ड के स्थानीय उत्पादों को विदेशी बाजारों तक ले जाने का एक अभिनव प्रयास है। देवभूमि उत्तराखण्ड के उत्पाद स्वाद और सेहत जैसे कई प्राकृतिक गुणों से भरपूर हैं। कुछ समय पहले तक हिमालय की गोद से निकलने वाले ये उत्पाद हिमाद्री, हिलांस और ग्राम्य-श्री जैसे नामों से बाजार में जाने जाते थे। लेकिन, अब ये दमदार उत्पाद 'हाउस ऑफ हिमालयाज' के नाम से जाने-पहचाने जाते हैं। यानी उत्तराखण्ड के महिला समूहों द्वारा तैयार अलग-अलग उत्पाद अब 'हाउस ऑफ हिमालयाज' के नाम से दुनियाभर में अपना कमाल दिखा रहे हैं। हाउस ऑफ हिमालयाज, उत्तराखण्ड के उत्पादों को वोकल फॉर लोकल से लोकल टू ग्लोबल बनने में मदद करेगा।

प्रधानमंत्री नरेन्द्र मोदी के विजन से प्रेरित होकर मुख्यमंत्री पुष्कर सिंह धामी के नेतृत्व में उत्तराखण्ड सरकार पहाड़ी क्षेत्रों के उन्नत उत्पादों को बढ़ावा दे रही है। साथ ही, उनके विपणन के लिए कई पहल भी शुरु की गई है। 'हाउस ऑफ हिमालयाज' की शुरुआत इस दिशा में एक महत्वपूर्ण कदम है। इसके अंतर्गत उत्तराखण्ड के उच्च गुणवत्ता वाले उत्पादों को देश और दुनिया के बाजारों के अनुरूप तैयार किया गया है। ये उत्तराखण्ड के पहाड़ी क्षेत्र के उत्पादों का एक प्रमुख ब्रांड बनकर उभरे हैं।

**बेहतर गुणवत्ता :** हाउस ऑफ हिमालयाज के उत्पाद बेहद खास हैं, जो अपनी बेजोड़ गुणवत्ता और बेहतर कारीगरी के लिए जाने जाते हैं। यह बातें उन्हें बड़े पैमाने पर उत्पादन होने वाले दूसरे उत्पादों से विशिष्ट बनाती हैं।

## हाउस ऑफ हिमालयाज इसलिए है खास

**प्रामाणिकता का आश्वासन:** पारंपरिक तरीकों और प्रामाणिक अनुभवों को केंद्र में रखते हुए इस पहल के अंतर्गत बनाए जा रहे उत्पाद उच्च गुणवत्ता मानकों पर खरे उतरने के बाद ही ग्राहकों तक भेजे जाते हैं। इन उत्पादों की उच्च गुणवत्ता की पुष्टि करने के लिए इन्हें सर्टिफिकेट भी दिया जाता है।

**सामुदायिक प्रतिबद्धता:** हाउस ऑफ हिमालयाज को चुनने का मतलब है, सार्थक सामाजिक पहलों के माध्यम से स्थानीय समुदायों का समर्थन करना। इसके हर उत्पाद की खरीद के साथ आप सामाजिक रूप से योगदान दे सकते हैं।

**ओपन सोर्सिंग:** इस पहल के अंतर्गत सामग्री और उत्पादन प्रक्रियाओं को चुनते समय पूर्ण पारदर्शिता को प्राथमिकता दी जाती है, ताकि उपभोक्ता का भरोसा बनाए रखा जा सके।

**नैतिकता को प्राथमिकता:** स्थायी सोर्सिंग और बेहतर उत्पादन के तरीके अपनाने के साथ यह ब्रांड उन तरीकों को अपनाता है, जिसकी नैतिक तौर पर सराहना की जाती है।

**बेहतर ब्रांड अनुभव:** उत्पाद की पूरी जानकारी, छोटी से छोटी बारीकी का ध्यान और बेहतर उत्पाद को शामिल करके यह ब्रांड ग्राहकों को एक बेहतर अनुभव प्रदान करता है, जो हर उपभोक्ता के लिए यादगार अनुभव साबित होता है।



ODTP
ONE DISTRICT TWO PRODUCTS
UTTARAKHAND

## एक जिला-दो उत्पाद योजना के साथ दुनिया को लुभा रहे उत्तराखण्ड के उत्पाद

| जिला | उत्पाद-1 | उत्पाद-2 |
|---|---|---|
| अल्मोड़ा | बाल मिठाई | ट्वीड |
| बागेश्वर | ताम्र शिल्प उत्पाद | कीवी के उत्पाद |
| चमोली | गुलाब जल | हथकरघा के उत्पाद |
| हरिद्वार | शहद | जैगरी |
| चम्पावत | शहद | लोहे के उत्पाद |
| देहरादून | बेकरी उत्पाद | मशरूम के उत्पाद |
| रुद्रप्रयाग | चौलाई के उत्पाद | मंदिर अनुकृति हस्तशिल्प |
| नैनीताल | ऐपण हस्तशिल्प | फल प्रसंस्करण |
| पौड़ी | हर्बल मेडिसिन | लकड़ी शिल्प |
| ऊधम सिंह नगर | मैंथा ऑयल | मूंज ग्रास उत्पाद |
| उत्तरकाशी | सेब के उत्पाद | लाल चावल |
| पिथौरागढ़ | मुन्स्यारी राजमा | ऊनी कालीन |
| टिहरी | पनीर | टिहरी नथ |

## लोकल से ग्लोबल की ओर उत्तराखण्ड के शिल्प और जैविक उत्पाद

### पर्यटक अपने यात्रा व्यय का 5% स्थानीय उत्पादों पर खर्च करें: प्रधानमंत्री

प्रधानमंत्री नरेन्द्र मोदी ने आत्मनिर्भर भारत के लक्ष्य को हासिल करने के लिए वोकल फॉर लोकल की बात कही है। स्थानीय उत्पादों को बढ़ावा दिए जाने के उद्देश्य से भारत सरकार द्वारा 'वन डिस्ट्रिक्ट-वन प्रोडक्ट' की शुरुआत की गई। मुख्यमंत्री पुष्कर सिंह धामी के नेतृत्व में उत्तराखण्ड सरकार ने इस योजना को 'वन डिस्ट्रिक्ट-टू प्रोडक्ट' के रूप में आगे बढ़ाया है। बदरीनाथ धाम के निकट माणा में आयोजित कार्यक्रम में प्रधानमंत्री नरेन्द्र मोदी ने देशवासियों से अपील की थी कि कहीं भी घूमने जाएं तो अपने यात्रा व्यय का 5 प्रतिशत स्थानीय उत्पादों पर खर्च करें। इससे स्थानीय आर्थिकी में जबरदस्त परिवर्तन देखने को मिलेगा। किसी भी क्षेत्र की पहचान उनकी भाषा-बोली एवं स्थानीय उत्पादों से होती है, इनको बढ़ावा देने के लिए हर संभव प्रयास किये जाने चाहिए।



## देवभूमि के पारंपरिक उत्पाद विशिष्ट जीआई टैग से सम्मानित

### उत्तराखण्ड का भोटिया दन



यह उत्तराखण्ड में भोटिया समुदाय द्वारा बनाया गया एक पारंपरिक हाथ से बुना हुआ कालीन है। ये कालीन अपनी गर्माहट, टिकाऊपन और जटिल डिजाइन के लिए जाने जाते हैं।

### उत्तराखण्ड थुलमा



थुलमा कंबल उत्तराखण्ड में भोटिया समुदाय द्वारा भेड़ या याक के ऊन का उपयोग करके हाथ से बुना जाता है। ये कंबल अपनी गर्माहट, टिकाऊपन के लिए जाने जाते हैं।

### जियोग्राफिकल इंडिकेशन (जीआई) शिल्प उत्पाद

भौगोलिक संकेत (जीआई) उन उत्पादों पर प्रयुक्त किया जाने वाला चिन्ह है, जिनकी एक विशिष्ट भौगोलिक उत्पत्ति होती है तथा उनमें उस उत्पत्ति के कारण गुण या प्रतिष्ठा होती है। दूसरे शब्दों में, यह एक प्रमाणीकरण है, जो किसी उत्पाद को किसी विशेष क्षेत्र से उत्पन्न होने की पहचान कराता है, जहां उत्पाद की दी गई गुणवत्ता, प्रतिष्ठा या अन्य विशेषता अनिवार्य रूप से उसके भौगोलिक उत्पत्ति के कारण होती है।

उत्तराखण्ड के निम्नलिखित शिल्प उत्पादों को भारत सरकार के उद्योग और आंतरिक व्यापार संवर्धन विभाग (डीपीआईआईटी) के पेटेंट, डिजाइन और ट्रेडमार्क महानियंत्रक कार्यालय द्वारा जीआई टैग प्रदान किया गया है

### उत्तराखण्ड बिछुआ बूटी



बिछुआ फाइबर का उपयोग कपड़े, बैग और रस्सियों सहित कई उत्पादों को बनाने के लिए किया जाता है। इसके फाइबर को इसकी मजबूती और पर्यावरण-मित्रता के लिए महत्व दिया जाता है।

### उत्तराखण्ड लिखाई (लकड़ी की नक्काशी)



उत्तराखण्ड अपनी बेहतरीन लकड़ी की नक्काशी के लिए प्रसिद्ध है, कुशल कारीगर लकड़ी को जटिल तरीके से तराश कर सुंदर डिजाइन और रुपांकन बनाते हैं।

### नैनीताल मोमबत्तियां (मोमबत्ती)



उत्तराखण्ड अपनी कलात्मक मोमबत्तियों के लिए जाना जाता है, ये मोमबत्तियां अक्सर क्षेत्र के सांस्कृतिक रूपांकनों और प्रतीकों को दर्शाती हैं।

### उत्तराखण्ड रिंगाल शिल्प



रिंगाल उत्पाद एक प्रकार की स्थानीय घास से तैयार किए जाते हैं। कारीगर इसकी मजबूती और लचीलेपन के कारण चटाई, टोकरी और रस्सी जैसी वस्तुएं बनाने के लिए इसका उपयोग करते हैं।

### कुमाऊं की रंगवाली पिछौड़ा



रंगवाली पिछौड़ा एक पारंपरिक शिल्प है, जिसमें रंगीन हाथ से छपी/हाथ से बुनी हुई सूती/रेशमी/ऊनी शॉलें बनाई जाती हैं। डिजाइन और पैटर्न कुमाऊं क्षेत्र की समृद्ध सांस्कृतिक विरासत को दर्शाते हैं।

### उत्तराखण्ड ऐपण



ऐपण एक पारंपरिक लोककला है, जिसे चावल के पेस्ट या चाक का उपयोग करके तैयार किया जाता है। धार्मिक और सांस्कृतिक समारोहों के दौरान यह लोककला फर्श, दीवारों या आंगनों पर देखा जाता है।

### चमोली लकड़ी का रावण मुखौटा



रावण मुखौटे लकड़ी से उकेरे जाते हैं और पारंपरिक लोक नृत्यों और सांस्कृतिक प्रदर्शनों में उपयोग किए जाते हैं।

### उत्तराखण्ड तमता उत्पाद



उत्तराखण्ड के कारीगर तांबे का उपयोग करके बर्तन, सजावटी सामान और धार्मिक कलाकृतियां जैसी विभिन्न वस्तुएं बनाते हैं।

सूचना एवं लोक सम्पर्क विभाग, उत्तराखण्ड द्वारा जनहित में जारी | www.uttarainformation.gov.in | DIPR_UK | UttarakhandDIPR | UttarakhandDIPR

ਕੌਮੀ ਪੱਤ੍ਰਿਕਾ

# ਡਿਪਟੀ ਕਮਿਸ਼ਨਰ ਵੱਲੋਂ ਤਿਉਹਾਰਾਂ ਦੇ ਸੀਜ਼ਨ ਮੌਕੇ ਫੂਡ ਸੇਫਟੀ ਬਾਰੇ ਸਖ਼ਤ ਚੌਕਸੀ ਦੇ ਨਿਰਦੇਸ਼

**➢ ਫੂਡ ਸੇਫਟੀ ਟੀਮਾਂ ਨੂੰ ਨਾਗਰਿਕਾਂ ਲਈ ਸੁਰੱਖਿਅਤ ਤੇ ਗੁਣਵੱਤਾ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਦੀ ਉਪਲਬਧਤਾ ਯਕੀਨੀ ਬਣਾਉਣ ਦੇ ਨਿਰਦੇਸ਼ ➢ ਦੁੱਧ, ਮਠਿਆਈਆਂ, ਘਿਓ ਤੇ ਪਨੀਰ ਦੇ ਨਮੂਨੇ ਲੈਣ ਦੇ ਆਦੇਸ਼; ਖਪਤਕਾਰਾਂ ਦੀ ਜਾਗਰੂਕਤਾ ਉਤੇ ਜ਼ੋਰ**



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਭਰ ਵਿੱਚ ਭੋਜਨ ਸੁਰੱਖਿਆ ਅਤੇ ਸਫਾਈ ਦੇ ਮਿਆਰਾਂ ਦੀ ਸਮੀਖਿਆ ਕਰਨ ਲਈ ਇੱਕ ਮਹੱਤਵਪੂਰਨ ਮੀਟਿੰਗ ਕੀਤੀ।ਉਨ੍ਹਾਂ ਨੇ ਫੂਡ ਸੇਫਟੀ ਟੀਮਾਂ ਨੂੰ ਨਾਗਰਿਕਾਂ ਲਈ ਸਿਰਫ਼ ਸੁਰੱਖਿਅਤ ਅਤੇ ਉੱਚ ਗੁਣਵੱਤਾ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਹੀ ਉਪਲਬਧ ਕਰਵਾਉਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ।

ਸੁਰੱਖਿਅਤ ਭੋਜਨ ਅਤੇ ਸਿਹਤਮੰਦ ਖੁਰਾਕ ਬਾਰੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਗੁਰਪ੍ਰੀਤ ਕੌਰ, ਫੂਡ ਸੇਫਟੀ ਅਫ਼ਸਰਾਂ ਜਸਵਿੰਦਰ ਸਿੰਘ ਅਤੇ ਗੌਰਵ ਕੁਮਾਰ ਨੂੰ ਭੋਜਨ ਪਦਾਰਥਾਂ ਵਿੱਚ ਮਿਲਾਵਟ ਵਿਰੁੱਧ ਸਖ਼ਤੀ ਵਰਤਣ ਦੇ ਆਦੇਸ਼ ਦਿੱਤੇ।ਉਨ੍ਹਾਂ ਨੇ ਕਿਹਾ ਕਿ ਇਸ ਸੀਜ਼ਨ ਵਿੱਚ ਖਾਸ ਕਰਕੇ ਦੁੱਧ ਅਤੇ ਦੁੱਧ ਉਤਪਾਦਾਂ, ਘਿਓ, ਪਨੀਰ ਅਤੇ ਮਠਿਆਈਆਂ ਦੀ ਜ਼ਿਆਦਾ ਖਪਤ ਹੁੰਦੀ ਹੈ, ਇਸ ਲਈ ਇਨ੍ਹਾਂ ਵਸਤਾਂ ਵਿੱਚ ਮਿਲਾਵਟ ਵਿਰੁੱਧ 24 ਘੰਟੇ ਚੌਕਸੀ ਬਣਾਈ ਰੱਖੀ।ਉਨ੍ਹਾਂ ਹਦਾਇਤ ਕੀਤੀ ਕਿ ਨਮੂਨੇ ਲੈਣ ਅਤੇ ਜਾਂਚ ਨੂੰ ਤੇਜ਼ ਕੀਤਾ ਜਾਵੇ ਅਤੇ ਭੋਜਨ ਉਤਪਾਦਾਂ ਦੇ ਸਰੋਤ ਅਤੇ ਸਪਲਾਈ ਲੜੀ ਦਾ ਪੂਰੀ ਤਰ੍ਹਾਂ ਪਤਾ ਲਗਾਇਆ ਜਾਵੇ ਅਤੇ ਵੱਡੀਆਂ ਸਵੀਟਸ ਸ਼ਾਪ ਦੇ ਮਾਲਕਾਂ ਨੂੰ ਵੀ ਸੁਚੇਤ ਕੀਤਾ ਜਾਵੇ ਕਿ ਉਹ ਇਹ ਪਤਾ ਲਗਾਉਣ ਕਿ ਉਨ੍ਹਾਂ ਕੋਲ ਦੁੱਧ ਤੇ ਪਨੀਰ ਆਦਿ ਕਿਸ ਸਰੋਤ ਤੋਂ ਆ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਮਠਿਆਈਆਂ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਵਿੱਚ ਨਕਲੀ ਰੰਗਾਂ ਅਤੇ ਗੈਰ-ਇਜਾਜ਼ਤ ਵਾਲੇ ਐਡਿਟਿਵਜ਼ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਫੂਡ ਬਿਜ਼ਨਸ ਪਰੇਟਰਾਂ, ਸਵੀਟ ਸ਼ਾਪਸ ਦੇ ਵੱਡੇ ਕਾਰੋਬਾਰੀਆਂ ਅਤੇ ਆਮ ਜਨਤਾ ਦੋਵਾਂ ਲਈ ਸੁਰੱਖਿਅਤ ਤੇ ਸ਼ੁੱਧ ਭੋਜਨ ਪ੍ਰਦਾਨ ਕਰਨ ਅਤੇ ਮਿਲਾਵਟਖੋਰੀ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਵੇ।

ਡਾ. ਪ੍ਰੀਤੀ ਯਾਦਵ ਨੇ ਅੱਗੇ ਹਦਾਇਤ ਕੀਤੀ ਕਿ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਸਾਰੀਆਂ ਮਿਡ-ਡੇਅ ਮੀਲ ਰਸੋਈਆਂ ਨੂੰ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਤਹਿਤ ਲਾਜ਼ਮੀ ਤੌਰ ਉਤੇ ਰਜਿਸਟਰ ਕੀਤਾ ਜਾਵੇ, ਅਤੇ ਜ਼ਿਲ੍ਹੇ ਦੇ ਸਾਰੇ ਆਂਗਣਵਾੜੀ ਕੇਂਦਰਾਂ ਦੀ ਇਸੇ ਤਰ੍ਹਾਂ ਦੀ ਰਜਿਸਟ੍ਰੇਸ਼ਨ ਜਲਦੀ ਤੋਂ ਜਲਦੀ ਪੂਰੀ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਿਰਫ਼ ਇੱਕ ਲਾਗੂ ਕਰਨ ਵਾਲੀ ਗਤੀਵਿਧੀ ਨਹੀਂ ਹੈ, ਸਗੋਂ ਇੱਕ ਸਮੂਹਿਕ ਸਮਾਜਿਕ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਸਾਰੇ ਵਿਭਾਗਾਂ ਨੂੰ ਤਿਉਹਾਰਾਂ ਦੇ ਸਮੇਂ ਦੌਰਾਨ ਜਨਤਕ ਸਿਹਤ ਦੀ ਰੱਖਿਆ ਲਈ ਤਾਲਮੇਲ ਵਿੱਚ ਕੰਮ ਕਰਨ ਦੀ ਹਦਾਇਤ ਕੀਤੀ।

ਮੀਟਿੰਗ ਦੌਰਾਨ ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਨਿਗਮ ਅਤੇ ਸਥਾਨਕ ਸਰਕਾਰਾਂ ਦੇ ਅਧਿਕਾਰੀਆਂ ਦੇ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਐਸਡੀਐਮ ਅਤੇ ਸਿਵਲ ਸਰਜਨ ਨੇ ਸ਼ਿਰਕਤ ਕੀਤੀ।

# 574 ਥਾਂਵਾ ਤੇ ਮਿਲੇ ਲਾਰਵੇ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੇਂਗੂ ਤੋਂ ਬਚਾਅ ਲਈ ਹਰੇਕ ਸ਼ੁੱਕਰਵਾਰ ਮਨਾਏ ਜਾ ਰਹੇ ਡਰਾਈ-ਡੇਅ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਗਲੀ / ਮੁਹੱਲਿਆਂ ਵਿਚ ਘਰ ਘਰ ਜਾ ਕੇ ਪਾਣੀ ਦੇ ਖੜ ਸਰੋਤਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਨਰਸਿੰਗ ਵਿਦਿਆਰਥਨਾਂ ਅਤੇ ਆਸ਼ਾ ਵਰਕਰਾਂ ਵੱਲੋਂ ਵੀ ਭਾਗ ਲਿਆ ਗਿਆ। ਅੱਜ ਖਾਸ ਤੌਰ ਤੇ ਜਿਲ੍ਹਾ ਪਟਿਆਲਾ ਅਧੀਨ ਆਉਂਦੇ ਪਲਾਂਟ ਨਰਸਰੀਆਂ, ਖਾਲੀ ਪਲਾਟ ਅਤੇ ਉਸਾਰੀ ਅਧੀਨ ਇਮਾਰਤਾਂ ਦੀ ਚੈਕਿੰਗ ਕੀਤੀ ਗਈ।

ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ 2/ ਆਖਿਆ ਕਿ ਪਟਿਆਲਾ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਇਲਾਜ ਸਬੰਧੀ ਪ੍ਰਬੰਧ ਮੁਕੰਮਲ ਹਨ ਅਤੇ ਲੋੜੀਂਦੀਆਂ ਹਰੇਕ ਤਰ੍ਹਾਂ ਦੀਆਂ ਦਵਾਈਆਂ ਮੌਜੂਦ ਹਨ ਤੇ ਸਾਰੇ ਇਲਾਕਿਆਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਚੌਕਸੀ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਪਾਣੀ ਨੂੰ ਕਿਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ ਤੇ ਜੇ ਕਿਤੇ ਪਾਣੀ ਖੜ੍ਹਾ ਰਹਿ ਵੀ ਜਾਂਦਾ ਹੈ ਤਾਂ ਪਾਣੀ ਦੇ ਖੜ੍ਹੇ ਸਰੋਤਾਂ ਵਿੱਚ ਕਾਲਾ ਤੇਲ ਪਾ ਦਿੱਤਾ ਜਾਵੇ। ਜੇ ਕਿਸੇ ਨੂੰ ਤੇਜ਼ ਬੁਖਾਰ, ਸਿਰਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਹਿਸੂਸ ਹੁੰਦਾ ਹੈ ਤੇ ਸਾਰੇ ਸ਼ਰੀਰ ਵਿੱਚ ਦਰਦ ਹੁੰਦਾ ਹੈ ਤਾਂ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਡੇਂਗੂ ਸਬੰਧੀ ਜਾਂਚ ਕਰਵਾਈ ਜਾਵੇ।

ਜਿਲ੍ਹਾ ਐਪੀਡੋਮੋਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜਿਲ੍ਹੇ ਵਿੱਚ ਹੁਣ ਤੱਕ 279 ਡੇਂਗੂ ਦੇ ਕੇਸ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਹਫਤੇ ਜਿਲ੍ਹੇ ਭਰ ਦੇ 40092 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 574 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 930171 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 9007 ਥਾਂਵਾ ਤੇ ਮਿਲੇ ਲਾਰਵਾ ਨੂੰ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਉਹਨਾਂ ਆਖਿਆ ਕਿ ਡੇਂਗੂ ਬੁਖਾਰ ਫੈਲਾਉਣ ਵਾਲੇ ਮੱਛਰਾਂ ਦੀ ਪੈਦਾਵਾਰ ਦਾ ਇਹ ਸਿਖਰ ਸਮਾਂ ਹੈ ਇਸ ਲਈ ਦਿਨ ਦੇ ਸਮੇਂ ਜਾਲੀ ਵਾਲੇ ਖਿੜਕੀ ਦਰਵਾਜੇ ਬੰਦ ਰੱਖੇ ਜਾਣ, ਦਿਨ ਵੇਲੇ ਮੱਛਰ ਭਜਾਉਣ ਵਾਲੀ ਰਿਪੈਲੇਂਟ ਜਿਵੇਂ ਕਿ ਆਲ-ਆਉਟ ਆਦਿ ਲਗਾਏ ਜਾਣ।

# ਨਵੰਬਰ ਮਹੀਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪਟਿਆਲਾ ’ਚ ਹੋਣਗੇ ਵੱਡੇ ਸਮਾਗਮ : ਡਾ. ਪ੍ਰੀਤੀ ਯਾਦਵ

**ਡੀ.ਸੀ. ਵੱਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਬਾਬਤ ਕੀਰਤਨ ਸਮਾਗਮ ਤੇ ਧਾਰਮਿਕ ਯਾਤਰਾ ਦੀ ਆਮਦ ਦੇ ਪ੍ਰਬੰਧਾਂ ਦਾ ਜਾਇਜ਼ਾ**



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਯਾਦਗਾਰੀ ਸਮਾਗਮ ਕਰਵਾਉਣ ਦੇ ਕੀਤੇ ਫੈਸਲੇ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ ਨਵੰਬਰ ਮਹੀਨੇ ਹੋਣ ਵਾਲੇ ਵੱਡੇ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

ਜ਼ਿਲ੍ਹਾ ਸੱਭਿਆਚਾਰਕ ਸੁਸਾਇਟੀ ਦੀ ਬੈਠਕ ਦੀ ਪ੍ਰਧਾਨਗੀ ਕਰਦਿਆਂ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਨਵੰਬਰ ਮਹੀਨੇ ਦੌਰਾਨ ਪਟਿਆਲਾ ਵਿਖੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਇੱਕ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਜਾਵੇਗਾ ਉਥੇ ਹੀ ਬਾਕੀ ਸਬ ਡਵੀਜ਼ਨਾਂ ਵਿਖੇ ਵੀ ਕੀਰਤਨ ਸਮਾਗਮ ਤੇ ਕਵੀ ਦਰਬਾਰ ਆਯੋਜਿਤ ਕੀਤੇ ਜਾਣਗੇ।ਇਸ ਤੋਂ ਬਿਨ੍ਹਾਂ 20 ਨਵੰਬਰ ਨੂੰ ਸ੍ਰੀ ਤਲਵੰਡੀ ਸਾਬੋ (ਬਠਿੰਡਾ) ਤੋਂ ਚੱਲਣ ਵਾਲੀ ਧਾਰਮਿਕ ਯਾਤਰਾ ਰਾਤ ਨੂੰ ਪਟਿਆਲਾ ਵਿਖੇ ਪੁੱਜੇਗੀ ਤੇ ਵਿਸ਼ਰਾਮ ਕਰੇਗੀ।

ਇਨ੍ਹਾਂ ਸਮੁੱਚੇ ਸਮਾਗਮਾਂ ਲਈ ਸੰਗਤ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਡਾ.ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਵਰੋਸਾਇਆ ਸ਼ਹਿਰ ਹੈ, ਕਿਉਂਕਿ ਗੁਰੂ ਸਾਹਿਬ ਦੀ ਚਰਨ ਛੋਹ ਵਾਲੇ ਸਭ ਤੋਂ ਵਧੇਰੇ 36 ਅਸਥਾਨ ਪਟਿਆਲਾ ਜ਼ਿਲ੍ਹੇ ਅੰਦਰ ਸਥਿਤ ਹਨ, ਜਿਨ੍ਹਾਂ ਦੇ ਚਹੁੰਪੱਖੀ ਵਿਕਾਸ ਲਈ ਵੱਡੇ ਪ੍ਰਾਜੈਕਟ ਉਲੀਕੇ ਗਏ ਹਨ। ਉਨ੍ਹਾਂ ਨੇ ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ-ਹੁਮਾ ਕੇ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਵਰਗੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀ ਮਿਲਦੀ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ।ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਪੂਰੀ ਅਕੀਦਤ ਨਾਲ ਇੱਕ ਸ਼ਰਧਾਲੂ ਦੀ ਤਰ੍ਹਾਂ ਨਿਭਾਉਣ ਲਈ ਤਤਪਰ ਹੈ।

ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਗਮਾਂ ਦੇ ਪ੍ਰਬੰਧਾਂ ’ਚ ਕੋਈ ਕਮੀ ਨਾ ਛੱਡੀ ਜਾਵੇ। ਉਨ੍ਹਾਂ ਨੇ ਸਫ਼ਾਈ, ਸੜਕਾਂ ਦੀ ਮੁਰੰਮਤ, ਸੰਗਤਾਂ ਦੀ ਰਿਹਾਇਸ਼, ਪਾਰਕਿੰਗ ਤੇ ਸਜਾਵਟ ਸਮੇਤ ਹੋਰ ਪ੍ਰਬੰਧਾਂ ਬਾਰੇ ਵਿਸਥਾਰ ’ਚ ਚਰਚਾ ਕੀਤੀ ਤੇ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਏ.ਡੀ.ਸੀਜ ਦਮਨਜੀਤ ਸਿੰਘ ਮਾਨ, ਨਵਰੀਤ ਕੌਰ ਸੇਖੋਂ ਤੇ ਸਿਮਰਪ੍ਰੀਤ ਕੌਰ, ਐਸ.ਪੀ ਵੈਭਵ ਚੌਧਰੀ, ਅੱਛਰੂ ਰਾਮ, ਐਸ.ਡੀ.ਐਮਜ ਡਾ. ਇਸਮਤ ਵਿਜੇ ਸਿੰਘ, ਕਿਰਪਾਲਵੀਰ ਸਿੰਘ, ਹਰਜੋਤ ਕੌਰ, ਰਿਚਾ ਗੋਇਲ ਸਮੇਤ ਲੋਕ ਨਿਰਮਾਣ, ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਮੌਜੂਦ ਸਨ।

# ਤਰਨ ਤਾਰਨ ਜ਼ਿਮਨੀ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ ਨਾਲ ਸਮੀਖਿਆ ਮੀਟਿੰਗ




**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਤਰਨ ਤਾਰਨ ਸੀਟ ਦੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ- ਕਮ- ਜ਼ਿਲ੍ਹਾ ਚੋਣ ਅਧਿਕਾਰੀ ਰਾਹੁਲ, ਐੱਸ.ਐੱਸ.ਪੀ ਡਾ. ਰਵਜੋਤ ਗਰੇਵਾਲ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨਾਲ ਵੀਡਿਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਸਿਬਿਨ ਸੀ ਨੇ ਤਰਨ ਤਾਰਨ ਸੀਟ ਦਾ ਇਲਾਕਾ ਕੌਮਾਂਤਰੀ ਸਰਹੱਦੀ ਨਾਲ ਲੱਗਦੇ ਹੋਣ ਕਰਕੇ ਵਧੇਰੇ ਚੌਕਸੀ ਵਧਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਵੋਟਾਂ ਤੋਂ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਹਰ ਗਤੀਵਿਧੀ ਉੱਤੇ ਨਜ਼ਰ ਰੱਖੀ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਚੋਣ ਜ਼ਾਬਤਾ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ ਨੂੰ ਵੀ ਸਮਾਂਬੱਧ ਤਰੀਕੇ ਨਾਲ ਨਿਪਟਾਇਆ ਜਾਵੇ।

ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਪੋਲਿੰਗ ਬੂਥਾਂ, ਕਾਊਂਟਿੰਗ ਹਾਲ ਅਤੇ ਸਟਰਾਂਗ ਰੂਮ ਵਿੱਚ ਢੁਕਵੇਂ ਪ੍ਰਬੰਧ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਨੇ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ ▾ਤੇ ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਪਖਾਨਿਆਂ ਅਤੇ ਦਿਵਿਆਂਗ ਵੋਟਰਾਂ ਲਈ ਵ੍ਹੀਲ ਚੇਅਰਾਂ ਆਦਿ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਸਿਬਿਨ ਸੀ ਨੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਕੈਮਰੇ ਲਗਾ ਕੇ 100 ਫ਼ੀਸਦੀ ਵੈੱਬਕਾਸਟਿੰਗ ਯਕੀਨੀ ਬਣਾਉਣ ਅਤੇ ਸਵੀਪ ਗਤੀਵਿਧੀਆਂ ਵਧਾਉਣ ਲਈ ਕਿਹਾ ਤਾਂ ਜੋ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ।

ਸਿਬਿਨ ਸੀ ਨੇ ਐੱਸਐੱਸਪੀ ਨੂੰ ਸਖ਼ਤੀ ਵਧਾਉਣ ਅਤੇ ਨਾਕਿਆਂ ਉੱਤੇ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਨਿਗਰਾਨੀ ਰੱਖਣ ਦੇ ਆਦੇਸ਼ ਦਿੱਤੇ ਤਾਂ ਜੋ ਡਰੱਗ, ਸ਼ਰਾਬ, ਨਕਦੀ ਅਤੇ ਹੋਰ ਸਮਾਨ ਦੀ ਗੈਰ-ਕਾਨੂੰਨੀ ਤਸਕਰੀ ਉੱਤੇ ਨੱਥ ਪਾਈ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਵੋਟਾਂ ਦੌਰਾਨ ਵੋਟਰਾਂ ਨੂੰ ਭਰਮਾਉਣ ਲਈ ਜੇਕਰ ਕੋਈ ਨਕਦੀ ਜਾਂ ਕਿਸੇ ਹੋਰ ਤਰ੍ਹਾਂ ਦਾ ਸਮਾਨ (ਫ੍ਰੀ ਬੀਜ਼) ਵੰਡਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਖਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸੀ-ਵਿਜ਼ਿਲ ਐਪ ਪ੍ਰਤੀ ਲੋਕਾਂ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਵੋਟਰ ਬਿਨਾਂ ਡਰ-ਭੈਅ ਦੇ ਇਸ ਐਪ ਉੱਤੇ ਸ਼ਿਕਾਇਤ ਦਰਜ ਕਰਵਾ ਸਕਣ।

ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਧਿਕਾਰੀ ਅਤੇ ਐੱਸ.ਐੱਸ.ਪੀ ਨੇ ਦੱਸਿਆ ਕਿ ਵੋਟਿੰਗ ਲਈ ਕੁੱਲ 114 ਥਾਵਾਂ ਉੱਤੇ 222 (ਸ਼ਹਿਰੀ 60 ਅਤੇ ਪੇਂਡੂ 162) ਪੋਲਿੰਗ ਬੂਥ ਬਣਾਏ ਗਏ ਹਨ। ਇਨ੍ਹਾਂ ਵਿੱਚੋਂ ਹੁਣ ਤੱਕ 100 ਪੋਲਿੰਗ ਬੂਥਾਂ ਨੂੰ ਸੰਵੇਦਨਸ਼ੀਲ ਐਲਾਨਿਆ ਗਿਆ ਹੈ। ਇਸ ਤੋਂ ਇਲਾਵਾ ਕੌਮਾਂਤਰੀ ਸਰਹੱਦ ਨੇੜਲੇ ਪਿੰਡਾਂ ਵਿੱਚ ਇੱਕ ਦਰਜਨ ਤੋਂ ਵੱਧ ਪੋਲਿੰਗ ਬੂਥ ਬਣਾਏ ਗਏ ਹਨ, ਜਿਨ੍ਹਾਂ ਉੱਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਹੁਣ ਤੱਕ 1435 ਪੁਲਿਸ ਮੁਲਾਜ਼ਮ ਅਤੇ ਹੋਰ ਸੁਰੱਖਿਆ ਬਲ ਤਾਇਨਾਤ ਕੀਤੇ ਜਾ ਚੁੱਕੇ ਹਨ।

ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬੰਦੋਬਸਤ ਮਜ਼ਬੂਤ ਕਰਨ ਦੇ ਮਕਸਦ ਨਾਲ ਕਪੂਰਥਲਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਨਾਲ ਲੱਗਦੀ ਸਰਹੱਦ ਉੱਤੇ 6 ਨਾਕੇ ਹੁਣ ਤੋਂ ਹੀ ਲਗਾ ਦਿੱਤੇ ਗਏ ਹਨ, ਜਿੱਥੇ 24 ਘੰਟੇ ਹਰ ਗਤੀਵਿਧੀ ▾ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। । ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਰਜ ਕਰਵਾਉਣ ਲਈ 1950 ਨੰਬਰ ਚਾਲੂ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹਲਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ ਉੱਤੇ ਨਜ਼ਰ ਰੱਖਣ ਲਈ 6 ਫਲਾਇੰਗ ਸਕੁਐਡ ਦੀਆਂ ਟੀਮਾਂ ਅਤਿ ਆਧੁਨਿਕ ਗੱਡੀਆਂ ਸਮੇਤ ਸੜਕਾਂ ਉੱਤੇ 24 ਘੰਟੇ ਨਿਗਰਾਨੀ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਅਨੁਸਾਰ ਜ਼ਿਮਨੀ ਚੋਣ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਹਲਕੇ ਵਿੱਚ 9 ਮਾਡਲ ਪੋਲਿੰਗ ਬੂਥ ਅਤੇ ਮਹਿਲਾਵਾਂ ਨੂੰ ਸਮਰਪਿਤ 3 ਪੋਲਿੰਗ ਬੂਥ ਬਣਾਏ ਜਾਣਗੇ।

# ਬ੍ਰਿਟਿਸ਼ ਕੋ ਐਡ ਸਕੂਲ ਦੇ ਲੜਕਿਆਂ ਨੇ ਬਲਾਕ ਪੱਧਰੀ ਫੁੱਟਬਾਲ ਟੂਰਨਾਮੈਂਟ ਵਿੱਚ ਜਿੱਤਿਆ ਗੋਲਡ ਮੈਡਲ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਪਟਿਆਲਾ-2 ਦਾ ਬਲਾਕ ਪੱਧਰੀ ਫੁੱਟਬਾਲ ਟੂਰਨਾਮੈਂਟ ਸਰਕਾਰੀ ਐਲੀਮੈਂਟਰੀ ਸਕੂਲ ਅਰਾਈ ਮਾਜਰਾ ਪਟਿਆਲਾ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਸੈਂਟਰਾਂ ਦੀਆਂ ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦੇ ਸਾਰੇ ਹੀ ਮੈਚ ਬਹੁਤ ਹੀ ਰੋਮਾਂਚਕ ਰਹੇ। ਲੜਕਿਆਂ ਦੇ ਅੰਡਰ-11 ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਸੈਂਟਰ ਮਲਟੀਪਰਪਜ਼ ਅਤੇ ਸੈਂਟਰ ਵਿਕਟੋਰੀਆਂ ਵਿਚਕਾਰ ਹੋਇਆ। ਸੈਂਟਰ ਵਿਕਟੋਰੀਆਂ ਨੇ ਸੈਂਟਰ ਮਲਟੀਪਰਪਜ਼ ਨੂੰ 1-0 ਦੇ ਗੋਲ ਅੰਤਰ ਨਾਲ ਹਰਾ ਕੇ ਗੋਲਡ ਮੈਡਲ ਹਾਸਲ ਕੀਤਾ। ਸੈਂਟਰ ਵਿਕਟੋਰੀਆ ਦੀ ਅੰਡਰ-11 ਲੜਕਿਆਂ ਦੀ ਟੀਮ ਵਿੱਚ ਬ੍ਰਿਟਿਸ਼ ਕੋ ਐਡ ਸਕੂਲ ਦਾ ਮਨਕੀਰਤ ਸਿੰਘ ਮੱਲਣ, ਰਿਤਿਸ਼ ਸਿੰਗਲਾ, ਰੁਦਰ ਸ਼ਰਮਾ, ਗੁਰਨਿਵਾਜ਼ ਸਿੰਘ, ਜੈਕਸ ਅਗਰਵਾਲ, ਉਦੇਵੀਰ ਸਿੰਘ, ਜਪਤੇਸ ਸਿੰਘ, ਪ੍ਰਭਗੀਤ ਸਿੰਘ, ਆਦਵਿਕ ਗੋਇਲ, ਲਵਰਾਜ ਸਿੰਘ, ਸੂਰਜ ਸਿੰਘ ਸਿੱਧੂ ਅਤੇ ਗੁਰਵੰਸ਼ ਸਿੰਘ ਮਾਟਾ ਸ਼ਾਮਲ ਸਨ। ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਨੇ ਕਿਹਾ ਕਿ ਬਲਾਕ ਪਟਿਆਲਾ-2 ਵਿਖੇ ਪ੍ਰਾਇਮਰੀ ਖੇਡਾਂ ਅਤੇ ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਦੀ ਰਿਫਰੈਸ਼ਮੈਂਟ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਮਿਸ ਸੰਦੀਪ ਕੌਰ ਜੀ (ਟੀਚਰ, ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ) ਨੇ ਕਿਹਾ ਕਿ ਉਹਨਾਂ ਦੇ ਸਕੂਲ ਦੇ ਖਿਡਾਰੀ ਪਿਛਲੇ ਕਾਫੀ ਸਮੇਂ ਤੋਂ ਇਸ ਟੂਰਨਾਮੈਂਟ ਦੀ ਤਿਆਰੀ ਕਰ ਰਹੇ ਸਨ, ਜਿਸ ਦੇ ਨਤੀਜੇ ਵੱਜੋਂ ਉਹਨਾਂ ਨੂੰ ਇਹ ਸਫਲਤਾ ਮਿਲੀ ਹੈ। ਮਿਸ ਕਿਰਨਜੋਤ ਕੌਰ ਜੀ (ਟੀਚਰ, ਬ੍ਰਿਟਿਸ਼ ਕੋ ਐਡ ਸਕੂਲ ਪਟਿਆਲਾ) ਨੇ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਉਹਨਾਂ ਦੇ ਸਕੂਲ ਦੇ ਖਿਡਾਰੀ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੀ ਚੰਗਾ ਪ੍ਰਦਰਸ਼ਨ ਕਰਨਣਗੇ। ਇਸ ਮੌਕੇ ਤੇ ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਪੂਰਨ ਸਿੰਘ,ਸ੍ਰੀ ਆਦਰਸ਼ ਬਾਂਸਲ, ਸ੍ਰੀ ਜਸਪਿੰਦਰ ਸਿੰਘ, ਮਿਸ ਸ਼ੈਲੀ, ਸ੍ਰੀ ਅਮਨਦੀਪ ਸਿੰਘ ਅਤੇ ਹੋਰ ਅਧਿਆਪਕ ਮੋਜੂਦ ਸਨ।

# ਸਰਕਾਰ ਪਟਿਆਲਾ-ਸਰਹਿੰਦ ਸੜਕ ਨੂੰ ਚੌੜਾ ਕਰਨ ਦੇ ਕਾਰਜ ਨੂੰ ਜਲਦ ਮੁਕੰਮਲ ਕਰੇ : ਪ੍ਰੋਂ ਬਡੂੰਗਰ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਰਕਾਰ ਵੱਲੋਂ ਪਟਿਆਲਾ-ਸਰਹਿੰਦ ਸੜਕ ਨੂੰ ਚੌੜਾ ਕਰਨ ਦੇ ਕਾਰਜ ਦੀ ਸ਼ਲਾਘਾ ਕਰਦਿਆਂ ਇਸ ਕੰਮ ਨੂੰ ਜਲਦ ਮੁਕੰਮਲ ਕਰਨ ਲਈ ਆਖਿਆ ਹੈ।

ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪਟਿਆਲਾ-ਸਰਹਿੰਦ ਸੜਕ ਨੂੰ ਚੌੜਾ ਕਰਨ ਦਾ ਕੰਮ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ ਅਤੇ ਜੇਕਰ ਸਰਕਾਰ ਇਸ ਸੜਕ ਦੇ ਕੰਮ ਨੂੰ ਸ਼ਹੀਦੀ ਜੋੜ ਮੇਲ ਤੋਂ ਪਹਿਲਾਂ 30 ਨਵੰਬਰ ਤੱਕ ਮੁਕੰਮਲ ਕਰ ਲਵੇ ਤਾਂ ਅਚਾਨਕ ਵਾਪਰਦੇ ਸੜਕ ਹਾਦਸੇ ਅਤੇ ਹਾਦਸੇ ਦੌਰਾਨ ਅਜਾਈਂ ਜਾਂਦੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਪਿਛਲੇ ਸਮਿਆਂ ਵਿਚ ਅਨੇਕਾਂ ਹੀ ਸੜਕ ਹਾਦਸੇ ਇਸ ਤੰਗ ਸੜਕ ਕਾਰਨ ਵਾਪਰੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਸੜਕ ਨੂੰ ਚੌੜਾ ਕਰਨ ਦੇ ਕੰਮ ਦੇ ਨਾਲ ਨਾਲ ਇਸ ਸੜਕ ਉਪਰ ਡਿਵਾਈਡਰ ਨੂੰ ਵੀ ਬਣਵਾ ਦੇਵੇ ਤਾਂ ਜੋ ਇਸ ਸੜਕ ਉਪਰੋਂ ਲੰਘਦੇ ਤੇਜ਼ ਗਤੀ ਵਾਲੇ ਵਾਹਨ ਅਤੇ ਮੁਸਾਫਰ ਆਪੋ ਆਪਣੀਆਂ ਮੰਜਿਲ਼ਾਂ ਤੇ ਸਮੇਂ ਸਿਰ ਪੁੱਜ ਜਾਣ।

ਪ੍ਰੋਂ ਬਡੂੰਗਰ ਨੇ ਸਰਕਾਰ ਦੇ ਧਿਆਨ ਵਿਚ ਇਹ ਵੀ ਲਿਆਂਦਾ ਹੈ ਕਿ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾ ਰਹੀ ਅਤੇ ਇਸ ਸਬੰਧ ਵਿਚ ਵੱਖ ਵੱਖ ਥਾਵਾਂ ਤੋਂ ਨਗਰ ਕੀਰਤਨ ਵੀ ਕੱਢੇ ਜਾ ਰਹੇ ਹਨ, ਜਿਸ ਤਹਿਤ ਸਰਕਾਰ ਵੀ 350 ਸਾਲਾਂ ਸ਼ਹੀਦੀ ਸਮਾਗਮਾਂ ਦੇ ਕਾਰਜਾਂ ਵਿਚ ਜੁਟੀ ਨਜ਼ਰ ਆ ਰਹੀ ਹੈ। ਸਾਬਕਾ ਪ੍ਰਧਾਨ ਪ੍ਰੋਂ ਬਡੂੰਗਰ ਨੇ ਕਿਹਾ ਕਿ ਇਸ ਨਾਲੋਂ ਵੀ ਚੰਗਾ ਹੋਵੇਗਾ ਕਿ ਸਰਕਾਰ ਪਟਿਆਲਾ-ਸਰਹਿੰਦ ਰੋਡ ਦਾ ਨਾਮ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਐਲਾਨ ਦੇਵੇ, ਜਿਸ ਨਾਲ ਸਰਕਾਰ ਵੱਲੋਂ ਕੀਤਾ ਜਾਣਾ ਵਾਲਾ ਇਹ ਵੀ ਕਾਰਜ ਸਦੀਵੀ ਯਾਦਗਾਰੀ ਕਾਰਜ ਹੋ ਨਿਬੜੇਗਾ। ਪ੍ਰੋਂ ਬਡੂੰਗਰ ਨੇ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਪਟਿਆਲਾ-ਸਰਹਿੰਦ ਮਾਰਗ ਦੇ ਸੜਕੀ ਕਾਰਜ ਨੂੰ ਜਲਦ ਮੁਕੰਮਲ ਕਰੇ ਅਤੇ ਇਸ ਮਾਰਗ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਹੇਠ ਸਮਰਪਿਤ ਕਰ ਦੇਵੇ।

# ਸ਼ੋਰ ਪ੍ਰਦੂਸ਼ਨ ਨੂੰ ਬੰਦ ਕਰਵਾਉਣ ’ਚ ਪ੍ਰਸ਼ਾਸਨ ਹੋ ਰਿਹੈ ਨਕਾਮ ਸਾਬਤ

**ਪਾਤੜਾਂ, 15 ਅਕਤੂਬਰ/ਸਤਪਾਲ ਬਾਂਸਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਸ਼ਹਿਰ ਅੰਦਰ ਟੈਂਪੂਆਂ ਤੇ ਫਰੂਟ ਲੱਦੀ ਫਿਰਦੇ ਉੱਚੀ ਉੱਚੀ ਅਵਾਜ਼ ਵਿੱਚ ਲਗਾਏ ਸਪੀਕਰ ਸ਼ਹਿਰ ਵਾਸੀਆਂ ਲਈ ਸਿਰਦਰਦੀ ਦਾ ਕਾਰਨ ਬਣੇ ਹੋਏ ਹਨ ਜਿਸ ਨੂੰ ਪ੍ਰਸ਼ਾਸਨ ਬੰਦ ਕਰਾਉਣ ਵਿੱਚ ਨਕਾਮ ਸਾਬਤ ਹੋ ਰਿਹਾ ਹੈ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਹਰ ਰੋਜ਼ ਦਿਨ ਚੜਦੇ ਹੀ ਜਾਖਲ ਰੋਡ ਅਤੇ ਪਟਿਆਲਾ ਰੋਡ ਤੇ ਬਿਨਾਂ ਕਿਸੇ ਮਨਜ਼ੂਰੀ ਦੇ ਟੈਂਪੂਆਂ ਤੇ ਫਰੂਟ ਅਤੇ ਸਬਜ਼ੀਆਂ ਲੱਦ ਕੇ ਉੱਚੀ ਆਵਾਜ਼ ਵਿੱਚ ਲਗਾਏ ਹੋਏ ਸਪੀਕਰ ਜਿੱਥੇ ਸੋਰ ਪ੍ਰਦੂਸ਼ਣ ਫੈਲਾ ਰਹੇ ਹਨ ਉਥੇ ਹਾਦਸਿਆਂ ਨੂੰ ਵੀ ਸੱਦਾ ਦੇ ਰਹੇ ਹਨ।

# ਚੇਅਰਮੈਨ ਰਣਜੋਧ ਹਡਾਣਾ ਐਕਸ਼ਨ ਮੋਡ ’ਚ, ਨਜਾਇਜ਼ ਕਬਜਾ ਧਾਰਕਾਂ ’ਤੇ ਕਰਵਾਈ ਮੌਕੇ ’ਤੇ ਕਾਰਵਾਈ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੀ ਸਬਜ਼ੀ ਮੰਡੀ ਵਿਖੇ ਹਲਕਾ ਇੰਚਾਰਜ ਸਨੌਰ ਅਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਹਡਾਣਾ ਵੱਲੋਂ ਆੜਤੀ ਵੈਲਫੇਅਰ ਸੁਸਾਇਟੀ ਦੇ ਨੁਮਾਂਇੰਦਿਆਂ ਅਤੇ ਮੰਡੀ ਦੇ ਹੋਰ ਵਪਾਰੀਆਂ ਨਾਲ ਪ੍ਰਬੰਧਾਂ ਨੂੰ ਲੈ ਕੇ ਵਿਸ਼ੇਸ਼ ਗੱਲਬਾਤ ਕੀਤੀ ਗਈ। ਹਡਾਣਾ ਨੇ ਮੰਡੀ ਅੰਦਰ ਮੌਜੂਦ ਗੰਦਗੀ ਅਤੇ ਨਜਾਇਜ ਕਬਜਿਆਂ ਨੂੰ ਹਟਾਉਣ ਦੇ ਵੀ ਸਖ਼ਤ ਨਿਰਦੇਸ਼ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵੀ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਮੰਡੀ ਦੀ ਸਫਾਈ ਅਤੇ ਪ੍ਰਬੰਧਾਂ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਹਡਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੰਡੀ ਵਿੱਚ ਜਿੱਥੇ ਵੀ ਨਜਾਇਜ਼ ਕਬਜ਼ਿਆਂ ਨੂੰ ਖਾਲੀ ਕਰਵਾ ਕੇ ਮੰਡੀ ਨੂੰ ਸਾਫ਼-ਸੁਥਰਾ ਰੱਖਣ ਲਈ ਬਣਦੀ ਜਲਦ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀ ਕਿਸੇ ਇੱਕ ਵਿਅਕਤੀ ਦੀ ਨਹੀਂ, ਸਗੋਂ ਸਾਰੇ ਆੜ੍ਹਤੀਆਂ ਅਤੇ ਕਿਸਾਨ ਭਰਾਵਾਂ ਦੀ ਸਾਂਝੀ ਜਗ੍ਹਾ ਹੈ, ਇਸ ਲਈ ਇਸਦੀ ਸੰਭਾਲ ਸਾਂਝੀ ਜ਼ਿੰਮੇਵਾਰੀ ਹੈ।

ਉਨ੍ਹਾਂ ਮੰਡੀ ਵਿੱਚ ਰੌਸ਼ਨੀ ਦੇ ਪ੍ਰਬੰਧਾਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਰਾਤ ਦੇ ਸਮੇਂ ਮੰਡੀ ਵਿੱਚ ਪੂਰੀ ਰੌਸ਼ਨੀ ਹੋਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਅਤੇ ਖਰੀਦਦਾਰਾਂ ਨੂੰ ਕੋਈ ਮੁਸ਼ਕਲ ਨਾ ਆਵੇ। ਇਸ ਲਈ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਵੀ ਲਾਈਟਾਂ ਦੀ ਜਾਂਚ ਕਰਕੇ ਤੁਰੰਤ ਬਦਲਣ ਦੇ ਵੀ ਆਦੇਸ਼ ਦੇ ਦਿੱਤੇ ਹਨ. ਇਸ ਮੌਕੇ ਹਡਾਣਾ ਨੇ ਮੰਡੀ ਦੇ ਵਿਕਾਸ ਦੇ ਬਾਕੀ ਰਹਿੰਦੇ ਕੰਮਾਂ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਾਰੇ ਬਕਾਇਆ ਕੰਮ ਜਲਦ ਹੀ ਪੂਰੇ ਕੀਤੇ ਜਾਣਗੇ ਤਾਂ ਜੋ ਮੰਡੀ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਸੁਵਿਧਾਵਾਂ ਮਿਲ ਸਕਣ।

ਚੇਅਰਮੈਨ ਨੇ ਮੰਡੀ ਦੇ ਸਾਰੇ ਨੁਮਾਇੰਦਿਆਂ ਨੂੰ ਇਕੱਠੇ ਬੈਠ ਕੇ ਮਿਲਜੁਲ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਜਦੋਂ ਸਾਰੇ ਇਕਮੱਤ ਹੋ ਕੇ ਚੱਲਣਗੇ, ਤਦ ਹੀ ਸਾਰੀ ਮੰਡੀ ਦਾ ਚਿਹਰਾ ਬਦਲਿਆ ਜਾ ਸਕਦਾ ਹੈ ਅਤੇ ਕਿਸਾਨਾਂ ਲਈ ਵਧੀਆ ਵਾਤਾਵਰਣ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀ ਸਿਰਫ਼ ਕਾਰੋਬਾਰ ਦੀ ਜਗ੍ਹਾ ਨਹੀਂ ਸਗੋਂ ਕਿਸਾਨਾਂ ਦੀ ਆਸ ਤੇ ਆਮਦਨ ਦਾ ਕੇਂਦਰ ਹੈ, ਇਸਦੀ ਸੰਭਾਲ ਤੇ ਵਿਕਾਸ ਸਭ ਦੀ ਜ਼ਿੰਮੇਵਾਰੀ ਹੈ। ਅੰਤ ਵਿੱਚ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜਿਹੜਾ ਵੀ ਕਰਮਚਾਰੀ ਜਾਂ ਵਿਅਕਤੀ ਮੰਡੀ ਦੀ ਸਫ਼ਾਈ ਜਾਂ ਪ੍ਰਬੰਧਾਂ ਵਿੱਚ ਰੁਕਾਵਟ ਪੈਦਾ ਕਰੇਗਾ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ।

# ਕਾਗ਼ਜ਼ੀ ਕਾਰਵਾਈ ਦੀ ਲੋੜ ਖ਼ਤਮ ਹੋਈ, ਆਟੋ-ਫੈਚਿੰਗ ਨਾਲ ਹੁਣ ਦਸਤਾਵੇਜ਼ ਵਾਰ-ਵਾਰ ਜਮ੍ਹਾਂ ਨਹੀਂ ਕਰਾਉਣੇ ਪੈਣਗੇ: ਅਮਨ ਅਰੋੜਾ



**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤੇ ਤਕਨੀਕ ਮੰਤਰੀ ਅਮਨ ਅਰੋੜਾ ਨੇ ਅੱਜ ਇੱਥੇ ਦੱਸਿਆ ਕਿ ਪੰਜਾਬ ਨੂੰ ਡਿਜੀਟਲ ਤੌਰ ’ਤੇ ਸਮਰੱਥ ਬਣਾਉਣ ਅਤੇ ਲੋਕਾਂ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ-ਮੁਕਤ ਸੇਵਾਵਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ’ਯੂਨੀਫਾਈਡ ਸਿਟੀਜ਼ਨ ਪੋਰਟਲ’ ਨੂੰ ਸ਼ੁਰੂ ਕਰਨ ਵਾਲਾ ਮੋਹਰੀ ਸੂਬਾ ਬਣਨ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਿੰਗਲ-ਵਿੰਡੋ ਪਲੇਟਫਾਰਮ ਯਾਨੀਕਿ ’ਯੂਨੀਫਾਈਡ ਸਿਟੀਜ਼ਨ ਪੋਰਟਲ’ ਰਾਹੀਂ ਸੂਬੇ ਦੇ ਲੋਕਾਂ ਦੀ ਵੱਖ-ਵੱਖ ਵਿਭਾਗਾਂ ਦੀਆਂ ਸਰਕਾਰੀ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਯਕੀਨੀ ਬਣੇਗੀ।

ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤੇ ਤਕਨੀਕ ਵਿਭਾਗ ਨੇ ਇਸ ਨਵੇਂ ਸਿਟੀਜ਼ਨ ਪੋਰਟਲ ਦੀ ਵਿਆਪਕ ਡਿਜ਼ਾਈਨਿੰਗ, ਵਿਕਾਸ, ਲਾਗੂਕਰਨ ਅਤੇ ਰੱਖ-ਰਖਾਅ ਲਈ ਈ-ਕਨੈਕਟ ਸਾਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਨਾਲ 13 ਕਰੋੜ ਰੁਪਏ ਦਾ ਸਮਝੌਤਾ ਸਹੀਬੱਧ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਹ ਪੋਰਟਲ ਛੇ ਮਹੀਨਿਆਂ ਦੇ ਅੰਦਰ ਤਿਆਰ ਕਰਕੇ ਸ਼ੁਰੂ ਕਰ ਦਿੱਤਾ ਜਾਵੇਗਾ ਜਿਸ ਨਾਲ ਸਰਕਾਰੀ ਸੇਵਾਵਾਂ ਤੱਕ ਲੋਕਾਂ ਦੀ ਵਧੇਰੇ ਆਸਾਨ ਪਹੁੰਚ ਯਕੀਨੀ ਬਣੇਗੀ ਅਤੇ ਲੋਕਾਂ ਨੂੰ ਕੁਸ਼ਲ ਅਤੇ ਜਵਾਬਦੇਹੀ ਪ੍ਰਣਾਲੀ ਤਹਿਤ ਸੇਵਾਵਾਂ ਮਿਲਗੀਆਂ। ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰਾਂ ਤੋਂ ਇਲਾਵਾ ਨਾਗਰਿਕ ਹੁਣ ਸਿਟੀਜ਼ਨ ਪੋਰਟਲ ਪਹਿਲ ਤਹਿਤ ਘਰ ਬੈਠੇ ਹੀ ਵੈਬ, ਮੋਬਾਈਲ ਐਪ ਅਤੇ ਵੱਟਸਐਪ ਰਾਹੀਂ ਸੇਵਾਵਾਂ ਲੈ ਸਕਣਗੇ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵਾਂ ਸਿਟੀਜ਼ਨ ਪੋਰਟਲ ਸਾਰੀਆਂ ਸਰਕਾਰੀ ਸੇਵਾਵਾਂ ਲਈ ਇੱਕ ਸਿੰਗਲ, ਏਕੀਕ੍ਰਿਤ ਡਿਜੀਟਲ ਗੇਟਵੇ ਹੋਵੇਗਾ, ਜੋ ਨਾਗਰਿਕਾਂ ਨੂੰ ਵਧੇਰੇ ਆਸਾਨ ਢੰਗ ਨਾਲ ਸੇਵਾਵਾਂ ਪ੍ਰਦਾਨ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ ਇਹ ਹੋਵੇਗੀ ਕਿ ਲੋਕਾਂ ਨੂੰ ਸੇਵਾਵਾਂ ਲੈਣ ਲਈ ਵਾਰ-ਵਾਰ ਦਸਤਾਵੇਜ਼ ਜ਼ਮ੍ਹਾਂ ਕਰਾਉਣ ਦੇ ਝੰਝਟ ਤੋਂ ਛੁਟਕਾਰਾ ਮਿਲੇਗਾ ਕਿਉਂਕਿ ਇਸ ਪ੍ਰਣਾਲੀ ਤਹਿਤ ਸਬੰਧਤ ਬਿਨੈਕਾਰ ਵੱਲੋਂ ਕਿਸੇ ਵੀ ਸੇਵਾ ਲਈ ਪਹਿਲਾਂ ਜਮ੍ਹਾਂ ਕਰਵਾਏ ਗਏ ਲੋੜੀਂਦੇ ਦਸਤਾਵੇਜ਼ ਨੂੰ ਇਹ ਸਿਸਟਮ ਆਟੋ-ਫੈੱਚ (ਆਪਣੇ-ਆਪ ਹਾਸਲ) ਕਰੇਗਾ। ਉਨ੍ਹਾਂ ਦੱਸਿਆ ਕਿ ਇੱਕ ਵਾਰ ਜਦੋਂ ਕੋਈ ਨਾਗਰਿਕ ਕਿਸੇ ਵੀ ਕਿਸਮ ਦੀ ਸੇਵਾ ਲਈ ਦਸਤਾਵੇਜ਼ ਅਪਲੋਡ ਕਰਦਾ ਹੈ ਤਾਂ ਭਵਿੱਖ ਵਿੱਚ ਕਿਸੇ ਵੀ ਐਪਲੀਕੇਸ਼ਨ ਲਈ ਇਹ ਖੁਦ ਹੀ ਆਟੋ-ਫੈਚ ਹੋ ਜਾਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਏਕੀਕ੍ਰਿਤ ਸਿਟੀਜ਼ਨ ਪੋਰਟਲ ਸਾਰੀਆਂ ਸਰਕਾਰੀ ਸੇਵਾਵਾਂ ਲਈ ਵਨ-ਸਟਾਪ ਸਾਲਿਊਸ਼ਨ ਪੇਸ਼ ਕਰੇਗਾ, ਜਿਸ ਨਾਲ ਨਾਗਿਰਕਾਂ ਨੂੰ ਵੱਖ-ਵੱਖ ਵੈੱਬਸਾਈਟਾਂ ’ਤੇ ਵਿਜ਼ਟ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਏ.ਆਈ ਆਧਾਰਤ ਵਰਕਫਲੋਅ ਪ੍ਰਣਾਲੀ ਤੁਰੰਤ ਫ਼ੈਸਲੇ ਲੈਣ ਅਤੇ ਸੇਵਾ ਪ੍ਰਦਾਨ ਕਰਨ ਦੇ ਸਮੇਂ ਨੂੰ ਘਟਾਉਣਾ ਯਕੀਨੀ ਬਣਾਏਗੀ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਪਹਿਲਕਦਮੀ ਨਾਲ ਪੰਜਾਬ ਸਰਕਾਰ ਲਗਭਗ 600 ਆਫਲਾਈਨ ਸੇਵਾਵਾਂ ਨੂੰ ਆਨਲਾਈਨ ਪਲੇਟਫਾਰਮਾਂ ’ਤੇ ਸ਼ੁਰੂ ਕਰਕੇ ਡਿਜੀਟਲ ਸ਼ਾਸਨ ਵਿੱਚ ਕ੍ਰਾਂਤੀ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਪੰਜਾਬ ਜਨਤਕ ਸੇਵਾਵਾਂ ਦੀ ਡਿਲੀਵਰੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ 2018 ਤਹਿਤ 848 ਸੇਵਾਵਾਂ ਨੂੰ ਨੋਟੀਫ਼ਾਈ ਕੀਤਾ ਗਿਆ ਹੈ ਅਤੇ 236 ਸੇਵਾਵਾਂ ਪਹਿਲਾਂ ਹੀ ਕਨੈਕਟ ਪੋਰਟਲ ’ਤੇ ਉਪਲਬਧ ਹਨ। ਇਸ ਪਹਿਲਕਦਮੀ ਨਾਲ ਸਾਲਾਨਾ ਲਗਭਗ ਇੱਕ ਕਰੋੜ ਬਿਨੈਕਾਰਾਂ ਨੂੰ ਲਾਭ ਹੋਵੇਗਾ। ਨਾਗਰਿਕ ਆਪਣੇ ਘਰ ਬੈਠੇ ਹੀ ਸਰਕਾਰੀ ਸੇਵਾਵਾਂ ਤੱਕ ਆਸਾਨ ਪਹੁੰਚ ਕਰ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਸਰਕਾਰੀ ਦਫਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਪਵੇਗੀ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਬਿਹਤਰੀਨ ਸ਼ਾਸਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਤਕਨਾਲੋਜੀ-ਅਧਾਰਤ ਹੱਲ ਸੂਬੇ ਦੇ ਸਾਰੇ ਨਾਗਰਿਕਾਂ ਨੂੰ ਕੁਸ਼ਲ, ਪਾਰਦਰਸ਼ੀ ਅਤੇ ਸੁਖਾਲੇ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਉਣਗੇ। ਏ.ਆਈ. ਆਧਾਰਤ ਸਿਟੀਜ਼ਨ ਪੋਰਟਲ ਜਲਦ ਫ਼ੈਸਲੇ ਲੈਣ ਅਤੇ ਉਡੀਕ ਦੇ ਸਮੇਂ ਨੂੰ ਘਟਾਉਂਦਿਆਂ ਸੁਚਾਰੂ ਅਤੇ ਜਵਾਬਦੇਹ ਸ਼ਾਸਨ ਨੂੰ ਯਕੀਨੀ ਬਣਾਏਗਾ।

# ਬੱਜਰੀ ਨਾਲ ਭਰਿਆ ਚਾਲੂ ਟਿੱਪਰ ਛੱਡ ਕੇ ਰੀਚਾਰਜ ਕਰਵਾਉਣ ਲੱਗ ਪਿਆ ਡਰਾਈਵਰ, ਫਿਰ ਵੇਖੋ ਕੀ ਬਣਿਆ

ਦੀਨਾਨਗਰ, 15 ਅਕਤੂਬਰ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡ ਚਾਵਾ ਨੇੜੇ ਗੁਰਦਾਸਪੁਰ ਮੁਕੇਰੀਆਂ ਰੋਡ 'ਤੇ ਸੜਕਾਂ ਬਣਾਉਣ ਵਾਲੀ ਇੱਕ ਕੰਪਨੀ (ਜੇ. ਕੇ. ਬੀ.) ਜਿਸ ਵਿੱਚ ਪ੍ਰੀ ਮਿਕਸ ਭਰਿਆ ਸੀ ਨੇ ਪਹਿਲਾਂ ਇੱਕ ਜੂਸ ਵਾਲੀ ਰੇਹੜੀ ਪਲਟਾਈ ਅਤੇ ਫਿਰ ਇੱਕ ਗਰੀਬ ਪ੍ਰਵਾਸੀ ਪਰਿਵਾਰ ?ਦਾ ਮੂੰਗਫਲੀ ਵਾਲਾ ਖੋਖਾ ਦਰੜ ਦਿੱਤਾ। ਜਾਣਕਾਰੀ ਅਨੁਸਾਰ ਡਰਾਈਵਰ ਚਾਲੂ ਟਿੱਪਰ ਖੜ੍ਹਾ ਕਰਕੇ ਨੇੜੇ ਦੀ ਦੁਕਾਨ 'ਤੇ ਮੋਬਾਇਲ ਰੀਚਾਰਜ ਕਰਵਾਉਣ ਚਲਾ ਗਿਆ ਅਤੇ ਉਸਨੇ ਹੈਂਡ ਬ੍ਰੇਕ ਵੀ ਨਹੀਂ ਸੀ ਲਗਾਈ। ਉਤਰਾਈ ਹੋਣ ਕਾਰਨ ਟਿੱਪਰ ਰਿੜ ਗਿਆ ਤੇ ਪਹਿਲਾਂ ਮਿਲਕ ਸ਼ੇਕ, ਆਈਸਕ੍ਰੀਮ ਵਾਲੀ ਰੇਹੜੀ ਅਤੇ ਫੇਰ ਮੂੰਗਫਲੀ ਦੇ ਖੋਖੇ ਨੂੰ ਲਪੇਟ ਵਿੱਚ ਲੈ ਲਿਆ। ਗਨੀਮਤ ਰਹੀ ਕਿ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਖੋਖੇ ਦਾ ਮਾਲਕ ਰਾਮਪਾਲ ਉਸ ਸਮੇਂ ਉੱਥੇ ਨਹੀਂ ਸੀ, ਜਦਕਿ ਖੋਖੇ ਵਿੱਚ ਬੈਠੀ ?ਉਸ ਦੀ ਪਤਨੀ ਅਤੇ ਉਸ ਦੀ ਛੋਟੀ ਜਿਹੀ ਬੇਟੀ ਨੇ ਦੌੜ ਕੇ ਜਾਨ ਬਚਾਈ। ਉਥੇ ਹੀ ਖੋਖਾ ਮਾਲਕ ਰਾਮਪਾਲ ਅਤੇ ਉਸ ਦੀ ਪਤਨੀ ਭੂਰੀ ਦਾ ਕਹਿਣਾ ਹੈ ਕਿ ਉਹਨਾਂ ਦਾ 25-30 ਹਜ਼ਾਰ ਦਾ ਨੁਕਸਾਨ ਹੋਇਆ ਹੈ ਜਦਕਿ ਮਿਲਕ ਸ਼ੇਕ ਅਤੇ ਆਈਸਕ੍ਰੀਮ ਦੀ ਰੇਹੜੀ ਲਗਾਉਣ ਵਾਲੇ ਪ੍ਰਵਾਸੀ ਦਾ ਕਹਿਣਾ ਹੈ ਕਿ ਉਸਦਾ ਡੇਢ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਦੂਜੇ ਪਾਸੇ ਸਾਬਕਾ ਸਰਪੰਚ ਦਲਬੀਰ ਕੰਡਾ ਨੇ ਦੱਸਿਆ ਕਿ ਇਸ ਰੋਡ ਤੇ ਸੜਕ ਦੇ ਕਿਨਾਰੇ ਖੜੀਆਂ ਰੇਹੜੀਆਂ ਕਾਰਨ ਪਹਿਲਾਂ ਵੀ ਕਈ ਦੁਰਘਟਨਾਵਾਂ ਹੋ ਚੁੱਕੀਆਂ ਹਨ। ਸਾਲ ਕੁ ਪਹਿਲਾਂ ਇਸੇ ਤਰ੍ਹਾਂ ਬੇਕਾਬੂ ਹੋਇਆ ਟਰੱਕ ਸੜਕ ਦੀਆਂ ਰੇੜੀਆਂ ਵਿੱਚ ਵੱਜਿਆ ਸੀ ਤੇ ਫਿਰ ਇੱਕ ਦੁਕਾਨ ਵਿੱਚ ਜਾ ਟਕਰਾਇਆ ਸੀ ਜਿਸ ਨਾਲ ਦੁਕਾਨ ਦਾ ਕਾਫੀ ਨੁਕਸਾਨ ਹੋਇਆ ਸੀ ਅਤੇ ਦੁਕਾਨ ਟੁੱਟ ਵੀ ਗਈ ਸੀ। ਇਸ ਦੁਰਘਟਨਾ ਵਿੱਚ ਦੋ ਮੌਤਾਂ ਵੀ ਹੋਈਆਂ ਸੀ, ਜਿਨਾਂ ਵਿੱਚ ਇੱਕ ਪ੍ਰਵਾਸੀ ਰੇਹੜੀ ਵਾਲਾ ਵੀ ਸ਼ਾਮਿਲ ਸੀ। ਇਸ ਤੋਂ ਬਾਅਦ ਸਥਾਨਕ ਲੋਕਾਂ ਨੇ ਪ੍ਰਸ਼ਾਸਨ ਨੂੰ ਇੱਕ ਮੰਗ ਪੱਤਰ ਦੇ ਕੇ ਮੰਗ ਕੀਤੀ ਸੀ ਕਿ ਸੜਕ ਕਿਨਾਰੇ ਰੇੜੀਆਂ ਲਈ ਵਖਰੀ ਜਗ?ਹਾ ਜਾਂ ਫਿਰ ਨਿਯਮ ਨਿਰਧਾਰਿਤ ਕੀਤੇ ਜਾਣ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਕਾਰਨ ਲਗਾਤਾਰ ਰੋਡ ਤੇ ਦੁਰਘਟਨਾਵਾਂ ਵਾਪਰ ਰਹੀਆਂ ਹਨ।


## ਤਿਉਹਾਰ ਵਿਸ਼ੇਸ਼ ਰੇਲਗੱਡੀਆਂ - 2025

**ਦੀਪਾਵਲੀ ਤੇ ਛੱਠ ਪੂਜਾ ਤਿਉਹਾਰਾਂ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਉੱਤਰ ਰੇਲਵੇ ਦੁਵਾਰਾ ਹੋਰ ਖੇਤਰੀਯ ਰੇਲਾਂ ਦੇ ਸਹਿਯੋਗ ਤੋਂ ਹੇਠਾ ਲਿਖੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ:-**

ਉੱਤਰ ਰੇਲਵੇ ਨੇਟਵਰਕ ਤੋਂ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ: | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਆਵ੍ਰਿਤੀ/ਚਲਨ ਦੇ ਦਿਨ | | ਚਲਨ ਦੀ ਮਿਤੀ |
|---|---|---|---|---|---|---|---|
| 02252 | ਨਵੀਂ ਦਿੱਲੀ (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 08:35 | ਪਟਨਾ ਜੰ: | 21:30 | ਸਪਤਾਹ ਵਿਚ ਤਿੰਨ ਦਿਨ | ਸੋਮਵਾਰ, ਬੁੱਧਵਾਰ, ਸ਼ਨੀਵਾਰ | 15.11.2025 ਤਕ |
| 02251 | ਪਟਨਾ ਜੰ: | 10:00 | ਨਵੀਂ ਦਿੱਲੀ | 23:30 | | ਮੰਗਲਵਾਰ, ਵੀਰਵਾਰ, ਐਤਵਾਰ | 16.11.2025 ਤਕ |
| 02253 | ਪਟਨਾ ਜੰ: (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 10:00 | ਨਵੀਂ ਦਿੱਲੀ | 23:30 | ਸਪਤਾਹ ਵਿਚ ਤਿੰਨ ਦਿਨ | ਸ਼ਨੀਵਾਰ, ਸੋਮਵਾਰ, ਬੁੱਧਵਾਰ | 17.11.2025 ਤਕ |
| 02254 | ਨਵੀਂ ਦਿੱਲੀ | 08:35 | ਪਟਨਾ ਜੰ: | 21:30 | | ਐਤਵਾਰ, ਮੰਗਲਵਾਰ, ਵੀਰਵਾਰ | 16.11.2025 ਤਕ |
| 04203 | ਲਖਨਊ | 08:05 | ਨਵੀਂ ਦਿੱਲੀ | 18:30 | ਸਪਤਾਹਿਕ | ਸੋਮਵਾਰ | 24.11.2025 ਤਕ |
| 04204 | ਨਵੀਂ ਦਿੱਲੀ | 20:20 | ਲਖਨਊ | 06:35 | | | |
| 04008 | ਆਨੰਦ ਵਿਹਾਰ (ਟਰਮੀਨਲ) | 08:30 | ਜੋਗਬਨੀ | 17:00 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 04007 | ਜੋਗਬਨੀ | 18:30 | ਆਨੰਦ ਵਿਹਾਰ (ਟਰਮੀਨਲ) | 03:00 | | ਐਤਵਾਰ | 30.11.2025 ਤਕ |
| 04010 | ਦਿੱਲੀ ਜੰ: | 23:05 | ਸੀਤਾਮੜ੍ਹੀ | 22:30 | ਸਪਤਾਹਿਕ | ਵੀਰਵਾਰ | 27.11.2025 ਤਕ |
| 04009 | ਸੀਤਾਮੜ੍ਹੀ | 23:55 | ਦਿੱਲੀ ਜੰ: | 23:58 | | ਸ਼ੁੱਕਰਵਾਰ | 28.11.2025 ਤਕ |
| 04022 | ਨਵੀਂ ਦਿੱਲੀ | 14:00 | ਗੋਰਖਪੁਰ ਜੰ: | 05:00 | ਸਪਤਾਹਿਕ | ਸ਼ੁੱਕਰਵਾਰ | 28.11.2025 ਤਕ |
| 04021 | ਗੋਰਖਪੁਰ ਜੰ: | 07:00 | ਨਵੀਂ ਦਿੱਲੀ | 23:10 | | ਸ਼ਨੀਵਾਰ | 29.11.2025 ਤਕ |
| 04060 | ਆਨੰਦ ਵਿਹਾਰ (ਟਰਮੀਨਲ) | 09:00 | ਜੈਨਗਰ | 07:30 | ਸਪਤਾਹਿਕ | ਵੀਰਵਾਰ | 27.11.2025 ਤਕ |
| 04059 | ਜੈਨਗਰ | 10:00 | ਆਨੰਦ ਵਿਹਾਰ (ਟਰਮੀਨਲ) | 08:40 | | ਸ਼ੁੱਕਰਵਾਰ | 28.11.2025 ਤਕ |
| 04070 | ਆਨੰਦ ਵਿਹਾਰ (ਟਰਮੀਨਲ) | 00:20 | ਰਾਜਗੀਰ | 19:50 | ਸਪਤਾਹਿਕ | ਸ਼ੁੱਕਰਵਾਰ | 28.11.2025 ਤਕ |
| 04069 | ਰਾਜਗੀਰ | 23:30 | ਆਨੰਦ ਵਿਹਾਰ (ਟਰਮੀਨਲ) | 19:00 | | | |
| 04064 | ਦਿੱਲੀ ਜੰ: | 11:00 | ਭਾਗਲਪੁਰ | 10:30 | ਸਪਤਾਹਿਕ | ਮੰਗਲਵਾਰ | 25.11.2025 ਤਕ |
| 04063 | ਭਾਗਲਪੁਰ | 13:40 | ਦਿੱਲੀ ਜੰ: | 15:30 | | ਬੁੱਧਵਾਰ | 26.11.2025 ਤਕ |
| 04525 | ਸਹਾਰਨਪੁਰ ਜੰ: | 04:40 | ਅੰਬਾਲਾ ਕੈਂਟ | 06:45 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04526 | ਅੰਬਾਲਾ ਕੈਂਟ | 20:20 | ਸਹਾਰਨਪੁਰ ਜੰ: | 22:30 | | | |
| 04219 | ਸ਼ਾਹਗੰਜ | 22:35 | ਅਯੋਧਿਆ ਧਾਮ | 01:40 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04220 | ਅਯੋਧਿਆ ਧਾਮ | 02:10 | ਸ਼ਾਹਗੰਜ | 04:40 | | | |
| 04450 | ਨਵੀਂ ਦਿੱਲੀ | 15:10 | ਦਰਭੰਗਾ ਜੰ: | 16:30 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04449 | ਦਰਭੰਗਾ ਜੰ: | 18:15 | ਨਵੀਂ ਦਿੱਲੀ | 23:00 | | | 01.12.2025 ਤਕ |
| 04454 | ਨਵੀਂ ਦਿੱਲੀ | 20:00 | ਮਾਨਸੀ ਜੰ: | 23:30 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04453 | ਮਾਨਸੀ ਜੰ: | 01:10 | ਨਵੀਂ ਦਿੱਲੀ | 03:00 | | | 02.12.2025 ਤਕ |
| 04456 | ਨਵੀਂ ਦਿੱਲੀ | 22:40 | ਧਨਬਾਦ ਜੰ: | 02:20 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04455 | ਧ਼ਨਬਾਦ ਜੰ: | 04:00 | ਨਵੀਂ ਦਿੱਲੀ | 06:00 | | | 02.12.2025 ਤਕ |
| 04458 | ਆਨੰਦ ਵਿਹਾਰ (ਟਰਮੀਨਲ) | 13:40 | ਭਾਗਲਪੁਰ | 14:30 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04457 | ਭਾਗਲਪੁਰ | 18:00 | ਆਨੰਦ ਵਿਹਾਰ (ਟਰਮੀਨਲ) | 22:00 | | | 01.12.2025 ਤਕ |
| 04016 | ਆਨੰਦ ਵਿਹਾਰ (ਟਰਮੀਨਲ) | 15:30 | ਸੀਤਾਮੜ੍ਹੀ | 15:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04015 | ਸੀਤਾਮੜ੍ਹੀ | 16:30 | ਆਨੰਦ ਵਿਹਾਰ (ਟਰਮੀਨਲ) | 18:15 | | | 01.12.2025 ਤਕ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ: | 21:30 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 19.12.2025 ਤਕ |
| 04451 | ਹਾਵੜਾ ਜੰ: | 23:50 | ਨਵੀਂ ਦਿੱਲੀ | 04:10 | | | 20.12.2025 ਤਕ |
| 04094 | ਹਜ਼ਰਤ ਨਿਜ਼ਾਮੁਦੀਨ ਜੰ: | 11:00 | ਪਟਨਾ ਜੰ: | 05:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 29.11.2025 ਤਕ |
| 04093 | ਪਟਨਾ ਜੰ: | 07:45 | ਹਜ਼ਰਤ ਨਿਜ਼ਾਮੁਦੀਨ ਜੰ: | 00:45 | | | 30.11.2025 ਤਕ |
| 04096 | ਆਨੰਦ ਵਿਹਾਰ (ਟਰਮੀਨਲ) | 00:05 | ਪਾਟਲੀਪੁਤਰ | 21:30 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 29.11.2025 ਤਕ |
| 04095 | ਪਾਟਲੀਪੁਤਰ | 00:30 | ਆਨੰਦ ਵਿਹਾਰ (ਟਰਮੀਨਲ) | 21:30 | | | 30.11.2025 ਤਕ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ ਜੰ: | 12:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 29.11.2025 ਤਕ |
| 04097 | ਹਸਨਪੁਰ ਰੋਡ ਜੰ: | 15:00 | ਨਵੀਂ ਦਿੱਲੀ | 18:30 | | | 30.11.2025 ਤਕ |
| 02877 | ਰਾਚੀ ਜੰ: | 23:55 | ਆਨੰਦ ਵਿਹਾਰ (ਟਰਮੀਨਲ) | 03:00 | ਸਪਤਾਹਿਕ | ਸ਼ੁੱਕਰਵਾਰ | 17.10.25 ਤੋਂ 31.10.25 |
| 02878 | ਆਨੰਦ ਵਿਹਾਰ (ਟਰਮੀਨਲ) | 04:00 | ਰਾਚੀ ਜੰ: | 05:00 | | ਐਤਵਾਰ | 19.10.25 ਤੋਂ 02.11.25 |
| 04504 | ਚੰਡੀਗੜ੍ਹ ਜੰ: | 23:35 | ਪਟਨਾ ਜੰ: | 21:00 | ਸਪਤਾਹਿਕ | ਵੀਰਵਾਰ | 27.11.2025 ਤਕ |
| 04503 | ਪਟਨਾ ਜੰ: | 23:00 | ਚੰਡੀਗੜ੍ਹ ਜੰ: | 23:10 | | ਸ਼ੁੱਕਰਵਾਰ | 28.11.2025 ਤਕ |
| 04608 | ਅੰਮ੍ਰਿਤਸਰ ਜੰ: | 09:40 | ਛਪਰਾ ਜੰ: | 09:00 | ਸਪਤਾਹਿਕ | ਐਤਵਾਰ | 30.11.2025 ਤਕ |
| 04607 | ਛਪਰਾ ਜੰ: | 12:00 | ਅੰਮ੍ਰਿਤਸਰ ਜੰ: | 13:30 | | ਸੋਮਵਾਰ | 01.12.2025 ਤਕ |
| 05314 | ਗੋਮਤੀ ਨਗਰ | 00:15 | ਮਹਬੂਬ ਨਗਰ | 19:10 | ਸਪਤਾਹਿਕ | ਐਤਵਾਰ | 02.11.2025 ਤਕ |
| 05313 | ਮਹਬੂਬ ਨਗਰ | 22:10 | ਗੋਮਤੀ ਨਗਰ | 15:00 | | ਸੋਮਵਾਰ | 03.11.2025 ਤਕ |
| 05017 | ਮਊ ਜੰ: | 05:30 | ਊਘਨਾ ਜੰ: | 12:00 | ਸਪਤਾਹਿਕ | ਸ਼ਨੀਵਾਰ | 01.11.2025 ਤਕ |
| 05018 | ਊਘਨਾ ਜੰ: | 15:00 | ਮਊ ਜੰ: | 22:30 | | ਐਤਵਾਰ | 02.11.2025 ਤਕ |
| 05115 | ਛਪਰਾ ਜੰ: | 17:45 | ਊਘਨਾ ਜੰ: | 07:00 | ਸਪਤਾਹਿਕ | ਸ਼ੁੱਕਰਵਾਰ | 28.11.2025 ਤਕ |
| 05116 | ਊਘਨਾ ਜੰ: | 10:00 | ਛਪਰਾ ਜੰ: | 23:00 | | ਐਤਵਾਰ | 30.11.2025 ਤਕ |
| 05736 | ਕਟਿਹਾਰ ਜੰ: | 21:00 | ਅੰਮ੍ਰਿਤਸਰ ਜੰ: | 09:45 | ਸਪਤਾਹਿਕ | ਬੁੱਧਵਾਰ | 05.11.2025 ਤਕ |
| 05735 | ਅੰਮ੍ਰਿਤਸਰ ਜੰ: | 13:25 | ਕਟਿਹਾਰ ਜੰ: | 23:45 | | ਸ਼ੁੱਕਰਵਾਰ | 07.11.2025 ਤਕ |
| 04090 | ਆਨੰਦ ਵਿਹਾਰ (ਟਰਮੀਨਲ) | 14:25 | ਪਟਨਾ ਜੰ: | 11:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 29.11.2025 ਤਕ |
| 04089 | ਪਟਨਾ ਜੰ: | 18:20 | ਆਨੰਦ ਵਿਹਾਰ (ਟਰਮੀਨਲ) | 14:50 | | | 30.11.2025 ਤਕ |
| 04217 | ਵਾਰਾਣਸੀ ਜੰ: | 06:25 | ਲਖਨਊ | 11:45 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 04218 | ਲਖਨਊ | 16:30 | ਵਾਰਾਣਸੀ ਜੰ: | 21:50 | | | |
| 04221 | ਵਾਰਾਣਸੀ ਜੰ: | 20:40 | ਬਠਿੰਡਾ ਜੰ: | 17:00 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁੱਕਰਵਾਰ | 28.11.2025 ਤਕ |
| 04222 | ਬਠਿੰਡਾ ਜੰ: | 20:50 | ਵਾਰਾਣਸੀ ਜੰ: | 18:00 | | ਬੁੱਧਵਾਰ, ਸ਼ਨੀਵਾਰ | 29.11.2025 ਤਕ |
| 04224 | ਵਾਰਾਣਸੀ ਜੰ: | 14:50 | ਚੰਡੀਗੜ੍ਹ | 08:30 | ਸਪਤਾਹ ਵਿਚ ਤਿੰਨ ਦਿਨ | ਸੋਮ, ਬੁੱਧ, ਸ਼ੁੱਕਰ | 28.11.2025 ਤਕ |
| 04223 | ਚੰਡੀਗੜ੍ਹ | 09:30 | ਵਾਰਾਣਸੀ ਜੰ: | 04:00 | | ਮੰਗਲ, ਵੀਰਵਾਰ, ਸ਼ਨੀ | 29.11.2025 ਤਕ |
| 05742 | ਨਯੂ ਜਲਪਾਈਗੁਡੀ | 07:00 | ਗੋਮਤੀ ਨਗਰ | 07:15 | ਸਪਤਾਹਿਕ | ਐਤਵਾਰ | 02.11.2025 ਤਕ |
| 05741 | ਗੋਮਤੀ ਨਗਰ | 09:40 | ਨਯੂ ਜਲਪਾਈਗੁਡੀ | 09:25 | | ਸੋਮਵਾਰ | 03.11.2025 ਤਕ |
| 05734 | ਕਿਸ਼ਨਗੰਜ | 09:10 | ਅੰਮ੍ਰਿਤਸਰ | 00:10 | ਸਪਤਾਹਿਕ | ਵੀਰਵਾਰ | 13.11.2025 ਤਕ |
| 05733 | ਅੰਮ੍ਰਿਤਸਰ | 04:25 | ਕਿਸ਼ਨਗੰਜ | 17:30 | | ਸ਼ਨੀਵਾਰ | 15.11.2025 ਤਕ |
| 05325 | ਗੋਮਤੀ ਨਗਰ | 00:15 | ਲੋਕਮਾਨਯ ਤਿਲਕ (ਟ.) | 05:50 | ਸਪਤਾਹਿਕ | ਸ਼ਨੀਵਾਰ | 01.11.2025 ਤਕ |
| 05326 | ਲੋਕਮਾਨਯ ਤਿਲਕ (ਟ.) | 07:55 | ਗੋਮਤੀ ਨਗਰ | 10:45 | | ਐਤਵਾਰ | 02.11.2025 ਤਕ |
| 05023 | ਗੋਮਤੀ ਨਗਰ | 23:55 | ਖਾਤੀਪੁਰਾ | 17:30 | ਸਪਤਾਹਿਕ | ਮੰਗਲਵਾਰ | 04.11.2025 ਤਕ |
| 05024 | ਖਾਤੀਪੁਰਾ | 18:50 | ਗੋਮਤੀ ਨਗਰ | 11:45 | | ਬੁੱਧਵਾਰ | 05.11.2025 ਤਕ |
| 04195 | ਆਗਰਾ ਕੈਂਟ | 05:00 | ਜੋਗਬਨੀ | 18:45 | ਸਪਤਾਹਿਕ | ਸ਼ੁੱਕਰਵਾਰ | 28.11.2025 ਤਕ |
| 04196 | ਜੋਗਬਨੀ | 21:00 | ਆਗਰਾ ਕੈਂਟ | 07:10 | | ਸ਼ਨੀਵਾਰ | 29.11.2025 ਤਕ |
| 08763 | ਦੁਰਗ ਜੰ: | 07:20 | ਸੁਲਤਾਨਪੁਰ ਜੰ: | 07:00 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 08764 | ਸੁਲਤਾਨਪੁਰ ਜੰ: | 10:00 | ਦੁਰਗ ਜੰ: | 12:50 | | ਐਤਵਾਰ | 30.11.2025 ਤਕ |
| 01491 | ਪੂਣੇ ਜੰ: | 17:30 | ਹਜ਼ਰਤ ਨਿਜ਼ਾਮੁਦੀਨ | 20:00 | ਸਪਤਾਹਿਕ | ਸ਼ੁੱਕਰਵਾਰ | 28.11.2025 ਤਕ |
| 01492 | ਹਜ਼ਰਤ ਨਿਜ਼ਾਮੁਦੀਨ | 21:25 | ਪੂਣੇ ਜੰ: | 23:55 | | ਸ਼ਨੀਵਾਰ | 29.11.2025 ਤਕ |
| 01079 | ਛੱਤਰਪਤੀ ਸ਼ਿਵਾਜੀ ਮਹਾਰਾਜ (ਟ.) | 22:30 | ਗੋਰਖਪੁਰ ਜੰ: | 10:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 01080 | ਗੋਰਖਪੁਰ ਜੰ: | 14:30 | ਛੱਤਰਪਤੀ ਸ਼ਿਵਾਜੀ ਮਹਾਰਾਜ (ਟ.) | 00:40 | | | 02.12.2025 ਤਕ |
| 03107 | ਕੋਲਕਾਤਾ | 23:55 | ਲਖਨਊ | 00:10 | ਸਪਤਾਹਿਕ | ਵੀਰਵਾਰ | 06.11.2025 ਤਕ |
| 03108 | ਲਖਨਊ | 01:40 | ਕੋਲਕਾਤਾ | 00:40 | | ਸ਼ਨੀਵਾਰ | 08.11.2025 ਤਕ |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ (ਟ.) | 13:40 | ਸਪਤਾਹਿਕ | ਸੋਮਵਾਰ | 24.11.2025 ਤਕ |
| 03436 | ਆਨੰਦ ਵਿਹਾਰ (ਟ.) | 15:45 | ਮਾਲਦਾ ਟਾਊਨ | 21:05 | | ਮੰਗਲਵਾਰ | 25.11.2025 ਤਕ |
| 02391 | ਪਟਨਾ ਜੰ: | 22:20 | ਆਨੰਦ ਵਿਹਾਰ (ਟ.) | 18:30 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 02392 | ਆਨੰਦ ਵਿਹਾਰ (ਟ.) | 23:20 | ਪਟਨਾ ਜੰ: | 17:20 | | ਐਤਵਾਰ | 30.11.2025 ਤਕ |
| 09083 | ਮੁੰਬਈ ਸੈਂਟਰਲ | 23:10 | ਬਨਾਰਸ | 10:30 | ਸਪਤਾਹਿਕ | ਬੁੱਧਵਾਰ | 05.11.2025 ਤਕ |
| 09084 | ਬਨਾਰਸ | 14:30 | ਮੁੰਬਈ ਸੈਂਟਰਲ | 04:20 | | ਸ਼ੁੱਕਰਵਾਰ | 07.11.2025 ਤਕ |
| 09111 | ਵਡੋਦਰਾ ਜੰ: | 19:00 | ਗੋਰਖਪੁਰ ਜੰ: | 23:30 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 09112 | ਗੋਰਖਪੁਰ ਜੰ: | 05:00 | ਵਡੋਦਰਾ ਜੰ: | 08:00 | | ਸੋਮਵਾਰ | 01.12.2025 ਤਕ |
| 04687 | ਬਨਿਹਾਲ | 18:40 | ਬਡਗਾਮ | 20:20 | ਸਪਤਾਹ ਵਿਚ ਛੇ ਦਿਨ | ਸ਼ੁੱਕਰਵਾਰ ਨੂੰ ਛੱਡਕੇ | 02.12.2025 ਤਕ |
| 04688 | ਬਡਗਾਮ | 08:35 | ਬਨਿਹਾਲ | 10:40 | | | |
| 09639 | ਮਦਾਰ ਜੰ: | 04:30 | ਰੋਹਤਕ ਜੰ: | 12:50 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 09640 | ਰੋਹਤਕ ਜੰ: | 13:20 | ਮਦਾਰ ਜੰ: | 22:35 | | | |
| 09429 | ਸਾਬਰਮਤੀ | 08:50 | ਗੋਰਖਪੁਰ ਜੰ: | 10:00 | ਸਪਤਾਹ ਵਿਚ ਤਿੰਨ ਦਿਨ | ਵੀਰਵਾਰ, ਸ਼ੁੱਕਰ, ਐਤ | 16.10.25 ਤੋਂ 26.10.25 |
| 09430 | ਗੋਰਖਪੁਰ ਜੰ: | 13:00 | ਸਾਬਰਮਤੀ | 15:30 | | ਸ਼ੁੱਕਰ, ਸ਼ਨੀ, ਸੋਮ | 17.10.25 ਤੋਂ 27.10.25 |
| 04402 | ਸ਼ਕੂਰ ਬਸਤੀ | 21:15 | ਲਖਨਊ | 09:30 | ਸਪਤਾਹ ਵਿਚ ਤਿੰਨ ਦਿਨ | ਸ਼ੁੱਕਰ, ਸ਼ਨੀ, ਐਤ | 17.10.25 ਤੋਂ 19.10.25 |
| 04401 | ਲਖਨਊ | 12:30 | ਸ਼ਕੂਰ ਬਸਤੀ | 00:40 | | ਸ਼ਨੀ, ਐਤ, ਸੋਮ | 18.10.25 ਤੋਂ 20.10.25 |
| 04404 | ਸ਼ਕੂਰ ਬਸਤੀ | 15:15 | ਪਟਨਾ ਜੰ: | 13:30 | ਮਿਤੀ ਵਾਰ | ਸ਼ੁੱਕਰ, ਸ਼ਨੀ, ਐਤ, ਬੁੱਧ, ਵੀਰਵਾਰ | 17.10, 18.10, 19.10, 22.10, 23.10, 24.10, 25.10, 26.10.25 |
| 04403 | ਪਟਨਾ ਜੰ: | 16:00 | ਸ਼ਕੂਰ ਬਸਤੀ | 14:40 | | ਸ਼ਨੀ, ਐਤ, ਸੋਮ, ਵੀਰਵਾਰ, ਸ਼ੁੱਕਰ | 18.10,19.10, 20.10, 23.10, 24.10, 25.10, 26.10, 27.10, |
| 04731 | ਸ੍ਰੀ ਗੰਗਾਨਗਰ ਜੰ: | 13:25 | ਸਮਸਤੀਪੁਰ ਜੰ: | 23:00 | ਸਪਤਾਹ ਵਿਚ ਤਿੰਨ ਦਿਨ | ਐਤਵਾਰ | 19.10.25 ਤੋਂ 02.11.25 |
| 04732 | ਸਮਸਤੀਪੁਰ ਜੰ: | 01:00 | ਸ੍ਰੀ ਗੰਗਾਨਗਰ ਜੰ: | 12:20 | | ਮੰਗਲਵਾਰ | 21.10.25 ਤੋਂ 04.11.25 |
| 09523 | ਓਖਾ | 10:00 | ਸ਼ਕੂਰ ਬਸਤੀ | 10:35 | ਸਪਤਾਹਿਕ | ਮੰਗਲਵਾਰ | 25.11.2025 ਤਕ |
| 09524 | ਸ਼ਕੂਰ ਬਸਤੀ | 13:15 | ਓਖਾ | 13:50 | | ਬੁੱਧਵਾਰ | 26.11.2025 ਤਕ |
| 01415 | ਪੂਣੇ | 06:50 | ਗੋਰਖਪੁਰ ਜੰ: | 16:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 30.11.2025 ਤਕ |
| 01416 | ਗੋਰਖਪੁਰ ਜੰ: | 17:30 | ਪੂਣੇ | 03:15 | | | 01.12.2025 ਤਕ |
| 05301 | ਮਊ ਜੰ: | 04:00 | ਅੰਬਾਲਾ ਛਾਵਣੀ ਜੰ: | 00:30 | ਸਪਤਾਹਿਕ | ਵੀਰਵਾਰ | 27.11.2025 ਤਕ |
| 05302 | ਅੰਬਾਲਾ ਛਾਵਣੀ ਜੰ: | 01:40 | ਮਊ ਜੰ: | 22:00 | | ਸ਼ੁੱਕਰਵਾਰ | 28.11.2025 ਤਕ |
| 05005 | ਬਢਨੀ | 15:10 | ਅੰਮ੍ਰਿਤਸਰ | 09:30 | ਸਪਤਾਹਿਕ | ਬੁੱਧਵਾਰ | 26.11.2025 ਤਕ |
| 05006 | ਅੰਮ੍ਰਿਤਸਰ | 12:45 | ਬਢਨੀ | 08:15 | | ਵੀਰਵਾਰ | 27.11.2025 ਤਕ |
| 01707 | ਜਬਲਪੁਰ | 14:15 | ਆਨੰਦ ਵਿਹਾਰ (ਟ.) | 12:25 | ਸਪਤਾਹਿਕ | ਸੋਮਵਾਰ | 03.11.2025 ਤਕ |
| 01708 | ਆਨੰਦ ਵਿਹਾਰ (ਟ.) | 13:45 | ਜਬਲਪੁਰ | 09:30 | | ਮੰਗਲਵਾਰ | 04.11.2025 ਤਕ |
| 01431 | ਪੂਣੇ ਜੰ: | 06:40 | ਗਾਜੀਪੁਰ ਸਿਟੀ | 19:40 | ਸਪਤਾਹ ਵਿਚ ਦੋ ਦਿਨ | ਸ਼ੁੱਕਰਵਾਰ, ਮੰਗਲਵਾਰ | 28.11.2025 ਤਕ |
| 01432 | ਗਾਜੀਪੁਰ ਸਿਟੀ | 22:40 | ਪੂਣੇ | 16:20 | | ਸ਼ਨੀਵਾਰ, ਬੁੱਧਵਾਰ | 29.11.2025 ਤਕ |
| 01123 | ਲੋਕਮਾਨਯ ਤਿਲਕ (ਟ.) | 12:15 | ਮਊ ਜੰ: | 05:35 | ਸਪਤਾਹ ਵਿਚ ਦੋ ਦਿਨ | ਸ਼ੁੱਕਰਵਾਰ, ਐਤਵਾਰ | 30.11.2025 ਤਕ |
| 01124 | ਮਊ ਜੰ: | 07:35 | ਲੋਕਮਾਨਯ ਤਿਲਕ (ਟ.) | 22:20 | | ਐਤਵਾਰ, ਮੰਗਲਵਾਰ | 02.12.2025 ਤਕ |
| 01051 | ਲੋਕਮਾਨਯ ਤਿਲਕ (ਟ.) | 12:15 | ਬਨਾਰਸ | 01:10 | ਸਪਤਾਹ ਵਿਚ ਦੋ ਦਿਨ | ਬੁੱਧਵਾਰ, ਵੀਰਵਾਰ | 27.11.2025 ਤਕ |
| 01052 | ਬਨਾਰਸ | 06:35 | ਲੋਕਮਾਨਯ ਤਿਲਕ (ਟ.) | 16:40 | | ਸ਼ੁੱਕਰਵਾਰ, ਸ਼ਨੀਵਾਰ | 29.11.2025 ਤਕ |
| 09061 | ਬਾਂਦ੍ਰਾ (ਟ.) | 21:20 | ਬਰੋਨੀ ਜੰ: | 19:15 | ਸਪਤਾਹਿਕ | ਸੋਮਵਾਰ | 24.11.2025 ਤਕ |
| 09062 | ਬਰੋਨੀ ਜੰ: | 12:15 | ਬਾਂਦ੍ਰਾ (ਟ.) | 06:30 | | ਵੀਰਵਾਰ | 27.11.2025 ਤਕ |
| 09257 | ਭਾਵਨਗਰ | 13:50 | ਸ਼ਕੂਰ ਬਸਤੀ | 10:35 | ਸਪਤਾਹਿਕ | ਸ਼ੁੱਕਰਵਾਰ | 28.11.2025 ਤਕ |
| 09258 | ਸ਼ਕੂਰ ਬਸਤੀ | 13:15 | ਭਾਵਨਗਰ | 10:45 | | ਸ਼ਨੀਵਾਰ | 29.11.2025 ਤਕ |
| 02417 | ਪ੍ਰਯਾਗਰਾਜ | 21:35 | ਦਿੱਲੀ ਜੰ: | 08:55 | ਸਪਤਾਹ ਵਿਚ ਦੋ ਦਿਨ | ਸ਼ੁੱਕਰਵਾਰ, ਸ਼ਨੀਵਾਰ | 29.11.2025 ਤਕ |
| 02418 | ਦਿੱਲੀ ਜੰ: | 09:30 | ਪ੍ਰਯਾਗਰਾਜ | 19:40 | | ਸ਼ਨੀਵਾਰ, ਐਤਵਾਰ | 30.11.2025 ਤਕ |
| 02275 | ਸੂਬੇਦਾਰਗੰਜ | 21:40 | ਦਿੱਲੀ ਜੰ: | 08:55 | ਸਪਤਾਹਿਕ | ਵੀਰਵਾਰ | 27.11.2025 ਤਕ |
| 02276 | ਦਿੱਲੀ ਜੰ: | 09:30 | ਸੂਬੇਦਾਰਗੰਜ | 19:35 | | ਸ਼ੁੱਕਰਵਾਰ | 28.11.2025 ਤਕ |
| 05047 | ਬਨਾਰਸ | 10:45 | ਕੋਲਕਾਤਾ | 05:25 | ਸਪਤਾਹਿਕ | ਮੰਗਲਵਾਰ | 04.11.2025 ਤਕ |
| 05048 | ਕੋਲਕਾਤਾ | 08:25 | ਬਨਾਰਸ | 04:15 | | ਬੁੱਧਵਾਰ | 05.11.2025 ਤਕ |
| 09309 | ਇੰਦੋਰ ਜੰ: | 17:00 | ਹਜ਼ਰਤ ਨਿਜ਼ਾਮੁਦੀਨ | 05:00 | ਸਪਤਾਹ ਵਿਚ ਦੋ ਦਿਨ | ਸ਼ੁੱਕਰਵਾਰ, ਐਤਵਾਰ | 30.11.2025 ਤਕ |
| 09310 | ਹਜ਼ਰਤ ਨਿਜ਼ਾਮੁਦੀਨ | 08:20 | ਇੰਦੋਰ ਜੰ: | 21:00 | | ਸ਼ਨੀਵਾਰ, ਸੋਮਵਾਰ | 01.12.2025 ਤਕ |
| 09095 | ਬਾਂਦ੍ਰਾ (ਟ.) | 11:00 | ਅਯੋਧਿਆ ਕੈਂਟ | 17:30 | ਸਪਤਾਹਿਕ | ਬੁੱਧਵਾਰ | 19.11.2025 ਤਕ |
| 09096 | ਅਯੋਧਿਆ ਕੈਂਟ | 21:00 | ਬਾਂਦ੍ਰਾ (ਟ.) | 06:00 | | ਵੀਰਵਾਰ | 20.11.2025 ਤਕ |
| 09097 | ਬਾਂਦ੍ਰਾ (ਟ.) | 21:50 | ਲੁਧਿਆਣਾ ਜੰ: | 00:30 | ਸਪਤਾਹਿਕ | ਐਤਵਾਰ | 30.11.2025 ਤਕ |
| 09098 | ਲੁਧਿਆਣਾ ਜੰ: | 04:00 | ਬਾਂਦ੍ਰਾ (ਟ.) | 10:20 | | ਮੰਗਲਵਾਰ | 02.12.2025 ਤਕ |
| 07095 | ਚਰਲਪਲਲੀ | 07:40 | ਹਜ਼ਰਤ ਨਿਜ਼ਾਮੁਦੀਨ | 16:00 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਵੀਰਵਾਰ | 16.10.2025 ਤਕ |
| 07096 | ਹਜ਼ਰਤ ਨਿਜ਼ਾਮੁਦੀਨ | 19:00 | ਚਰਲਪਲਲੀ | 04:00 | | ਬੁੱਧਵਾਰ, ਸ਼ੁੱਕਰਵਾਰ | 17.10.2025 ਤਕ |
| 03255 | ਪਟਨਾ ਜੰ: | 22:20 | ਆਨੰਦ ਵਿਹਾਰ (ਟ.) | 18:35 | ਸਪਤਾਹ ਵਿਚ ਦੋ ਦਿਨ | ਐਤਵਾਰ, ਵੀਰਵਾਰ | ਅਗਲੇ ਆਦੇਸ਼ ਤਕ |
| 03256 | ਆਨੰਦ ਵਿਹਾਰ (ਟ.) | 23:30 | ਪਟਨਾਂ | 18:35 | | ਸੋਮਵਾਰ, ਸ਼ੁੱਕਰਵਾਰ | ਅਗਲੇ ਆਦੇਸ਼ ਤਕ |
| 05049 | ਛਪਰਾ | 10:15 | ਅੰਮ੍ਰਿਤਸਰ | 13:50 | ਸਪਤਾਹਿਕ | ਸ਼ੁੱਕਰਵਾਰ | ਅਗਲੇ ਆਦੇਸ਼ ਤਕ |
| 05050 | ਅੰਮ੍ਰਿਤਸਰ | 17:45 | ਛਪਰਾ | 23:55 | | ਸ਼ਨੀਵਾਰ | ਅਗਲੇ ਆਦੇਸ਼ ਤਕ |
| 05057 | ਗੋਰਖਪੁਰ ਜੰ: | 22:45 | ਦਿੱਲੀ ਜੰ: | 12:50 | ਸਪਤਾਹਿਕ | ਵੀਰਵਾਰ | 16.10.25 ਤੋ ਅਗਲੇ ਆਦੇਸ਼ ਤਕ |
| 05058 | ਦਿੱਲੀ ਜੰ: | 14:00 | ਗੋਰਖਪੁਰ ਜੰ: | 06:25 | | ਸ਼ੁੱਕਰਵਾਰ | ਅਗਲੇ ਆਦੇਸ਼ ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ (ਟ.) | 00:30 | ਸਪਤਾਹਿਕ | ਐਤਵਾਰ | 30.11.2025 ਤਕ |
| 03258 | ਆਨੰਦ ਵਿਹਾਰ (ਟ.) | 05:00 | ਦਾਨਾਪੁਰ | 20:45 | | ਸੋਮਵਾਰ | 01.12.2025 ਤਕ |
| 05219 | ਮੁਜੱਫਰਪੁਰ ਜੰ: | 13:30 | ਆਨੰਦ ਵਿਹਾਰ (ਟ.) | 10:00 | ਸਪਤਾਹਿਕ | ਸ਼ਨੀਵਾਰ | 18.10.25 ਤੋਂ 29.11.25 |
| 05220 | ਆਨੰਦ ਵਿਹਾਰ (ਟ.) | 12:00 | ਮੁਜੱਫਪਰਪੁਰ ਜੰ: | 09:45 | | ਐਤਵਾਰ | 19.10.25 ਤੋਂ 30.11.25 |
| 03697 | ਗਯਾ ਜ: | 14:15 | ਦਿੱਲੀ ਜੰ: | 07:45 | ਸਪਤਾਹ ਵਿਚੰ ਪੰਜ ਦਿਨ | ਐਤ, ਵੀਰਵਾਰ ਨੂੰ ਛੱਡਕੇ | 29.11.2025 ਤਕ |
| 03698 | ਦਿੱਲੀ ਜੰ: | 08:55 | ਗਯਾ ਜੰ: | 00:30 | | ਸੋਮ, ਸ਼ੁੱਕਰ ਨੂੰ ਛੱਡਕੇ | 30.11.2025 ਤਕ |
| 03311 | ਧਨਬਾਦ ਜੰ: | 23:50 | ਚੰਡੀਗੜ੍ਹ | 04:30 | ਸਪਤਾਹ ਵਿਚੰ ਦੋ ਦਿਨ | ਮੰਗਲਵਾਰ, ਸ਼ੁੱਕਰਵਾਰ | 28.11.2025 ਤਕ |
| 03312 | ਚੰਡੀਗੜ੍ਹ | 06:00 | ਧਨਬਾਦ ਜੰ: | 09:00 | | ਵੀਰਵਾਰ, ਐਤਵਾਰ | 30.11.2025 ਤਕ |
| 05579 | ਪੂਰਣਿਯਾ ਕੋਰਟ | 16:30 | ਆਨੰਦ ਵਿਹਾਰ (ਟ.) | 00:30 | ਸਪਤਾਹ ਵਿਚੰ ਚਾਰ ਦਿਨ | ਸੋਮ, ਮੰਗਲ, ਸ਼ੁੱਕਰ, ਐਤ | 15.12.2025 ਤਕ |
| 05580 | ਆਨੰਦ ਵਿਹਾਰ(ਟ.) | 05:15 | ਪੂਰਣਿਯਾ ਕੋਰਟ | 13:45 | | ਬੁੱਧ, ਵੀਰਵਾਰ, ਸ਼ੁੱਕਰ, ਐਤ | 17.12.2025 ਤਕ |
| 05575 | ਸਹਰਸਾ ਜੰ: | 20:00 | ਆਨੰਦ ਵਿਹਾਰ (ਟ.) | 00:30 | ਸਪਤਾਹਿਕ | ਬੁੱਧਵਾਰ | 10.12.2025 ਤਕ |
| 05576 | ਆਨੰਦ ਵਿਹਾਰ (ਟ.) | 05:15 | ਸਹਰਸਾ ਜੰ: | 10:30 | | ਮੰਗਲਵਾਰ | 16.12.2025 ਤਕ |
| 01493 | ਪੂਣੇ | 17:30 | ਹਜ਼ਰਤ ਨਿਜ਼ਾਮੁਦੀਨ | 20:00 | ਸਪਤਾਹ ਵਿਚੰ ਦੋ ਦਿਨ | ਸੋਮਵਾਰ, ਵੀਰਵਾਰ | 13.11.2025 ਤਕ |
| 01494 | ਹਜ਼ਰਤ ਨਿਜ਼ਾਮੁਦੀਨ | 21:25 | ਪੂਣੇ | 23:55 | | ਮੰਗਲਵਾਰ, ਸ਼ੁੱਕਰਵਾਰ | 14.11.2025 ਤਕ |
| 04312 | ਯੋਗ ਨਗਰੀ ਰਿਸ਼ੀਕੇਸ਼ | 15:20 | ਸਿਯਾਲਦਹ | 23:00 | ਸਪਤਾਹਿਕ | ਸ਼ਨੀਵਾਰ | 15.11.2025 ਤਕ |
| 04311 | ਸਿਯਾਲਦਹ | 05:00 | ਯੋਗ ਨਗਰ ਰਿਸ਼ੀਕੇਸ਼ | 12:00 | | ਸੋਮਵਾਰ | 17.11.2025 ਤਕ |
| 04314 | ਯੋਗ ਨਗਰੀ ਰਿਸ਼ੀਕੇਸ਼ | 15:20 | ਮੁਜੱਫਰਪੁਰ ਜੰ: | 11:20 | ਸਪਤਾਹ ਵਿਚੰ ਦੋ ਦਿਨ | ਵੀਰਵਾਰ, ਐਤਵਾਰ | 30.11.2025 ਤਕ |
| 04313 | ਮੁਜੱਫਰਪੁਰ ਜੰ: | 14:00 | ਯੋਗ ਨਗਰੀ ਰਿਸ਼ੀਕੇਸ਼ | 11:15 | | ਸ਼ੁੱਕਰਵਾਰ, ਸੋਮਵਾਰ | 01.12.2025 ਤਕ |
| 05305 | ਛਪਰਾ | 22:00 | ਆਨੰਦ ਵਿਹਾਰ (ਟ.) | 00:20 | ਸਪਤਾਹ ਵਿਚ ਦੋ ਦਿਨ | ਸੋਮਵਾਰ, ਵੀਰਵਾਰ | ਅਗਲੇ ਆਦੇਸ਼ ਤਕ (20.10.25 ਨੂੰ ਰੱਦ ) |
| 05306 | ਆਨੰਦ ਵਿਹਾਰ (ਟ.) | 00:20 | ਛਪਰਾ | 22:50 | | ਬੁੱਧਵਾਰ, ਸ਼ਨੀਵਾਰ | ਅਗਲੇ ਆਦੇਸ਼ ਤਕ (22.10.25 ਨੂੰ ਰੱਦ) |
| 05625 | ਕਾਮਖਯਾ | 22:00 | ਰੋਹਤਕ | 14:45 | ਸਪਤਾਹਿਕ | ਸ਼ੁੱਕਰਵਾਰ | 07.11.202 ਤਕ |
| 05626 | ਰੋਹਤਕ | 22:10 | ਕਾਮਖਯਾ | 15:30 | | ਐਤਵਾਰ | 09.11.202 ਤਕ |
| 02397 | ਗਯਾ ਜੰ: | 14:15 | ਆਨੰਦ ਵਿਹਾਰ (ਟ.) | 07:10 | ਸਪਤਾਹਿਕ | ਐਤਵਾਰ | 30.11.2025 ਤਕ |
| 02398 | ਆਨੰਦ ਵਿਹਾਰ (ਟ.) | 08:20 | ਗਯਾ ਜੰ: | 00:30 | | ਸੋਮਵਾਰ | 01.12.2025 ਤਕ |
| 05283 | ਮੁਜੱਫਰਪੁਰ ਜੰ: | 06:30 | ਆਨੰਦ ਵਿਹਾਰ (ਟ.) | 05:00 | ਸਪਤਾਹ ਵਿਚੰ ਦੋ ਦਿਨ | ਬੁੱਧਵਾਰ, ਸ਼ਨੀਵਾਰ | 29.11.2025 ਤਕ |
| 05284 | ਆਨੰਦ ਵਿਹਾਰ (ਟ.) | 07:00 | ਮੁਜੱਫਰਪੁਰ ਜੰ: | 04:50 | | ਵੀਰਵਾਰ, ਐਤਵਾਰ | 30.11.2025 ਤਕ |
| 03309 | ਧਨਬਾਦ ਜੰ: | 10:10 | ਦਿੱਲੀ ਜੰ: | 09:15 | ਸਪਤਾਹ ਵਿਚੰ ਦੋ ਦਿਨ | ਮੰਗਲਵਾਰ, ਸ਼ਨੀਵਾਰ | 29.11.2025 ਤਕ |
| 03310 | ਦਿੱਲੀ ਜੰ: | 11:45 | ਧਨਬਾਦ ਜੰ: | 13:00 | | ਬੁੱਧਵਾਰ, ਐਤਵਾਰ | 30.11.2025 ਤਕ |
| 03639 | ਗਯਾ ਜੰ: | 22:00 | ਦਿੱਲੀ ਜੰ: | 17:00 | ਸਪਤਾਹ ਵਿਚੰ ਤਿੰਨ ਦਿਨ | ਐਤ, ਮੰਗਲ, ਵੀਰਵਾਰ | 30.11.2025 ਤਕ |
| 03640 | ਦਿੱਲੀ ਜੰ: | 19:00 | ਗਯਾ ਜੰ: | 11:30 | | ਸੋਮ, ਬੁੱਧ, ਸ਼ੁੱਕਰ | 01.12.2025 ਤਕ |
| 03221 | ਰਾਜਗੀਰ | 14:00 | ਆਨੰਦ ਵਿਹਾਰ (ਟ.) | 13:30 | ਸਪਤਾਹਿਕ | ਸੋਮਵਾਰ | 24.11.2025 ਤਕ |
| 03222 | ਆਨੰਦ ਵਿਹਾਰ (ਟ.) | 16:00 | ਰਾਜਗੀਰ | 16:45 | | ਮੰਗਲਵਾਰ | 25.11.202 ਤਕ |
| 03223 | ਰਾਜਗੀਰ | 04:05 | ਹਰਿਦੁਵਾਰ | 05:15 | ਸਪਤਾਹਿਕ | ਸ਼ੁੱਕਰਵਾਰ | 26.12.25 ਤਕ |
| 03224 | ਹਰਿਦੁਵਾਰ | 07:20 | ਰਾਜਗੀਰ | 07:15 | | ਸ਼ਨੀਵਾਰ | 27.12.25 ਤਕ |
| 07363 | ਹੁਬਬਲਿਲ ਜੰ: | 20:30 | ਯੋਗ ਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | ਅਗਲੇ ਆਦੇਸ਼ ਤਕ |
| 07364 | ਯੋਗ ਨਗਰੀ ਰਿਸ਼ੀਕੇਸ਼ | 06:15 | ਹੁਬਬਲਿਲ ਜੰ: | 06:30 | | ਵੀਰਵਾਰ | 16.10.25 ਅਗਲੇ ਆਦੇਸ਼ ਤਕ |
| 06597 | ਯਸ਼ਵੰਤਪੁਰ ਜੰ: | 07:00 | ਯੋਗ ਨਗਰੀ ਰਿਸ਼ੀਕੇਸ਼ | 10:20 | ਸਪਤਾਹਿਕ | ਵੀਰਵਾਰ | 27.11.2025 ਤਕ |
| 06598 | ਯੋਗ ਨਗਰੀ ਰਿਸ਼ੀਕੇਸ਼ | 17:55 | ਯਸ਼ਵੰਤਪੁਰ ਜੰ: | 19:45 | | ਸ਼ਨੀਵਾਰ | 29.11.2025 ਤਕ |
| 08760 | ਦੁਰਗ | 10:45 | ਹਜ਼ਰਤ ਨਿਜ਼ਾਮੁਦੀਨ | 11:10 | ਸਪਤਾਹਿਕ | ਐਤਵਾਰ | 23.11.2025 ਤਕ |
| 08761 | ਹਜ਼ਰਤ ਨਿਜ਼ਾਮੁਦੀਨ | 12:30 | ਦੁਰਗ | 15:00 | | ਸੋਮਵਾਰ | 24.11.2025 ਤਕ |
| 07023 | ਚਰਲਲਪਲੀ | 20:45 | ਹਜ਼ਰਤ ਨਿਜ਼ਾਮੁਦੀਨ | 02:00 | ਸਪਤਾਹਿਕ | ਐਤਵਾਰ | 30.11.2025 ਤਕ |
| 07024 | ਹਜ਼ਰਤ ਨਿਜ਼ਾਮੁਦੀਨ | 04:00 | ਚਰਲਪਲਲੀ | 06:30 | | ਮੰਗਲਵਾਰ | 02.12.2025 ਤਕ |
| 07077 | ਚਰਲਪਲਲੀ | 05:00 | ਦੇਹਰਾਦੂਨ | 19:20 | ਸਪਤਾਹਿਕ | ਮੰਗਲਵਾਰ | 25.11.2025 ਤਕ |
| 07078 | ਦੇਹਰਾਦੂਨ | 07:00 | ਚਰਲਪਲਲੀ | 22:30 | | ਵੀਰਵਾਰ | 27.11.2025 ਤਕ |
| 01483 | ਪੂਣੇ | 17:30 | ਹਜ਼ਰਤ ਨਿਜ਼ਾਮੁਦੀਨ | 20:00 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ਨੀਵਾਰ | 29.11.2025 ਤਕ |
| 01484 | ਹਜ਼ਰਤ ਨਿਜ਼ਾਮੁਦੀਨ | 22:10 | ਪੂਣੇ ਜੰ: | 23:55 | | ਬੁੱਧਵਾਰ, ਐਤਵਾਰ | 30.11.2025 ਤਕ |
| 04123 | ਪ੍ਰਯਾਗਰਾਜ ਜੰ: | 14:50 | ਹਜ਼ਰਤ ਨਿਜ਼ਾਮੁਦੀਨ | 11:35 | ਸਪਤਾਹ ਵਿਚੰ ਦੋ ਦਿਨ | ਬੁੱਧਵਾਰ, ਐਤਵਾਰ | 02.11.2025 ਤਕ |
| 04124 | ਹਜ਼ਰਤ ਨਿਜ਼ਾਮੁਦੀਨ | 15:45 | ਪ੍ਰਯਾਗਰਾਜ ਜੰ: | 09:10 | | ਵੀਰਵਾਰ, ਸੋਮਵਾਰ | 16.10.25 ਸੇ 03.11.25 |
| 09003 | ਮੁੰਬਈ ਸੈਂਟਰਲ | 10:30 | ਸ਼ਕੂਰ ਬਸਤੀ | 08:00 | ਹਰਰੋਜ਼ | ਸੋਮ, ਮੰਗਲ, ਬੁੱਧ, ਵੀਰਵਾਰ ਸ਼ੁੱਕਰ, ਸ਼ਨੀ, ਐਤ | 31.10.2025 ਤਕ |
| 09004 | ਸ਼ਕੂਰ ਬਸਤੀ | 10:15 | ਮੁੰਬਈ ਸੈਂਟਰਲ | 10:30 | | | 16.10.25 ਤੋਂ 01.11.25 |
| 09425 | ਸਾਬਰਮਤੀ ਜੰ: | 08:50 | ਹਰਿਦੁਵਾਰ ਜੰ: | 05:30 | ਸਪਤਾਹ ਵਿਚੰ ਦੋ ਦਿਨ | ਬੁੱਧਵਾਰ, ਸ਼ਨੀਵਾਰ | 29.11.2025 ਤਕ |
| 09426 | ਹਰਿਦੁਵਾਰ ਜੰ: | 21:40 | ਸਾਬਰਮਤੀ ਜੰ: | 21:30 | | ਵੀਰਵਾਰ, ਐਤਵਾਰ | 16.10.25 ਤੋਂ 30.11.25 |
| 04406 | ਸ਼ਕੂਰ ਬਸਤੀ | 20:15 | ਸਹਰਸਾ ਜੰ: | 05:30 | ਮਿਤੀ ਵਾਰ | ਸ਼ੁੱਕਰ, ਸ਼ਨੀ, ਐਤ, ਬੁੱਧ, ਵੀਰਵਾਰ | 17.10, 18.10, 19.10, 22.10, 23.10, 24.10, 25.10, 26.10.25 |
| 04405 | ਸਹਰਸਾ ਜੰ: | 08:00 | ਸ਼ਕੂਰ ਬਸਤੀ | 17:40 | | ਐਤ, ਸੋਮ, ਮੰਗਲ, ਸ਼ੁੱਕਰ, ਸ਼ਨੀ | 19.10, 20.10, 21.10, 24.10, 25.10, 26.10, 27.10, 28.10.25 |
| 04408 | ਆਨੰਦ ਵਿਹਾਰ (ਟ.) | 23:00 | ਪੁਰੀ | 13:30 | 1 ਫੇਰਾ | ਸੋਮਵਾਰ | 18.10.2025 |
| 04407 | ਪੁਰੀ | 16:30 | ਆਨੰਦ ਵਿਹਾਰ (ਟ.) | 07:30 | | ਸ਼ਨੀਵਾਰ | 20.10.2025 |
| 04410 | ਸ਼ਕੂਰ ਬਸਤੀ | 13:00 | ਝੰਝਾਪੁਰ ਜੰ: | 18:30 | ਮਿਤੀ ਵਾਰ | ਬੁੱਧ, ਵੀਰਵਾਰ, ਸ਼ੁੱਕਰ, ਸ਼ਨੀ, ਐਤ | 22.10, 23.10, 24.10, 25.10, 26.10.2025 |
| 04409 | ਝੰਝਾਪੁਰ ਜੰ: | 20:30 | ਸ਼ਕੂਰ ਬਸਤੀ | 01:40 | | ਵੀਰਵਾਰ, ਸ਼ੁੱਕਰ, ਸ਼ਨੀ, ਐਤ, ਸੋਮ | 23.10, 24.10, 25.10, 26.10, 27.10.2025 |
| 04729 | ਸ੍ਰੀ ਗੰਗਾਨਗਰ ਜੰ: | 13:25 | ਗੋਰਪਖਪੁਰ ਜੰ: | 16:30 | 2 ਫੇਰੇ | ਵੀਰਵਾਰ | 23.10.25 ਅਤੇ 30.10.25 |
| 04730 | ਗੋਰਖਪੁਰ ਜੰ: | 19:30 | ਸ੍ਰੀ ਗੰਗਾਨਗਰ ਜੰ: | 02:45 | | ਸ਼ੁੱਕਰਵਾਰ | 24.10.25 ਅਤੇ 31.10.25 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NETS ਐਪ ਦੇਖੋ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — ਉਤੇ ਸਾਨੂੰ ਫਾਲੋ ਕਰੋ

## ਸੰਪਾਦਕੀ

### ਬਿਹਾਰੀਆਂ ਲਈ ਨਕਦਨਾਵਾਂ ਵੰਡਣ ਅਤੇ ਮੈਗਾ ਯੋਜਨਾਵਾਂ ਦੇ ਐਲਾਨ ਦਾ ਹੜ੍ਹ

ਨਿਤਾਣੇ ਬਿਹਾਰੀਆਂ ਲਈ ਨਕਦਨਾਵਾਂ ਵੰਡਣ ਅਤੇ ਮੈਗਾ ਯੋਜਨਾਵਾਂ ਦੇ ਐਲਾਨ ਦਾ ਹੜ੍ਹ ਆਇਆ, ਉਹ ਪਿਛਲੇ ਲੰਮੇ ਅਰਸੇ ਵਿੱਚ ਦੇਖਣ ਨੂੰ ਨਹੀਂ ਮਿਲਿਆ। ਕਾਂਗਰਸ ਆਗੂ ਰਾਹੁਲ ਗਾਂਧੀ ਦੀ ਵੋਟਰ ਅਧਿਕਾਰ ਯਾਤਰਾ ਅਤੇ ਜਨ ਸੁਰਾਜ ਪਾਰਟੀ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਵੱਲੋਂ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਅਤੇ ਜਨਤਾ ਦਲ (ਯੂ) ਦੇ ਮੰਤਰੀ ਅਸ਼ੋਕ ਚੌਧਰੀ ਖਿਲਾਫ਼ ਤਿੱਖੇ ਹਮਲਿਆਂ ਜ਼ਰੀਏ ਭ੍ਰਿਸ਼ਟਾਚਾਰ ਮੁਤੱਲਕ ਤੀਬਰ ਨਾਂਹਮੁਖੀ ਸੰਦੇਸ਼ ਵੀ ਜਾ ਰਿਹਾ ਹੈ। ਇਵੇਂ ਲਗਦਾ ਹੈ ਕਿ ਆਪਣੇ ਆਰਥਿਕ ਵਿਕਾਸ ਉੱਪਰ ਮਾਣ ਮਹਿਸੂਸ ਕਰਨ ਵਾਲੀ ਦੇਸ਼ ਦੀ ਸਿਆਸੀ ਜਮਾਤ ਦੀ ਨਜ਼ਰ ਆਖ਼ਿਰਕਾਰ ਦੁਨੀਆ ਦੇ ਕੁਝ ਸਭ ਤੋਂ ਵੱਧ ਗ਼ਰੀਬ ਵੋਟਰਾਂ ਉੱਪਰ ਪੈ ਰਹੀ ਹੈ ਤੇ ਇਹ ਆਸ਼ਾਵਾਦ ਬਣਿਆ ਹੋਇਆ ਹੈ ਕਿ ਗਾਂਧੀਵਾਦੀ ਸਚਾਈ ਤੇ ਔਰਤ ਵੋਟਰਾਂ ਜਿਨ੍ਹਾਂ ਨੂੰ ਜਾਤੀ ਨਿਰਧਾਰਿਤ ਬਾਹੂਬਲੀਆਂ ਦੇ ਕੰਟਰੋਲ ਵਾਲੀ ਚੁਣਾਵੀ ਰਾਜਨੀਤੀ ਨੇ ਲੰਮੇ ਸਮੇਂ ਤੱਕ ਦਬਾਈ ਰੱਖਿਆ ਸੀ, ਦੀ ਬਦੌਲਤ ਬਿਹਾਰ ਵੱਡੀ ਤਬਦੀਲੀ ਲਈ ਤਿਆਰ ਹੈ। ਕੀ ਚੁਣਾਵੀ ਨਿਰਪੱਖਤਾ ਉੱਪਰ ਜ਼ੋਰ ਦੇਣ ਅਤੇ ਦੋ ਪ੍ਰਮੁੱਖ ਮੰਤਰੀਆਂ ਦੇ ਕਥਿਤ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ ਨਾਲ ਜਨਤਾ ਦਲ (ਯੂ) ਅਤੇ ਭਾਜਪਾ ਦੀ ਦੋ ਦਹਾਕੇ ਪੁਰਾਣੀ ਸਿਆਸੀ ਅਜਾਰੇਦਾਰੀ ਖ਼ਤਮ ਹੋ ਜਾਵੇਗੀ? ਪ੍ਰਸ਼ਾਂਤ ਕਿਸ਼ੋਰ ਦੀ ਪ੍ਰੈੱਸ ਕਾਨਫਰੰਸ ਦੇ ਰਾਜਨੀਤਕ ਤਬਦੀਲੀ ਦੇ ਕਿਹੋ ਜਿਹੇ ਸੰਕੇਤ ਮਿਲਦੇ ਹਨ? ਸੱਤਾਧਾਰੀ ਗਠਜੋੜ ਲਈ ਕੀ ਡਬਲ ਇੰਜਣ ਦੀ ਨਕਦ ਵੰਡ ਘਰ-ਘਰ ਵਿੱਚ ਫੈਲੇ ਦੁੱਖ ਤਕਲੀਫ਼ਾਂ ਦੀ ਜ਼ਮੀਨੀ ਹਕੀਕਤ ਨੂੰ ਢਕ ਲਵੇਗੀ? ਕੀ ਪੈਸੇ ਦੇ ਜ਼ੋਰ 'ਤੇ ਰੁਜ਼ਗਾਰ ਦੀ ਅਣਹੋਂਦ, ਮਿਆਰੀ ਸਿੱਖਿਆ ਅਤੇ ਸਿਹਤ ਸੰਭਾਲ ਦੇ ਕੋਈ ਮਾਇਨੇ ਨਹੀਂ ਰਹਿ ਜਾਣਗੇ? ਕੀ ਗ਼ਰੀਬ ਲੋਕ ਇਕ ਵਾਰ ਫਿਰ ਸੱਤਾਧਾਰੀਆਂ ਦੀ ਸੱਤਾ ਬਰਕਰਾਰ ਰੱਖਣ ਲਈ ਚੁੱਪ-ਚਾਪ ਵੋਟਾਂ ਪਾ ਦੇਣਗੇ? ਸਭ ਤੋਂ ਪਹਿਲਾਂ ਹੱਥ ਵਿੱਚ ਨਕਦਨਾਵਾਂ ਦੇਣ ਦੇ ਵਿਕਾਸ ਦੇ ਨਵੇਂ ਮਾਡਲ ਉੱਪਰ ਕੁਝ ਟਿੱਪਣੀਆਂ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣ ਪ੍ਰੋਗਰਾਮ ਅਤੇ ਆਦਰਸ਼ ਜ਼ਾਬਤੇ ਦੇ ਐਲਾਨ ਤੋਂ ਪਹਿਲਾਂ 62000 ਕਰੋੜ ਰੁਪਏ ਦੇ ਮੈਗਾ ਪ੍ਰਾਜੈਕਟਾਂ ਦਾ ਐਲਾਨ ਕੀਤਾ ਹੈ। ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਸੂਬਿਆਂ, ਖ਼ਾਸਕਰ ਪੰਜਾਬ ਤੇ ਕੁਝ ਹੋਰ ਸੂਬਿਆਂ ਨੂੰ ਕੁਦਰਤੀ ਆਫ਼ਤਾਂ ਦੇ ਕਹਿਰ ਦੇ ਬਾਵਜੂਦ ਕੇਂਦਰ ਦੀ ਇਹੋ ਜਿਹੀ ਫਰਾਖ਼ਦਿਲੀ ਹਾਸਿਲ ਨਹੀਂ ਹੋ ਸਕੀ। ਕੇਂਦਰੀ ਬਜਟ 2025 ਵਿੱਚ ਤਲਾਬਾਂ ਵਿੱਚ ਕਮਲ ਦੇ ਫੁੱਲਾਂ ਦੀ ਕਾਸ਼ਤ ਲਈ 100 ਕਰੋੜ ਰੁਪਏ ਦੀ ਮੁਢਲੀ ਰਾਸ਼ੀ ਜਾਰੀ ਕਰਨ ਅਤੇ ਬਿਹਾਰ ਵਿੱਚ ਮਖਾਨਾ ਬੋਰਡ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ। ਇਹ ਬਹੁਤ ਹੀ ਹੁਨਰਮੰਦ ਕਿੱਤਾ ਹੈ ਜਿਸ ਵਿੱਚ ਮੱਲ੍ਹਾ ਬਰਾਦਰੀ ਦੀਆਂ ਬਹੁਤ ਹੀ ਗ਼ਰੀਬ ਔਰਤਾਂ ਕੰਮ ਕਰਦੀਆਂ ਹਨ। ਬਿਹਾਰ ਵਿੱਚ ਨਵੇਂ ਹਵਾਈ ਅੱਡੇ ਕਾਇਮ ਕੀਤੇ ਜਾਣਗੇ, ਬਿਹਾਰੀ ਮਜ਼ਦੂਰਾਂ ਨੂੰ ਛੱਠ ਪੂਜਾ ਦੌਰਾਨ ਬਹੁਤ ਸਾਰੀਆਂ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਘਰ ਵਾਪਸ ਲਿਆਂਦਾ ਜਾ ਰਿਹਾ ਹੈ। ਪਿਛਲੇ ਸਾਲ ਵੱਡੇ ਕੱਦ ਦੇ ਸਿਆਸੀ ਆਗੂ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਿੱਤਾ ਗਿਆ ਅਤੇ ਹੁਣ ਉਨ੍ਹਾਂ ਦੇ ਨਾਂ 'ਤੇ ਹੁਨਰ ਯੂਨੀਵਰਸਿਟੀ ਦਾ ਨਾਂ ਰੱਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਦੋਵਾਂ ਵੱਲੋਂ ਨਕਦ ਰਾਸ਼ੀ ਵੰਡਣ ਦੇ ਨਾਲ-ਨਾਲ ਏਜੰਡਾ ਰਹਿਤ ਵਿਕਾਸਵਾਦ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਆਪਣੇ ਭਾਸ਼ਣਾਂ ਵਿੱਚ ਪ੍ਰਧਾਨ ਮੰਤਰੀ ਨੇ ਕਿਰਤ ਅਤੇ ਹੁਨਰ ਉੱਪਰ ਜ਼ੋਰ ਦਿੱਤਾ ਹੈ ਪਰ ਆਲਮੀ ਮਿਆਰ ਦੀ ਕੋਈ ਯੂਨੀਵਰਸਿਟੀ ਜਾਂ ਖੋਜ ਸੰਸਥਾ ਸਥਾਪਿਤ ਕਰਨ ਦੀ ਕੋਈ ਗੱਲ ਨਹੀਂ ਕੀਤੀ। ਮੁੱਖ ਮੰਤਰੀ ਨੇ ਨਕਦ ਯੋਜਨਾਵਾਂ ਤੇ ਸਕੀਮਾਂ ਦਾ ਐਲਾਨ ਕੀਤਾ ਹੈ। ਨਿਤੀਸ਼ ਕੁਮਾਰ ਨੇ ਬੁੱਧਵਾਰ ਨੂੰ ਐਕਸ ਉੱਪਰ ਪੋਸਟ ਕੀਤਾ ਕਿ 11 ਲੱਖ ਤੋਂ ਵੱਧ ਆਂਗਣਵਾੜੀ ਮਹਿਲਾ ਕਾਮਿਆਂ ਲਈ ਮਾਣ ਭੱਤਾ ਵਧਾ ਕੇ 9000 ਰੁਪਏ ਮਾਸਿਕ ਕੀਤਾ ਜਾਵੇਗਾ। ਉਨ੍ਹਾਂ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਪੋਸ਼ਣ ਤੇ ਕਲਿਆਣ ਵਿੱਚ ਸੁਧਾਰ ਖ਼ਾਤਿਰ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ। ਮੁੱਖ ਮੰਤਰੀ ਮਹਿਲਾ ਰੁਜ਼ਗਾਰ ਯੋਜਨਾ 'ਚ ਸਹਿਕਾਰੀ ਸੰਘਵਾਦ ਦੀ ਝਲਕ ਸੀ ਜਿਸ ਤਹਿਤ ਪ੍ਰਧਾਨ ਮੰਤਰੀ ਨੇ ਸਤੰਬਰ ਵਿੱਚ 75 ਲੱਖ ਔਰਤਾਂ ਦੇ ਖਾਤਿਆਂ ਵਿੱਚ 7500 ਕਰੋੜ ਰੁਪਏ ਪਾਏ ਹਨ ਤੇ ਮੁੱਖ ਮੰਤਰੀ ਨੇ ਇਸ ਮਹੀਨੇ 25 ਲੱਖ ਔਰਤਾਂ ਨੂੰ 2500 ਕਰੋੜ ਰੁਪਏ ਦਿੱਤੇ ਹਨ, ਕੇਂਦਰ-ਰਾਜ ਦੇ 75:25 ਦੇ ਅਨੁਪਾਤ ਰਾਹੀਂ ਮਹਿਲਾਵਾਂ ਨੂੰ ਸਾਫ਼ ਸਿੱਧੀ ਨਕਦ ਅਦਾਇਗੀ ਜੋ ਇਸ ਪੈਸੇ ਨਾਲ ਸਵੈ-ਰੁਜ਼ਗਾਰ ਕਰਨਗੀਆਂ। ਵੱਡੇ ਨਕਦ ਟਰਾਂਸਫਰ ਤੇ ਲੱਗਣ ਵਾਲੇ ਪ੍ਰਾਜੈਕਟ ਨਿੱਘਰਦੀ ਬਿਹਾਰੀ ਬੈਂਕ 'ਚ ਲਾਏ ਗਏ 'ਪੋਸਟ ਡੇਟਡ' ਚੈੱਕ ਹਨ ਜਿਸ ਬੈਂਕ ਕੋਲ ਹੁਣ ਕੇਵਲ ਕਿਰਤ ਦਾ ਵੱਡਾ ਭੰਡਾਰ ਤੇ ਵੋਟਾਂ ਹੈ ਜੋ ਮਾਇਨੇ ਰੱਖਦਾ ਹੈ। ਨਿਤੀਸ਼, ਜੋ ਇਸ ਨੂੰ ਕਦੇ ਸਾਈਕਲਾਂ 'ਤੇ ਸਕੂਲ ਜਾਂਦੀਆਂ ਵਿਦਿਆਰਥਣਾਂ ਵਿੱਚ ਦੇਖਦੇ ਸਨ, ਹੁਣ ਆਪਣੇ ਦਫ਼ਤਰ ਵਿੱਚ ਤਸੱਲੀ ਨਾਲ ਮੀਟਿੰਗਾਂ ਕਰ ਰਹੇ ਹਨ, ਉਪ ਮੁੱਖ ਮੰਤਰੀਆਂ ਤੇ ਅਧਿਕਾਰੀਆਂ ਨਾਲ ਘਿਰੇ ਹੋਏ ਹਨ ਅਤੇ ਯਕੀਨੀ ਬਣਾ ਰਹੇ ਹਨ ਕਿ ਨਕਦੀ ਬਸ ਇੱਕ ਬਟਨ ਦੱਬਣ ਨਾਲ ਟਰਾਂਸਫਰ ਹੋ ਜਾਵੇ। ਉਨ੍ਹਾਂ ਨੇਕ ਆਈ ਏ ਐੱਸ ਅਧਿਕਾਰੀ ਜੀ ਕ੍ਰਿਸ਼ਨਈਆ ਦੇ ਕਤਲ ਦੇ ਦੋਸ਼ੀ ਆਨੰਦ ਮੋਹਨ ਸਿੰਘ ਵਰਗੇ ਸ਼ਕਤੀਸ਼ਾਲੀ ਨੇਤਾਵਾਂ ਨੂੰ ਸਜ਼ਾਵਾਂ ਦੇਣ ਲਈ ਫਾਸਟ ਟਰੈਕ ਅਦਾਲਤਾਂ ਬਣਾਈਆਂ ਸਨ। 2023 ਵਿੱਚ ਸੂਬਾ ਸਰਕਾਰ ਨੇ ਆਨੰਦ ਮੋਹਨ ਦੀ ਰਿਹਾਈ ਨੂੰ ਯਕੀਨੀ ਬਣਾਇਆ; ਵੋਟਾਂ ਹਾਸਿਲ ਕਰਨ ਲਈ ਉਸ ਦੀ ਲੋੜ ਹੈ, ਖ਼ਾਸਕਰ ਕੇ ਉੱਤਰੀ ਬਿਹਾਰ ਵਿੱਚ, ਜਿੱਥੇ ਭਾਜਪਾ ਕੋਲ ਚੰਗਾ ਮੌਕਾ ਹੈ। ਨਿਤੀਸ਼ ਨੂੰ ਭ੍ਰਿਸ਼ਟਾਚਾਰ ਮੁਕਤ ਨੌਕਰਸ਼ਾਹੀ ਯਕੀਨੀ ਬਣਾਉਣ ਦਾ ਸਿਹਰਾ ਵੀ ਦਿੱਤਾ ਜਾਂਦਾ ਸੀ, ਕਿਉਂਕਿ ਉਸ ਨੇ ਬਾਬੂਆਂ ਦੀ ਗ਼ੈਰ-ਕਾਨੂੰਨੀ ਜਾਇਦਾਦ ਜ਼ਬਤ ਕਰਨ ਦੀ ਸਕੀਮ ਦਾ ਐਲਾਨ ਕੀਤਾ ਸੀ। ਹੈਰਾਨੀ ਦੀ ਗੱਲ ਹੈ ਕਿ ਪ੍ਰਸ਼ਾਂਤ ਕਿਸ਼ੋਰ ਨੇ ਇਸ ਸਕੀਮ ਜਾਂ ਇਸ ਦੀ ਸਫਲਤਾ/ਅਸਫਲਤਾ ਨੂੰ ਨਹੀਂ ਉਭਾਰਿਆ। ਉਸ ਦਾ ਖੁਲਾਸਾ ਜ਼ਿਆਦਾਤਰ ਸੋਸ਼ਲ ਮੀਡੀਆ ਵਿਰਤਾਂਤ ਹੈ, ਸਿਆਸੀ ਖੁਲਾਸਿਆਂ ਦੀ ਫੌਰੀ ਪੁੜੀ ਜਿਸ ਨੂੰ ਗ਼ਰੀਬ ਬਿਹਾਰੀ ਮੁਫ਼ਤ ਇੰਟਰਨੈੱਟ ਨਾਲ ਮੋਬਾਈਲਾਂ 'ਤੇ ਦੇਖਦਾ ਹੈ। ਭਾਜਪਾ ਅੰਦਰ ਸ਼ੁੱਧ ਰਾਜਨੀਤੀ ਦਾ ਮੁਰੀਦ, ਸੇਵਾਮੁਕਤ ਆਈ ਏ ਐੱਸ ਅਫਸਰ ਅਤੇ ਸਾਬਕਾ ਗ੍ਰਹਿ ਸਕੱਤਰ ਆਰ ਕੇ ਸਿੰਘ, ਅਲੱਗ-ਥਲੱਗ ਹੋਇਆ ਪਿਆ ਹੈ। ਪ੍ਰਸ਼ਾਂਤ ਕਿਸ਼ੋਰ ਦੇ ਦੋਸ਼ਾਂ ਦੇ ਜਵਾਬ ਵਿੱਚ ਆਰ ਕੇ ਸਿੰਘ ਨੇ ਸਮਰਾਟ ਚੌਧਰੀ ਅਤੇ ਹੋਰ ਨੇਤਾਵਾਂ ਨੂੰ ਸੱਚ ਬਿਆਨ ਕਰਨ ਲਈ ਕਿਹਾ ਹੈ। ਭਾਜਪਾ ਦਾ ਹੁੰਗਾਰਾ ਆਰ ਕੇ ਸਿੰਘ ਨੂੰ ਪਾਸੇ ਕਰਨ ਅਤੇ ਗਾਇਕ ਪਵਨ ਸਿੰਘ ਨੂੰ ਉਤਸ਼ਾਹਿਤ ਕਰਨ ਦੇ ਰੂਪ ਵਿੱਚ ਆ ਰਿਹਾ ਹੈ। ਜਾਤ ਤੋਂ ਰਾਜਪੂਤ ਪਵਨ ਸਿੰਘ ਦੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਸਨਸੋਲ ਤੋਂ ਉਮੀਦਵਾਰੀ ਵਾਪਸ ਲੈਣੀ ਪਈ ਸੀ (ਸੀਟ 'ਬਿਹਾਰੀ ਬਾਬੂ' ਸ਼ਤਰੂਘਨ ਸਿਨਹਾ ਨੇ ਤ੍ਰਿਣਮੂਲ ਕਾਂਗਰਸ ਵੱਲੋਂ ਜਿੱਤੀ ਸੀ)। ਭਾਜਪਾ ਨੇ ਲੋਕ ਗਾਇਕਾ ਮੈਥਿਲੀ ਠਾਕੁਰ ਨੂੰ ਵੀ ਪਾਰਟੀ ਵਿੱਚ ਸ਼ਾਮਿਲ ਕੀਤਾ ਹੈ। ਇਨ੍ਹਾਂ ਚੋਣਾਂ ਵਿੱਚ ਬਿਹਾਰੀਆਂ ਨੂੰ ਭੱਦੇ ਭੋਜਪੁਰੀ ਗੀਤਾਂ ਦੀ ਦਾਅਵਤ ਮਿਲੇਗੀ ਜਿਸ ਲਈ ਪਵਨ ਸਿੰਘ ਜਾਣੇ ਜਾਂਦੇ ਹਨ ਤੇ ਨਾਲ ਹੀ ਭਗਤੀ ਸੰਗੀਤ 'ਮੈਥਿਲੀ' ਵੀ ਪਰੋਸਿਆ ਜਾਵੇਗਾ ਜਿਸ ਲਈ ਠਾਕੁਰ ਮਸ਼ਹੂਰ ਹੈ। ਪੁਰਸ਼ ਵੋਟਰਾਂ ਨੂੰ ਨਾਜਾਇਜ਼ ਸ਼ਰਾਬ ਨਾਲ ਲਲਚਾ ਕੇ ਖਿੱਚੇ ਜਾਣ ਦੀ ਸੰਭਾਵਨਾ ਹੈ ਜਿਸ ਬਾਰੇ ਪ੍ਰਸ਼ਾਂਤ ਕਿਸ਼ੋਰ ਦਾ ਦਾਅਵਾ ਹੈ ਕਿ ਇਹ ਘਰਾਂ ਦੇ ਬੂਹਿਆਂ ਤੱਕ ਖੁੱਲ੍ਹੀ ਮਾਤਰਾ ਵਿੱਚ ਪਹੁੰਚ ਰਹੀ ਹੈ। ਇਹ ਅਨੁਮਾਨ ਲਾਇਆ ਗਿਆ ਹੈ ਕਿ ਔਰਤ ਵੋਟਰਾਂ ਨੂੰ ਨਕਦ ਦਾਨ ਅਤੇ ਸੀਤਾ ਮਈਆ (ਬਿਹਾਰ ਦੀ ਧੀ) ਤੇ ਭਗਵਾਨ ਰਾਮ ਨੂੰ ਸਮਰਪਿਤ ਭਗਤੀ ਸੰਗੀਤ ਨਾਲ ਖਿੱਚਿਆ ਜਾਵੇਗਾ।

# ਪਿੰਡ ਦੀ ਪੰਚਾਇਤ ਤੇ ਦੋ ਏਕੜ ਸ਼ਾਮਲਾਟ ਜ਼ਮੀਨ ਤੋਂ ਹਜ਼ਾਰਾਂ ਬੂਟੇ ਪੁੱਟੇ ਜਾਣ ਦੇ ਲੱਗੇ ਦੋਸ਼

**ਖਰੜ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਖਰੜ ਬਲਾਕ ਦੇ ਪਿੰਡ ਭਰਤਪੁਰ ਵਿੱਚ ਸ਼ਾਮਲਾਟ ਜ਼ਮੀਨ 'ਤੇ ਲਗਾਏ ਗਏ ਹਜ਼ਾਰਾਂ ਫਲਦਾਰ ਅਤੇ ਫੁੱਲਦਾਰ ਬੂਟਿਆਂ ਨੂੰ ਬਿਨਾਂ ਇਜਾਜ਼ਤ ਦੇ ਪੁੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਜਿਸ ਸੰਬੰਧੀ ਪਿੰਡ ਦੇ ਸਾਬਕਾ ਸਰਪੰਚ ਹਰਮੇਸ਼ ਸਿੰਘ ਨੇ ਮੌਜੂਦਾ ਪਿੰਡ ਦੀ ਪੰਚਾਇਤ ਤੇ ਦੋਸ਼ ਲਗਾਇਆ ਹੈ ਕਿ ਉਹਨਾਂ ਦੇ ਸਮੇਂ ਦੀ ਪੰਚਾਇਤ ਭੰਗ ਹੋਣ ਮਗਰੋਂ ਸਰਕਾਰੀ ਪ੍ਰਬੰਧਕ ਦੇ ਸਮੇਂ ਵਿੱਚ ਉਹਨਾਂ ਦੇ ਪਿੰਡ ਦੀ ਦੋ ਏਕੜ ਥਾਂ ਉੱਤੇ ਐਨਜੀਓ,ਗਲਾਸ ਫਾਊਂਡੇਸ਼ਨ ਪਟਿਆਲਾ ਦੀ ਸਹਾਇਤਾ ਨਾਲ ਹਜ਼ਾਰਾਂ ਫੁੱਲਦਾਰ ਅਤੇ ਫਲਦਾਰ ਬੂਟੇ ਲਗਾਏ ਗਏ ਸਨ ਜਿਸ ਨੂੰ ਹੁਣ ਮੌਜੂਦਾ ਪੰਚਾਇਤ ਨੇ ਮਤਾ ਪਾ ਕੇ ਪੁੱਟ ਕੇ ਕਿਸੇ ਹੋਰ ਥਾਂ ਤੇ ਲਗਾਉਣ ਦਾ ਮਤਾ ਪਾਸ ਕੀਤਾ ਸੀ।ਉਹਨਾਂ ਦੱਸਿਆ ਕਿ ਹੁਣ ਪਿੰਡ ਤੀ ਉਸ ਥਾਂ ਉੱਤੇ ਕੋਈ ਵੀ ਬੂਟਾ ਮੌਜੂਦ ਨਹੀਂ ਹੈ ਅਤੇ ਇਹ ਸਭ ਮਿਲੀ ਭੁਗਤ ਨਾਲ ਕੀਤਾ ਗਿਆ ਹੈ। ਹਰਮੇਸ਼ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਨੇ ਇਸ ਦੀ ਸ਼ਿਕਾਇਤ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ)ਨੂੰ ਵੀ ਕੀਤੀ ਹੈ ਅਤੇ ਇਸ ਮਾਮਲੇ ਨੂੰ ਲੈਕੇ ਪੰਚਾਇਤ ਰਾਜ ਅਧਿਕਾਰੀਆਂ ਨੇ ਵੀ ਸ਼ਿਕਾਇਤ ਕੀਤੀ ਹੈ ਪਰ ਉਹਨਾਂ ਵਲੋਂ ਵੀ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਕਿਹਾ ਕਿ ਇਹ ਮਾਮਲਾ ਨਾ ਸਿਰਫ਼ ਵਾਤਾਵਰਣ ਸੁਰੱਖਿਆ ਪ੍ਰਤੀ ਲਾਪਰਵਾਹੀ ਨੂੰ ਉਜਾਗਰ ਕਰਦਾ ਹੈ,ਸਗੋਂ ਜਨਤਕ ਭਲਾਈ ਕਾਰਜਾਂ ਅਤੇ ਸਰਕਾਰੀ ਯੋਜਨਾਵਾਂ ਅਧੀਨ ਲਗਾਏ ਗਏ ਬੂਟਿਆਂ ਦੀ ਸੁਰੱਖਿਆ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ।ਪਿੰਡ ਦੇ ਸਾਬਕਾ ਸਰਪੰਚ ਹਰਮੇਸ਼ ਸਿੰਘ ਨੇ ਇਹ ਵੀ ਦੱਸਿਆ ਕਿ ਪਿੰਡ ਨੂੰ ਸਾਫ਼ ਵਾਤਾਵਰਣ, ਹਰਿਆਲੀ ਅਤੇ ਸੁੰਦਰ ਬਣਾਇਆ ਲਈ ਪਿੰਡ ਦੇ ਪ੍ਰਬੰਧਕ ਨੇ ਰਾਊਂਡ ਗਲਾਸ ਫਾਊਂਡੇਸ਼ਨ (ਐਨਜੀਓ) ਅਤੇ ਨਰੇਗਾ ਕਰਮਚਾਰੀਆਂ ਦੀ ਮਦਦ ਨਾਲ ਪੰਚਾਇਤ ਚੋਣਾਂ ਦੌਰਾਨ ਪਿੰਡ ਦੇ ਪ੍ਰਬੰਧਕ ਨੇ ਮਾਰਚ 2024 ਵਿੱਚ ਪਿੰਡ ਦੀ ਲਗਪਗ 2 ਏਕੜ ਸ਼ਾਮਲਾਤ ਜ਼ਮੀਨ 'ਤੇ ਵੱਖ-ਵੱਖ ਕਿਸਮਾਂ ਦੇ 3,300 ਬੂਟੇ ਲਗਾਏ ਸਨ।ਇਹ ਬੂਟੇ ਰੁੱਖ ਰਾਊਂਡ ਗਲਾਸ ਫਾਊਂਡੇਸ਼ਨ ਵਲੋਂ ਉਪਲਬਧ ਕਰਵਾਏ ਤਏ ਸਨ ਅਤੇ ਇਸੀ ਐਨਜੀਓ ਨੇ ਬੂਟਿਆਂ ਦੀ ਦੇਖਭਾਲ ਲਈ ਕੰਡਾ ਤਾਰ ਅਤੇ ਪਿਲਰਾਂ ਦੀ ਵਿਵਸਥਾ ਵੀ ਕੀਤੀ ਸੀ। ਬੂਟੇ ਬਕਾਇਦਾ ਨਰੇਗਾ ਦੇ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਲਗਾਏ ਗਏ ਸਨ ਜਿਸਦਾ ਸਾਰਾ ਖ਼ਰਚਾ ਸਰਕਾਰ ਵਲੋਂ ਕੀਤਾ ਗਿਆ ਸੀ। ਉਨ੍ਹਾਂ ਪਿੰਡ ਦੀ ਗ੍ਰਾਮ ਪੰਚਾਇਤ 'ਤੇ ਦੋ ਸਾਲ ਬਾਅਦ ਬਿਨਾਂ ਕਿਸੇ ਪ੍ਰਵਾਨਗੀ ਦੇ ਇਨ੍ਹਾਂ ਬੂਟਿਆਂ ਨੂੰ ਉਖਾੜਨ ਦਾ ਦੋਸ਼ ਲਗਾਇਆ। ਉਨ੍ਹਾਂ ਦੱਸਿਆ ਕਿ ਪਿੰਡ ਦੀ ਗ੍ਰਾਮ ਪੰਚਾਇਤ ਅਤੇ ਨਵੇਂ ਚੁਣੇ ਹੋਏ ਸਰਪੰਚ ਨੇ ਜਲਦਬਾਜ਼ੀ ਬੂਟਿਆਂ ਨੂੰ ਉਖਾੜਨ ਅਤੇ ਬੂਟਿਆਂ ਦੀ ਦੇਖਭਾਲ ਲਈ ਚੁਫੇਰੇ ਲਗਾਈ ਗਈ ਕੰਡਾ ਤਾਰ ਅਤੇ ਪਿਲਰਾਂ ਨੂੰ ਉਖਾੜ ਦਿੱਤਾ ਅਤੇ ਇਹ ਸਾਰਾ ਸਾਜੋ ਸਮਾਨ ਰਾਊਂਡ ਗਲਾਸ ਫਾਊਂਡੇਸ਼ਨ ਨੂੰ ਵਾਪਸ ਚੁਕਵਾ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਸਾਰਾ ਕੁਛ ਮਤਾ ਪਾਸ ਬਿਨਾ ਕੀਤੇ ਗਿਆ। ਸਾਬਕਾ ਸਰਪੰਚ ਹਰਮੇਸ਼ ਸਿੰਘ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਨੇ ਬੂਟਿਆਂ ਨੂੰ ਪਾਣੀ ਦੇਣ ਤੋਂ ਵੀ ਰੋਕਿਆ ਅਤੇ ਇਥੇ ਲਗੀ ਹਰੇ ਭਰੇ ਹਜ਼ਾਰਾਂ ਪੌਦੇ ਉਖਾੜ ਦਿੱਤੇ ਗਏ। ਉਨ੍ਹਾਂ ਪਿੰਡ ਦੇ ਮੌਜੂਦਾ ਸਰਪੰਚ ਸੁਖਵਿੰਦਰ ਸਿੰਘ ਅਤੇ ਪਿੰਡ ਦੀ ਗ੍ਰਾਮ ਪੰਚਾਇਤ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਬਿਨਾ ਕੋਈ ਠੋਸ ਕਾਰਨ ਅਤੇ ਬਿਨਾ ਕਿਸੀ ਮਨਜ਼ੂਰੀ ਤੋਂ ਪਿੰਡ ਦੀ ਪੰਚਾਇਤ ਨੇ ਹਜ਼ਾਰਾਂ ਹਰੇ ਭਰੇ ਬੂਟੇ ਉਖਾੜ ਦਿੱਤੇ। ਹਰਮੇਸ਼ ਸਿੰਘ ਨੇ ਕਿਹਾ ਕਿ ਪਹਿਲਾਂ ਇੱਕ ਮਤਾ ਪੇਸ਼ ਕੀਤਾ ਗਿਆ ਸੀ ਕਿ ਇਥੇ ਲਗੇ ਬੂਟੇ ਉਖਾੜ ਕੇ ਇਸ ਜ਼ਮੀਨ ਨੂੰ ਪਿੰਡ ਦੇ ਕਿਸੇ ਹੋਰ ਕੰਮ ਲਈ ਵਰਤਿਆ ਜਾਵੇਗਾ ਪ੍ਰ ਇਸ ਮਤੇ ਨੂੰ ਪਾਸ ਕੀਤੇ ਬਿਨਾਂ ਅਤੇ ਕਿਸੇ ਸਮਰੱਥ ਅਧਿਕਾਰੀ ਤੋਂ ਇਜਾਜ਼ਤ ਲਏ ਬਿਨਾਂ ਇੱਥੇ ਲਗਾਏ ਗਏ ਹਜ਼ਾਰਾਂ ਹਰੇ ਭਰੇ ਪੌਦੇ ਉਖਾੜ ਦਿੱਤੇ ਗਏ।ਉਨ੍ਹਾਂ ਨੇ ਇਸ ਪੂਰੇ ਮਾਮਲੇ ਸੰਬੰਧੀ ਸਬੰਧਿਤ ਵਿਭਾਗ ਵਿੱਚ ਇੱਕ ਆਰਟੀਆਈ ਦਾਇਰ ਕੀਤੀ ਸੀ,ਜਿਸ ਵਿੱਚ ਅੱਠ ਨੁਕਤਿਆਂ ਦੇ ਜਵਾਬ ਮੰਗੇ ਗਏ ਸਨ। ਸ਼ੁਰੂਆਤੀ ਆਰਟੀਆਈ ਜਵਾਬ ਵਿੱਚ ਸਿਰਫ ਪੰਜ ਨੁਕਤਿਆਂ ਦਾ ਹੀ ਜਵਾਬ ਦਿੱਤਾ ਗਿਆ ਸੀ ਅਤੇ ਬਾਕੀ ਤਿੰਨ ਮਹੱਤਵਪੂਰਨ ਨੁਕਤਿਆਂ ਨੂੰ ਗੋਲਮੋਲ ਕਰ ਦਿੱਤਾ ਗਿਆ ਸੀ। ਜਦੋਂ ਉਨ੍ਹਾਂ ਨੇ ਮੁੜ ਤੋਂ ਪੂਰੇ ਨੁਕਤਿਆਂ ਦੇ ਜਵਾਬ ਮੰਗੇ ਤਾਂ ਪੂਰਾ ਮਾਮਲਾ ਸਾਹਮਣੇ ਆਇਆ,ਜਿਸ ਨਾਲ ਇਹ ਸਪੱਸ਼ਟ ਹੋ ਗਿਆ ਕਿ ਪਿੰਡ ਦੀ ਗ੍ਰਾਮ ਪੰਚਾਇਤ ਨੇ ਬਿਨਾਂ ਕਿਸੇ ਸਮਰਥ [illegible] ਮਾਮਲੇ ਬਾਰੇ ਪੰਚਾਇਤੀ ਰਾਜ ਵਿਭਾਗ ਵਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਕੋਲ ਵੀ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਹੁਣ ਉਨ੍ਹਾਂ ਨੇ ਆਪਣੇ ਵਕੀਲ ਰਾਹੀਂ ਵਿਜੀਲੈਂਸ ਬਿਊਰੋ ਪੰਜਾਬ ਦੇ ਡਾਇਰੈਕਟਰ, ਪੇਂਡੂ ਵਿਕਾਸ 'ਤੇ ਪੰਚਾਇਤ ਵਿਭਾਗ ਦੇ ਸਕੱਤਰ, ਜੰਗਲਾਤ ਵਿਭਾਗ ਦੇ ਸਕੱਤਰ, ਵਧੀਕ ਡਿਪਟੀ ਕਮਿਸ਼ਨਰ ਮੋਹਾਲੀ, ਜ਼ਿਲ੍ਹਾ ਵਿਕਾਸ 'ਤੇ ਪੰਚਾਇਤ ਅਫ਼ਸਰ ਮੋਹਾਲੀ ਅਤੇ ਬਲਾਕ ਵਿਕਾਸ 'ਤੇ ਪੰਚਾਇਤ ਅਫ਼ਸਰ ਖਰੜ ਜ਼ਿਲ੍ਹਾ ਮੋਹਾਲੀ ਨੂੰ ਵੀ ਨੋਟਿਸ ਭੇਜੇ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਹਰੇ ਰੁੱਖਾਂ ਨੂੰ ਉਖਾੜਨ ਦੇ ਦੋਸ਼ੀ ਪਾਏ ਜਾਣ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਐਨਜੀਟੀ,ਵਿਜੀਲੈਂਸ ਬਿਊਰੋ ਅਤੇ ਸਬੰਧਤ ਵਿਭਾਗ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਨਗੇ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨਗੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਅਧਿਕਾਰੀ ਜਾਂ ਪੰਚਾਇਤ ਵਾਤਾਵਰਣ 'ਤੇ ਜਨਤਕ ਹਿੱਤ ਨਾਲ ਸਮਝੌਤਾ ਕਰਨ ਦੀ ਹਿੰਮਤ ਨਾ ਕਰੇ।

**ਕੀ ਕਹਿਣਾ ਹੈ ਇਸ ਸੰਬੰਧੀ ਡੀ.ਡੀ.ਪੀ.ਓ ਮੋਹਾਲੀ ਦਾ**

ਇਸ ਸੰਬੰਧੀ ਜਦੋਂ ਡੀ.ਡੀ.ਪੀ.ਓ ਮੋਹਾਲੀ ਪਰਮਵੀਰ ਕੌਰ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਬੀ.ਡੀ.ਪੀ ਓ ਮਹਕਮੀਤ ਸਿੰਘ ਵਲੋਂ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਸੰਬੰਧੀ ਉਹਨਾਂ ਵਲੋਂ ਜਲਦ ਹੀ ਗ੍ਰਾਮ ਸਭਾ ਦਾ ਇਜਲਾਸ ਕੀਤਾ ਜਾ ਰਿਹਾ ਹੈ ਅਤੇ ਇਸ ਮਗਰੋ 10 ਦਿਨ ਅੰਦਰ ਰਿਪੋਰਟ ਤਿਆਰ ਹੋ ਜਾਵੇਗੀ।

**ਕੀ ਕਹਿਣਾ ਹੈ ਪਿੰਡ ਦੇ ਮੌਜੂਦਾ ਸਰਪੰਚ ਦਾ**

ਜਦੋਂ ਇਸ ਬਾਰੇ ਪਿੰਡ ਦੇ ਮੌਜੂਦਾ ਸਰਪੰਚ ਸੁਖਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਉਹਨਾਂ ਉੱਤੇ ਜੋ ਦੋਸ਼ ਪਿੰਡ ਦੇ ਸਾਬਕਾ ਸਰਪੰਚ ਨੇ ਲਗਾਏ ਹਨ ਉਹ ਬੇਏ ਬੁਨਿਆਦ ਅਤੇ ਝੂਠੇ ਹਨ। ਉਨਾਂ ਦੀ ਪੰਚਾਇਤ ਵੱਲੋਂ ਕੋਈ ਵੀ ਬੂਟਾ ਨਹੀਂ ਪੁੱਟਿਆ ਗਿਆ ਸਿਰਫ ਮਤਾ ਪਾਇਆ ਗਿਆ ਸੀ ਅਤੇ ਇਸ ਬਾਰੇ ਸੰਬੰਧਿਤ ਮਹਿਕਮੇ ਨੂੰ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ ਉਹਨਾਂ ਦੀ ਪਿੰਡ ਦੀ ਜ਼ਮੀਨ ਉੱਤੇ ਜੋ ਬੂਟੇ ਲੱਗੇ ਹਨ ਉਸ ਨੂੰ ਉਹ ਉਥੋਂ ਉਖਾੜ ਕੇ ਕਿਤੇ ਹੋਰ ਥਾਂ ਉੱਤੇ ਲਗਾਉਣਾ ਚਾਹੁੰਦੇ ਹਨ ਪਰ ਕੋਈ ਵੀ ਬੂਟਾ ਉਹਨਾਂ ਵੱਲੋਂ ਨਹੀਂ ਖਰਾਬ ਕੀਤਾ ਗਿਆ।ਉਹਨਾਂ ਕਿਹਾ ਕਿ ਜਿਸ ਥਾਂ ਉੱਤੇ ਬੂਟੇ ਲੱਗੇ ਸਨ ਉਹ ਜਮੀਨ ਵਾਹੀ ਯੋਗ ਹੈ ਅਤੇ ਪਿਛਲੇ 50-60 ਸਾਲਾ ਤੋ ਵਾਹੀ ਲਈ ਦਿੱਤੀ ਜਾਂਦੀ ਸੀ ਜਿਸ ਤੋਂ ਲੱਖਾਂ ਰੁਪਏ ਦੀ ਆਮਦਨ ਹੁੰਦੀ ਸੀ ਪਰ ਸਾਬਕਾ ਸਰਪੰਚ ਨੇ ਸਨ 2014 ਤੋ ਬਾਅਦ ਇਸ ਉੱਤੇ ਕੋਈ ਵਾਹੀ ਨਹੀਂ ਹੋਣ ਦਿੱਤੀ। ਜੋਂ ਦੋਸ਼ ਉਹਨਾਂ ਦੀ ਕਾਰਗੁਜ਼ਾਰੀ ਤੇ ਲਗਾਏ ਜਾ ਰਹੇ ਹਨ ਉਹ ਇਤਰਾਜਯੋਗ ਹਨ।

# ਡਿਪਟੀ ਕਮਿਸ਼ਨਰ ਵਲੋਂ ਝੋਨੇ ਦੀ ਲਿਫ਼ਟਿੰਗ 'ਚ ਹੋਰ ਤੇਜ਼ੀ ਲਿਆਉਣ ਦੀ ਹਦਾਇਤ



**ਜਲੰਧਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਚੱਲ ਰਹੀ ਖ਼ਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਫ਼ਸਲ ਦੀ ਚੁਕਾਈ ਵਿੱਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਖ਼ੁਰਾਕ ਤੇ ਸਿਵਲ ਸਪਲਾਈਜ਼ ਅਤੇ ਜ਼ਿਲ੍ਹਾ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਖ਼ਰੀਦ ਉਪਰੰਤ ਝੋਨੇ ਦੀ ਲਿਫਟਿੰਗ ਪ੍ਰਕਿਰਿਆ ਨਾਲੋ-ਨਾਲ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮੰਡੀ ਵਿੱਚ ਝੋਨੇ ਦੀ ਆਮਦ ਵਧੇਗੀ, ਇਸ ਲਈ ਖਰੀਦ ਹੋਏ ਝੋਨੇ ਦੀ ਲਿਫ਼ਟਿੰਗ ਵਿੱਚ ਕੋਈ ਢਿੱਲ ਨਾ ਵਰਤੀ ਜਾਵੇ।ਡਾ. ਅਗਰਵਾਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 64,931 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 61,397 ਮੀਟ੍ਰਿਕ ਟਨ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਨਗ੍ਰੇਨ ਵੱਲੋਂ 20,033 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 23,019 ਮੀਟ੍ਰਿਕ ਟਨ, ਪਨਸਪ ਵੱਲੋਂ 12,992 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 4,799 ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ 479 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 75 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈਉਨ੍ਹਾਂ ਦੱਸਿਆ ਕਿ ਖਰੀਦ ਕੀਤੇ ਝੋਨੇ ਦੀ ਕਿਸਾਨਾਂ ਨੂੰ 144 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਜਾ ਚੁੱਕੀ ਹੈ।ਪੰਜਾਬ ਸਰਕਾਰ ਦੀ ਕਿਸਾਨਾਂ ਦੀ ਫ਼ਸਲ ਦਾ ਦਾਣਾ-ਦਾਣਾ ਖ਼ਰੀਦਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਝੋਨੇ ਦੇ ਖ਼ਰੀਦ ਸੀਜ਼ਨ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।ਖ਼ਰੀਦ ਨਿਰਵਿਘਨ ਢੰਗ ਨਾਲ ਹੋ ਸਕੇ।

# ਬਨੂੜ ਵਿਖੇ ਵੱਖ ਵੱਖ ਪਾਰਟੀਆਂ ਤੋਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਿਲ

**ਰਾਜਪੁਰਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬਨੂੜ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਇਕਾਂ ਨੇ ਨਾ ਮਿੱਤਲ ਨੇ ਕਿਹਾ ਕਿ ਅੱਜ ਬਨੋੜ ਲਈ ਬਹੁਤ ਵੱਡਾ ਖੁਸ਼ੀ ਦਾ ਦਿਨ ਹੈ ਕਿ ਅੱਜ ਬਹੁਤ ਵੱਡੀ ਗਿਣਤੀ ਵਿੱਚ ਕਾਂਗਰਸ ਅਤੇ ਬਸਪਾ ਨੂੰ ਛੱਡ ਕੇ ਬਹੁਤ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ । ਕਾਂਗਰਸ ਅਤੇ ਬਸਪਾ ਦੇ ਬਹੁਤ ਸਾਰੇ ਵਰਕਰ ਪਹਿਲਾਂ ਵੀ ਕਾਫੀ ਸਮੇਂ ਤੋਂ ਰਾਜਨੀਤੀ ਵਿੱਚ ਸਰਗਰਮ ਸਨ ।ਅਤੇ ਹੁਣ ਇਹਨਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਕੰਮ ਅਤੇ ਪਿਛਲੀਆਂ ਪਾਰਟੀਆਂ ਦੇ ਕੰਮਾਂ ਵਿੱਚ ਅੰਤਰ ਦੇਖਿਆ ਅਤੇ ਆਮ ਆਦਮੀ ਪਾਰਟੀ ਨੂੰ ਜੁਆਇਨ ਕਰਕੇ ਬਨੂੜ ਨੂੰ ਵਿਕਾਸ ਦੇ ਰਸਤੇ ਤੇ ਲਿਜਾਉਣ ਦਾ ਫੈਸਲਾ ਕੀਤਾ ।

ਬਨੂੜ ਵਿਖੇ ਕੁਝ ਮੰਦਰਾਂ ਦੇ ਰੋਲੇ ਉੱਤੇ ਬੋਲਦੇ ਹੋਏ ਉਹਨਾਂ ਨੇ ਕਿਹਾ ਕਿ ਹਰ ਮੰਦਰ ਜਨਤਾ ਦੀ ਸਾਂਝੀ ਜਗਹਾ ਹੁੰਦਾ ਹੈ । ਜਿੱਥੇ ਜਨਤਾ ਦਾ ਹਰ ਨਾਗਰਿਕ ਸ਼ਰਧਾ ਨਾਲ ਹੀ ਜਾਂਦਾ ਹੈ ।

ਇਸ ਕਰਕੇ ਮੰਦਰ ਵਿੱਚ ਚੜਨ ਵਾਲੇ ਚੜਾਵੇ ਦਾ ਵੀ ਹੱਕ ਮੰਦਰ ਦਾ ਹੀ ਹੋਣਾ ਚਾਹੀਦਾ ਹੈ ਮੰਦਿਰ ਤੇ ਹੀ ਲੱਗਣਾ ਚਾਹੀਦਾ ਹੈ ਨਾ ਕੀ ਕਿਸੇ ਖਾਸ ਵਿਅਕਤੀ ਨੂੰ ਅਤੇ ਕਮਿਊਨਿਟੀ ਸੈਂਟਰ ਬਨੂੜ ਬਾਰੇ ਬੋਲਦੇ ਹੋਇਆਂ ਵੀ ਉਹਨਾਂ ਨੇ ਸਪਸ਼ਟ ਕੀਤਾ ਕਿ ਇਹ ਕਮਿਊਨਿਟੀ ਸੈਂਟਰ 30 ਮਾਰਚ 20 22 ਤੋਂ ਪਹਿਲਾਂ ਬਣਨਾ ਚਾਹੀਦਾ ਸੀ ਨਹੀਂ ਤਾਂ ਉਸਦੇ ਪੈਸੇ ਵਾਪਸ ਹੋ ਜਾਣੇ ਸੀ ਜਦਕਿ ਉਹਨਾਂ ਦੀ ਸਰਕਾਰ 16 ਮਾਰਚ 2022 ਤੋਂ ਬਣੀ ਹੈ। ਅਤੇ ਇੱਕ ਮੁੱਖ ਮੁੱਦਾ ਇਹ ਵੀ ਸੀ ਕਿ ਕਮਿਊਨਿਟੀ ਸੈਂਟਰ ਦਾ ਨਾਮ ਬਾਬਾ ਸਾਹਿਬ ਅੰਬੇਦਕਰ ਕਮਿਊਨਿਟੀ ਸੈਂਟਰ ਰੱਖਿਆ ਜਾਵੇ ਜਦਕਿ ਕੁਝ ਲੋਕ ਸਿਰਫ ਕਮਿਊਨਿਟੀ ਸੈਂਟਰ ਹੀ ਰੱਖਣਾ ਚਾਹੁੰਦੇ ਸਨ ਇਸੇ ਕਰਕੇ ਇਹ ਕੰਨਟੀ ਸੈਂਟਰ ਦਾ ਕੰਮ ਅੱਧ ਵਿਚਕਾਰ ਲਟਕ ਰਿਹਾ ਹੈ ਅਤੇ ਪੈਸੇ ਵੀ ਇਸੇ ਕਰਕੇ ਵਾਪਸ ਚਲੇ ਗਏ ਸਨ ਵਿਧਾਇਕਾਂ ਨੀਨਾ ਮਿੱਤਲ ਨੇ ਇਹ ਵੀ ਕਿਹਾ ਕਿ ਅੱਜ ਉਹਨਾਂ ਦੀ ਸਰਕਾਰ ਵਿੱਚ ਬਨੋੜ ਵਿੱਚ ਉਹ ਵੀ ਗਲੀਆਂ ਬਣੀਆਂ ਹਨ ਜਿਹੜੀਆਂ ਕਿ ਤਕਰੀਬਨ ਪਿਛਲੇ 3040 ਸਾਲਾਂ ਤੋਂ ਖਰਾਬ ਸਨ ਅਤੇ ਕਿਸੇ ਵੀ ਸਰਕਾਰ ਨੇ ਉਹਨਾਂ ਨੂੰ ਬਣਾਉਣ ਸਬੰਧੀ ਕੋਈ ਧਿਆਨ ਨਹੀਂ ਦਿੱਤਾ ਸੀ ਅਤੇ ਜਦੋਂ ਹੁਣ ਇਹਨਾਂ ਦੀ ਸਰਕਾਰ ਵਿੱਚ ਹਰ ਤਰ੍ਹਾਂ ਦੇ ਕੰਮ ਹੋ ਰਹੇ ਹਨ ਤਾਂ ਇਹਨਾਂ ਕੰਮਾਂ ਦਾ ਕ੍ਰੈਡਿਟ ਹੋਰ ਸਿਆਸੀ ਪਾਰਟੀਆਂ ਲੈਣਾ ਚਾਹੁੰਦੀਆਂ ਹਨ ਵਿਧਾਇਕਾਂ ਨੀ ਨਾ ਮਿੱਤਲ ਨੇ ਇਹ ਵੀ ਐਲਾਨ ਕੀਤਾ ਕਿ ਬਨੂੜ ਸਬ ਡਿਵੀਜ਼ਨ ਵੀ ਜਲਦ ਹੀ ਬਣਨ ਵਾਲਾ ਹੈ ਅਤੇ ਇਸ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਅਤੇ ਨਵੇਂ ਜੁਆਇਨ ਹੋਏ ਵਿਅਕਤੀਆਂ ਨੂੰ ਵੀ ਪਾਰਟੀ ਵਿੱਚ ਬਣਦਾ ਹੈ ਅਤੇ ਪੈਸੇ ਵੀ ਇਸੇ ਕਰਕੇ ਵਾਪਸ ਚਲੇ ਗਏ ਸਨ ਵਿਧਾਇਕਾਂ ਨੀਨਾ ਮਿੱਤਲ ਨੇ ਇਹ ਵੀ ਕਿਹਾ ਕਿ ਅੱਜ ਉਹਨਾਂ ਦੀ ਸਰਕਾਰ ਵਿੱਚ ਬਨੋੜ ਵਿੱਚ ਉਹ ਵੀ ਗਲੀਆਂ ਬਣੀਆਂ ਹਨ ਜਿਹੜੀਆਂ ਕਿ ਤਕਰੀਬਨ ਪਿਛਲੇ 3040 ਸਾਲਾਂ ਤੋਂ ਖਰਾਬ ਸਨ ਅਤੇ ਕਿਸੇ ਵੀ ਸਰਕਾਰ ਨੇ ਉਹਨਾਂ ਨੂੰ ਬਣਾਉਣ ਸਬੰਧੀ ਕੋਈ ਧਿਆਨ ਨਹੀਂ ਦਿੱਤਾ ਸੀ ਅਤੇ ਜਦੋਂ ਹੁਣ ਇਹਨਾਂ ਦੀ ਸਰਕਾਰ ਵਿੱਚ ਹਰ ਤਰ੍ਹਾਂ ਦੇ ਕੰਮ ਹੋ ਰਹੇ ਹਨ ਤਾਂ ਇਹਨਾਂ ਮਾਣ ਸਨਮਾਨ ਦਿੱਤਾ ਜਾਵੇਗਾ ਅਤੇ ਰਾਜਪੁਰਾ ਅਤੇ ਬਨੋੜ ਹਲਕੇ ਦੇ ਵਿਕਾਸ ਲਈ ਹਰ ਚੰਗਾ ਪਰਿਯਤਨ ਕੀਤਾ ਜਾਵੇਗਾ ।

# ਸਰਬਜੀਤ ਝਿੰਜਰ ਵੱਲੋਂ ਯੂਥ ਅਕਾਲੀ ਦਲ ਦੀ 33 ਮੈਂਬਰੀ ਕੋਰ ਕਮੇਟੀ ਦਾ ਐਲਾਨ

## ਆਕਾਸ਼ਦੀਪ ਸਿੰਘ ਮਿੱਡੂਖੇੜਾ ਨੂੰ ਮਾਲਵੇ ਦੇ ਜ਼ਿਲ੍ਹਿਆਂ ਦਾ ਅਬਜਰਵਰ ਲਗਾਇਆ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਯੂਥ ਵਿੰਗ ਦੇ ਜਥੇਬੰਦਕ ਢਾਂਚੇ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ।

ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਸੂਚੀ ਕਰਦੇ ਹੋਏ ਸਰਬਜੀਤ ਸਿੰਘ ਝਿੰਜਰ ਨੇ ਦੱਸਿਆ ਕਿ ਆਕਾਸ਼ਦੀਪ ਸਿੰਘ ਮਿੱਡੂਖੇੜਾ ਸਕੱਤਰ ਜਨਰਲ ਯੂਥ ਵਿੰਗ ਨੂੰ ਮਾਲਵੇ ਦੇ ਜਿਲਾ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮਾਨਸਾ, ਫਿਰੋਜਪੁਰ, ਫਾਜਲਿਕਾ ਅਤੇ ਫਰਦੀਕੋਟ ਜ਼ਿਲਿਆਂ ਦਾ ਯੂਥ ਵਿੰਗ ਵਿੱਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਰਗਰਮ ਕਰਨ ਅਤੇ ਯੂਥ ਵਿੰਗ ਦੀ ਬੂਥ ਲੈਵਲ ਤੱਕ ਜਥੇਬੰਦੀ ਬਣਾਉਣ ਲਈ ਅਬਜਰਵਰ ਲਗਾਇਆ ਗਿਆ।



ਝਿੰਜਰ ਨੇ ਦੱਸਿਆ ਕਿ ਯੂਥ ਵਿੰਗ ਦੇ ਜਿਹਨਾਂ ਮਿਹਨਤੀ ਨੌਜਵਾਨਾਂ ਨੂੰ ਵਿੰਗ ਦੀ ਕੋਰ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ ਉਹਨਾਂ ਵਿੱਚ ਸ.ਸੁਰਿੰਦਰ ਸਿੰਘ ਬੱਬੂ ਫਿਰੋਜ਼ਪੁਰ, ਸੁਖਜਿੰਦਰ ਸਿੰਘ ਸੋਨੂੰ ਲੰਗਾਹ ਗੁਰਦਾਸਪੁਰ, ਰਖਬਿੰਦਰ ਸਿੰਘ ਗਾਬੜੀਆ ਲੁਧਿਆਣਾ, ਬਬਰੀਕ ਸਿੰਘ ਬਿੱਕਾ ਰੋਮਾਣਾ, ਜਸਕਰਨ ਸਿੰਘ ਦਿਓਲ, ਐਡ ਰਾਜਕਮਲ ਸਿੰਘ ਗਿੱਲ ਨਕੋਦਰ, ਸਰਤਾਜ ਸਿੰਘ ਤਾਜੀ ਫਾਜ਼ਿਲਕਾ, ਕੰਵਰਜੀਤ ਸਿੰਘ ਜੱਗੀ ਪਾਇਲ ਪਰਮਿੰਦਰ ਸਿੰਘ ਸੋਮਲ ਬੱਸੀ ਪਠਾਣਾ, ਹਰਪ੍ਰੀਤ ਸਿੰਘ ਰਿਚੀ, ਗੁਰਪ੍ਰੀਤ ਸਿੰਘ ਚਾਹਲ ਮਾਨਸਾ, ਕੁਲਵਿੰਦਰ ਸ਼ਰਮਾ ਕਿੰਦਾ ਲੁਧਿਆਣਾ, ਸ. ਕਮਲਜੀਤ ਸਿੰਘ ਗਿੱਲ ਅਮਲੋਹ, ਐਡ. ਕਿਰਨਪ੍ਰੀਤ ਸਿੰਘ ਮੋਨੂੰ ਅੰਮ੍ਰਿਤਸਰ, ਗੁਰਪ੍ਰੀਤ ਸਿੰਘ ਵਡਾਲੀ ਅੰਮ੍ਰਿਤਸਰ, ਅਵਨੀਤ ਸਿੰਘ ਢੀਂਡਸਾ , ਰਮਨਦੀਪ ਸਿੰਘ ਦਿੱਲੀ, ਸ: ਸਾਹਿਬਜੀਤ ਸਿੰਘ ਬਿੰਦਰਾ ਦਿੱਲੀ, ਸ.ਹਰਜਿੰਦਰ ਸਿੰਘ ਕਾਲਾ ਜਲਾਲਾਬਾਦ, ਸੁਖਜੀਤ ਸਿੰਘ ਮਾਹਲਾ ਬਾਘਾ ਪੁਰਾਣਾ, ਜਗਦੀਪ ਸਿੰਘ ਲਹਿਲ ਪਾਇਲ, ਸ.ਪ੍ਰਹਿਲਾਦ ਸਿੰਘ ਕੋਟਲਾ ਅਜਨੇਰ, ਸ. ਹਰਜਿੰਦਰ ਸਿੰਘ ਬਲੌਂਗੀ, ਸ. ਜਸਪ੍ਰੀਤ ਸਿੰਘ ਸੋਨੀ ਬੜੀ ਮੋਹਾਲੀ, ਸ.ਹਰਕੰਵਲ ਸਿੰਘ ਬਿੱਟੂ ਚੁੰਨੀ, ਰਮਨਦੀਪ ਸਿੰਘ ਥਿਆੜਾ ਨਵਾਂਸ਼ਹਿਰ, ਸ.ਸੁਖਵੀਰ ਸਿੰਘ ਕਲਵਾਂ ਰੂਪਨਗਰ, ਸ: ਗੁਰਦੀਪ ਸਿੰਘ ਟੋਡਰਪੁਰ, ਸ.ਜਗਮੀਤ ਸਿੰਘ ਨਾਨਕਪੁਰਾ, ਸ.ਜੈਸਰਥ ਸਿੰਘ ਸੰਧੂ ਜਲਾਲਾਬਾਦ, ਸ. ਸਤਨਾਮ ਸਿੰਘ ਕੈਲੋ ਲੁਧਿਆਣਾ, ਕੰਵਰ ਨਵਦੀਪ ਸਿੰਘ ਮੌੜ, ਸ. ਕੁਲਵਿੰਦਰ ਸਿੰਘ ਸੇਮਾ ਅਤੇ ਸ. ਸੁਰਿੰਦਰ ਸਿੰਘ ਛਿੰਦਾ ਕਰਤਾਰਪੁਰ ਦੇ ਨਾਮ ਸ਼ਾਮਲ ਹਨ।

# ਗਰੁੱਪ ਕਮਾਂਡਰ ਬ੍ਰਿਗੇਡੀਅਰ ਸੰਧੂ ਵੱਲੋਂ ਏਅਰ ਸਕੁਐਡਰਨ ਐਨਸੀਸੀ ਦਾ ਦੌਰਾ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਰੁੱਪ ਹੈੱਡਕੁਆਰਟਰ ਪਟਿਆਲਾ ਤੋਂ ਗਰੁੱਪ ਕਮਾਂਡਰ ਬ੍ਰਿਗੇਡੀਅਰ ਐਚ.ਐਸ. ਸੰਧੂ ਨੇ ਆਪਣੀ ਪਹਿਲੀ ਫੇਰੀ ਦੌਰਾਨ ਨੰਬਰ-3 ਪੰਜਾਬ ਏਅਰ ਸਕੁਐਡਰਨ ਐਨਸੀਸੀ ਦਾ ਦੌਰਾ ਕੀਤਾ। ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਅਜੈ ਭਾਰਦਵਾਜ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਫੇਰੀ ਦੌਰਾਨ, ਗਰੁੱਪ ਕਮਾਂਡਰ ਬ੍ਰਿਗੇਡੀਅਰ ਸੰਧੂ ਨੂੰ ਯੂਨਿਟ ਦੀਆਂ ਗਤੀਵਿਧੀਆਂ, ਪ੍ਰਾਪਤੀਆਂ ਅਤੇ ਸੰਪਤੀਆਂ ਬਾਰੇ ਇੱਕ ਵਿਆਪਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਨੇ ਸਟਾਫ ਨਾਲ ਗੱਲਬਾਤ ਕੀਤੀ ਅਤੇ ਕੈਡਿਟ ਸਿਖਲਾਈ ਅਤੇ ਵਿਕਾਸ ਨੂੰ ਵਧਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਆਪਣੇ ਭਾਸ਼ਣ ਵਿੱਚ, ਬ੍ਰਿਗੇਡੀਅਰ ਸੰਧੂ ਨੇ ਅਨੁਸ਼ਾਸਿਤ, ਜ਼ਿੰਮੇਵਾਰ ਅਤੇ ਦੇਸ਼ ਭਗਤ ਨੌਜਵਾਨਾਂ ਨੂੰ ਢਾਲਣ ਵਿੱਚ ਐਨਸੀਸੀ ਸਿਖਲਾਈ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਐਨਸੀਸੀ ਯੂਨਿਟ ਦੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਐਨਸੀਸੀ ਗਤੀਵਿਧੀਆਂ ਦੇ ਸਾਰੇ ਖੇਤਰਾਂ ਵਿੱਚ ਨਿਰੰਤਰ ਉੱਤਮਤਾ ਨੂੰ ਉਤਸ਼ਾਹਿਤ ਕੀਤਾ।

# ਆਮ ਆਦਮੀ ਪਾਰਟੀ ਵਲੋਂ ਸੰਦੀਪ ਬੰਧੂ ਹਲਕਾ ਮੀਡੀਆ ਇੰਚਾਰਜ ਅਤੇ ਜਸਵਿੰਦਰ ਰਿੰਪਾ ਮੀਡੀਆ ਸਹਿ-ਇੰਚਾਰਜ ਨਿਯੁਕਤ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਵਲੋਂ ਅੱਜ ਪਾਰਟੀ ਦੇ ਪੁਰਾਣੇ ਟਕਸਾਲੀ ਵਾਲੰਟੀਅਰ ਸੰਦੀਪ ਬੰਧੂ ਨੂੰ ਹਲਕਾ ਪਟਿਆਲਾ ਸ਼ਹਿਰੀ ਦਾ ਮੀਡੀਆ ਇੰਚਾਰਜ ਅਤੇ ਜਸਵਿੰਦਰ ਰਿੰਪਾ ਨੂੰ ਮੀਡੀਆ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ। ਪਾਰਟੀ ਵਲੋਂ ਆਪਣੇ ਸ਼ੋਸ਼ਲ ਮੀਡੀਆ ਪੇਜ਼ ਤੇ ਸੂਚੀ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ ਗਈ।

ਪ੍ਰੈਸ ਨੋਟ ਜਾਰੀ ਕਰਦਿਆਂ ਨਵ-ਨਿਯੁਕਤ ਮੀਡੀਆ ਇੰਚਾਰਜ ਸੰਦੀਪ ਬੰਧੂ ਅਤੇ ਮੀਡੀਆ ਸਹਿ-ਇੰਚਾਰਜ ਜਸਵਿੰਦਰ ਰਿੰਪਾ ਨੇ ਕਿਹਾ ਪਾਰਟੀ ਵਲੋਂ ਜੋ ਜਿੰਮੇਵਾਰੀ ਦਿੱਤੀ ਗਈ ਹੈ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗੇ। ਉਨਾਂ ਕਿਹਾ ਉਹ ਪਹਿਲਾਂ ਵੀ ਪਾਰਟੀ ਦੀ ਮੀਡੀਆ ਟੀਮ ਲਈ ਲੰਬਾ ਸਮਾਂ ਕੰਮ ਕਰ ਚੁੱਕੇ ਹਨ, ਅਤੇ ਹੁਣ ਵੀ ਲਗਾਤਾਰ ਪਾਰਟੀ ਲਈ ਕੰਮ ਕਰਦੇ ਆ ਰਹੇ ਹਾਂ। ਉਹਨਾਂ ਕਿਹਾ ਕਿ ਪਾਰਟੀ ਵਲੋਂ ਸਾਡੀ



ਜੋ ਜਿੰਮੇਵਾਰੀ ਲਗਾਈ ਗਈ ਹੈ, ਉਸ ਲਈ ਸਮੁੱਚੀ ਹਾਈਕਮਾਨ ਖਾਸ ਤੌਰ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਜੀ, ਪੰਜਾਬ ਪ੍ਰਧਾਨ ਅਮਨ ਅਰੋੜਾ ਜੀ, ਅਤੇ ਯੁੱਧ ਨਸ਼ਿਆਂ ਵਿਰੁੱਧ ਦੇ ਪੰਜਾਬ ਇੰਚਾਰਜ ਬਲਤੇਜ ਪਨੂੰ ਜੀ ਦਾ ਧੰਨਵਾਦ ਕਰਦੇ ਹਾਂ।

ਇਥੇ ਦੱਸਣਯੋਗ ਹੈ ਕਿ ਸੰਦੀਪ ਬੰਧੂ ਆਮ ਆਦਮੀ ਪਾਰਟੀ ਦੇ ਅੰਦਰ ਪੁਰਾਣੇ ਟਕਸਾਲੀ ਅਤੇ ਅੰਨਾ ਹਜ਼ਾਰੇ ਅੰਦੋਲਨ ਤੋਂ ਨਿਕਲੇ ਹੋਏ ਇੱਕ ਪ੍ਰਮੁੱਖ ਨੇਤਾ ਹਨ ਅਤੇ ਕਈ ਸਾਲਾਂ ਤੋਂ ਪੰਜਾਬ ਦੀਆਂ ਅਤੇ ਖਾਸ ਤੌਰ ਤੇ ਜਿਲ੍ਹਾ ਪਟਿਆਲਾ ਦੀਆਂ ਰਾਜਨੀਤਿਕ ਗਤੀਵਿਧੀਆਂ ਵਿੱਚ ਸਰਗਰਮੀ ਅਤੇ ਇਮਾਨਦਾਰੀ ਨਾਲ ਸ਼ਾਮਿਲ ਰਹੇ ਹਨ। ਉਹਨਾਂ ਦੇ ਨਾਲ ਨਿਯੁਕਤ ਮੀਡੀਆ ਸਹਿ-ਇੰਚਾਰਜ ਜਸਵਿੰਦਰ ਰਿੰਪਾ ਵੀ 2014 ਤੋਂ ਲਗਾਤਾਰ ਪਾਰਟੀ ਦੇ ਲਈ ਕੰਮ ਕਰਦੇ ਆ ਰਹੇ ਹਨ। ਇਹਨਾਂ ਦੋਹਾਂ ਆਗੂਆਂ ਨੇ 2022 ਦੀਆਂ ਵਿਧਾਨਸਭਾ ਚੋਣਾਂ ਵਿੱਚ ਪਟਿਆਲਾ ਸ਼ਹਿਰੀ ਸੀਟ ਆਮ ਆਦਮੀ ਪਾਰਟੀ ਨੂੰ ਜਿਤਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਸੀ।

ਇਸ ਮੌਕੇ ਨਵਨਿਯੁਕਤ ਮੀਡੀਆ ਇੰਚਾਰਜ ਸੰਦੀਪ ਬੰਧੂ ਨੇ ਆਪਣੇ ਨਿਵਾਸ ਸਥਾਨ ਵਿਖੇ ਸਨਮਾਨਿਤ ਕਰਨ ਅਤੇ ਵਧਾਈਆਂ ਦੇਣ ਪਹੁੰਚੇ ਸਮੂਹ ਪਾਰਟੀ ਆਗੂਆਂ ਦਾ ਧੰਨਵਾਦ ਕੀਤਾ।

# ਬਾਡੀਬਿਲਡਰ ਖਿਡਾਰੀਆਂ ਨੂੰ ਹਾਰਟ ਅਟੈਕ ਦਾ ਪੰਜ ਗੁਣਾ ਵੱਧ ਖ਼ਤਰਾ ਹੁੰਦਾ ਹੈ: ਡਾ. ਐਚਐੱਸ ਬੇਦੀ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ: ਇਹ ਇੱਕ ਸੱਚਾਈ ਹੈ ਕਿ ਮਰਦ ਬਾਡੀਬਿਲਡਰ ਖਿਡਾਰੀਆਂ ਨੂੰ ਹਾਰਟ ਅਟੈਕ ਦਾ ਪੰਜ ਗੁਣਾ ਵੱਧ ਖ਼ਤਰਾ ਹੁੰਦਾ ਹੈ। ਇਹ ਕਈ ਕਾਰਕਾਂ ਦੇ ਕਾਰਨ ਹੁੰਦਾ ਹੈ। ਚੇਅਰਮੈਨ ਕਾਰਡਿਓ ਥੋਰੈਸਿਕ ਅਤੇ ਵੈਸਕੁਲਰ ਸਰਜਰੀ, ਪਾਰਕ ਹਸਪਤਾਲ, ਡਾ. ਐਚਐੱਸ ਬੇਦੀ, ਨੇ ਕਿਹਾ ਕਿ ਅਜਿਹੇ ਖਿਡਾਰੀ ਦਿਲ ਦੀ ਬੀਮਾਰੀ ਕਾਰਡੀਓਮਾਇਓਪੈਥੀ ਦਾ ਸ਼ਿਕਾਰ ਹੋ ਸਕਦੇ ਹਨ, ਜੋ ਅਚਾਨਕ ਮੌਤ ਦਾ ਕਾਰਨ ਬਣ ਸਕਦੀ ਹੈ । ਇੱਕ ਆਸਾਨ ਟੈਸਟ ਕਾਰਡਿਯਾਕ ਏਕੋ ਰਾਹੀਂ ਇਸ ਬਿਮਾਰੀ ਦਾ ਪਤਾ ਲਗਾਉਣਾ ਸੌਖਾ ਹੈ।

ਇਨ੍ਹਾਂ ਦੇ ਇਲਾਵਾ, ਖਿਡਾਰੀਆਂ ਨੂੰ ਕਈ ਵਾਰੀ ਐਨਾਬੋਲਿਕ ਸਟਰਾਇਡਾਂ ਅਤੇ ਪ੍ਰੋਟੀਨ ਸਪਲਿਮੈਂਟ ਦਿੱਤੇ ਜਾਂਦੇ ਹਨ, ਜੋ ਦਿਲ ਅਤੇ



ਕਿਡਨੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਡਾ. ਬੇਦੀ ਨੇ ਅੱਗੇ ਕਿਹਾ ਕਿ ਇੱਕ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਖਿਡਾਰੀ ਕਈ ਨਿਰਧਾਰਿਤ ਸਰੀਰ ਦੇ ਵਜ਼ਨ ਨੂੰ ਬਣਾਈ ਰੱਖਣ ਲਈ ਜਾਣ-ਬੁਝ ਕੇ ਆਪਣੇ ਸਰੀਰ ਨੂੰ ਡਿਹਾਈਡ੍ਰੇਟ ਕਰ ਲੈਂਦੇ ਹਨ । ਇਹ ਖੂਨ ਨੂੰ ਗਾੜ੍ਹਾ ਕਰ ਦਿੰਦਾ ਹੈ ਅਤੇ ਥੱਕ ਬਣਨ ਨਾਲ ਹਾਰਟ ਅਟੈਕ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਡਾ. ਬੇਦੀ ਨੇ ਕਿਹਾ ਕਿ ਤੇਜ਼ ਵਰਕਆਉਟ ਹਾਰਟ ਉੱਤੇ ਬੇਹੱਦ ਦਬਾਅ ਪਾ ਸਕਦੀ ਹੈ।

ਮਈ 2025 ਵਿੱਚ ਪ੍ਰਸਿੱਧ ਯੂਰਪੀਅਨ ਹਾਰਟ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਰਿਸਰਚ ਪੇਪਰ ਨੇ ਸਾਇੰਟਿਫਿਕ ਤਰੀਕੇ ਨਾਲ ਉਪਰੋਕਤ ਸਾਰੇ ਤੱਥਾਂ ਨੂੰ ਦਰਸਾਇਆ ਹੈ।

ਡਾ. ਬੇਦੀ ਨੇ ਕਿਹਾ ਕਿ ਬਾਡੀਬਿਲਡਰ ਖਿਡਾਰੀਆਂ ਵਿੱਚ ਦਿਲ ਦਾ ਦੌਰਾ ਹੋਣ ਦੇ ਖਤਰੇ ਨੂੰ ਨਿਯੰਤ੍ਰਣ ਵਿੱਚ ਰੱਖਣ ਲਈ ਨਿਯਮਤ ਦਿਲ ਦੀ ਜਾਂਚ, ਯੋਗ ਕੋਚ ਦੇ ਅਧੀਨ ਵਰਕਆਉਟ ਯੋਜਨਾ, ਸੋਚ-ਵਿਚਾਰ ਵਾਲੀ ਘੱਟ ਚਰਬੀ ਵਾਲੀ ਅਤੇ ਤਲੀ ਹੋਈ ਖੁਰਾਕ ਤੋਂ ਬਚਾਅ ਅਤੇ ਕਿਸੇ ਵੀ ਦਵਾਈ ਜਾਂ ਕ੍ਰਿਤ੍ਰਿਮ ਸਪਲੀਮੈਂਟਾਂ ਤੋਂ ਦੂਰ ਰਹਿਣਾ ਮਹੱਤਵਪੂਰਨ ਹੈ।

# ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ

**ਕੁਲਦੀਪ ਸਿੰਘ ਬੰਗੀ**

**ਗੁਰੂ ਤੇਗ ਬਹਾਦਰ ਜੀ ਨੇ ਦਮਦਮਾ ਸਾਹਿਬ ਵਾਲੇ ਟਿੱਬੇ ਵੱਲ ਇਸ਼ਾਰਾ ਕਰ ਕੇ ਭਵਿੱਖਬਾਣੀ ਕੀਤੀ ਸੀ ਕਿ ਇਸ ਅਸਥਾਨ 'ਤੇ ਬੈਠਣ ਵਾਲੇ ਕੋਈ ਮਹਾਂਬਲੀ ਆਉਣਗੇ...**



ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਗਪਗ 159 ਸਾਲ ਬਾਅਦ 1674 ਈਸਵੀ ਵਿਚ ਗੁਰੂ ਤੇਗ ਬਹਾਦਰ ਜੀ ਤਲਵੰਡੀ ਸਾਬੋ ਪਹੁੰਚੇ ਸਨ। ਜਿਸ ਅਸਥਾਨ 'ਤੇ ਇਹ ਪਵਿੱਤਰ ਗੁਰਦੁਆਰਾ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਇਸ ਜਗ੍ਹਾ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਆ ਕੇ ਬਿਰਾਜੇ ਸਨ। ਇਥੇ ਉਨ੍ਹਾਂ ਦਮਦਮਾ ਸਾਹਿਬ ਵਾਲੇ ਟਿੱਬੇ ਵੱਲ ਇਸ਼ਾਰਾ ਕਰ ਕੇ ਭਵਿੱਖਬਾਣੀ ਕੀਤੀ ਸੀ ਕਿ ਇਸ ਅਸਥਾਨ ਉੱਤੇ ਬੈਠਣ ਵਾਲੇ ਤੇਜਸਵੀ ਸਤਿ ਪੁਰਖ ਮਹਾਂਬਲੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਆਉਣਗੇ। ਤਖ਼ਤ ਸਾਹਿਬ ਦੇ ਕੰਪਲੈਕਸ ਵਿਚ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਯਾਦ ਮੌਜੂਦ ਹੈ।

**ਗੁਰੂਸਰ ਸਰੋਵਰ** : ਇਸ ਸਰੋਵਰ ਦੀ ਨੀਂਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਦੁਸ਼ਾਲੇ ਨਾਲ ਪੰਜ ਵਾਰ ਕਾਰ ਕੱਢ ਕੇ ਰੱਖੀ। ਇਸ ਸਰੋਵਰ ਦੀ ਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਢਾਲੇ ਨਾਲ ਕੱਢੀ ਅਤੇ ਅੰਮ੍ਰਿਤ ਦੇ ਕੜਾਹੇ ਇਸ ਵਿਚ ਪਾ ਕੇ ਇਸ ਦੇ ਪਵਿੱਤਰ ਪਾਣੀ ਨੂੰ ਮੁਕਤੀ ਲਈ ਔਸ਼ਿਧੀ ਦਾ ਰੂਪ ਦੇ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਜਗ੍ਹਾ 'ਤੇ ਲਗਪਗ ਇਕ ਮਹੀਨਾ ਰਹੇ ਦੱਸੇ ਜਾਂਦੇ ਹਨ। ਇਸ ਸਮੇਂ ਦੌਰਾਨ ਗੁਰੂ ਜੀ ਨੇ ਸਲੇਮ ਸ਼ਾਹ ਦੇ ਪੁੱਤਰ ਡੱਲੇ ਨੂੰ ਵੀ ਅਨੇਕ ਵਰਦਾਨ ਦਿੱਤੇ ਕਿਉਂਕਿ ਇਲਾਕੇ ਦਾ ਚੌਧਰੀ ਸਲੇਮ ਸ਼ਾਹ ਗੁਰੂ ਜੀ ਦੀ ਸੇਵਾ ਲਈ ਸਦਾ ਹੀ ਤੱਤਪਰ ਰਿਹਾ।

**ਅਕਾਲਸਰ ਸਰੋਵਰ** : ਅਕਾਲਸਰ ਸਰੋਵਰ, ਗੁਰੂਸਰ ਸਰੋਵਰ ਤੋਂ ਥੋੜ੍ਹੀ ਦੂਰੀ 'ਤੇ ਤਖ਼ਤ ਸਾਹਿਬ ਕੋਲ ਦਮਦਮਾ ਸਾਹਿਬ ਦੇ ਕਦਮਾਂ 'ਚ ਸਥਿਤ ਹੈ। ਰਵਾਇਤੀ ਧਾਰਨਾ ਅਨੁਸਾਰ ਦਮਦਮੇ ਉੱਪਰ ਜਦੋਂ ਗੁਰੂ ਜੀ ਨੇ ਆਪਣਾ ਕਮਰਕੱਸਾ ਖੋਲ੍ਹਿਆ ਤਾਂ ਉੱਥੋਂ ਇਕ ਕਾਲਾ ਸੱਪ ਨਿਕਲਿਆ ਤੇ ਇਸ ਮੌਕੇ ਗੁਰੂ ਜੀ ਨੇ ਫਰਮਾਇਆ ਕਿ ਇਹ ਮਾਲਵੇ ਦਾ ਅਕਾਲ ਸੀ ਜੋ ਖ਼ਤਮ ਹੋ ਗਿਆ ਹੈ। ਇਸ ਲਈ ਇਸ ਸਰੋਵਰ ਦਾ ਨਾਂ ਅਕਾਲਸਰ ਪੈ ਗਿਆ।

**ਮੋਬਾਈਲ 94174-07778**

---

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਇਜ਼ਰਾਇਲ ਵਿਚ ਉਸ ਸਮੇਂ 24 ਵੱਡੇ ਧਾਰਮਿਕ ਕੇਂਦਰ ਸਨ। ਪਰ ਉਨ੍ਹਾਂ ਵਿੱਚੋਂ ਗਲੀਲ ਦੇ ਧਾਰਮਿਕ ਰਹਿਨੁਮਾ ਰਵਾਇਤੀ ਧਾਰਮਿਕ ਕਾਨੂੰਨਾਂ ਦੀ ਵਿਆਖਿਆ ਕਰਦੇ ਸਮੇਂ ਹੋਰ ਯਹੂਦੀਆਂ ਤੇ ਰੱਬੀ ਧਾਰਮਿਕ ਨੇਤਾਵਾਂ ਦੇ ਮੁਕਾਬਲੇ ਬਹੁਤ ਉਦਾਰਵਾਦੀ ਸਨ। ਸਬਤ ਦੇ ਦਿਨ ਦੇ ਮਾਮਲੇ ਵਿਚ ਨਾਸਰਤ ਦੇ ਧਾਰਮਿਕ ਰਹਿਨੁਮਾ ਵੀ ਬਹੁਤ ਉਦਾਰਵਾਦੀ ਸਨ। ਸਬਤ ਦੇ ਦਿਨ ਦੁਪਹਿਰ ਵੇਲੇ ਪਿਤਾ ਯੂਸਫ਼ ਬਾਲ ਯਿਸੂ ਨੂੰ ਆਪਣੇ ਘਰ ਲਾਗਲੀ ਇਕ ਪਹਾੜੀ ਉੱਤੇ ਘੁਮਾਉਣ ਲਈ ਜ਼ਰੂਰ ਲਿਜਾਂਦੇ ਸਨ, ਜਿੱਥੋਂ ਗਲੀਲ ਦੇ ਖੇਤਰ ਨੂੰ ਦੂਰ-ਦੂਰ ਤੋਂ ਵੇਖਿਆ ਜਾ ਸਕਦਾ ਸੀ। ਉੱਥੋਂ ਕਾਰਮਲ ਪਰਬਤ ਦੀਆਂ ਟੀਸੀਆਂ ਦੀ ਲੰਬੀ ਲੜੀ ਵਿਖਾਈ ਦਿੰਦੀ ਸੀ, ਜੋ ਹੇਠਾਂ ਸਮੁੰਦਰ ਤਕ ਜਾਂਦੀ ਹੈ। ਉੱਤਰ ਵੱਲ ਹਰਮਨ ਪਰਬਤ ਵੇਖਿਆ ਜਾ ਸਕਦਾ ਸੀ, ਜਿਸ ਦੀਆਂ 3,000 ਫ਼ੁੱਟ ਉੱਚੀਆਂ ਚੋਟੀਆਂ ਉੱਤੇ ਆਮ ਤੌਰ 'ਤੇ ਬਰਫ਼ ਵਿਖਾਈ ਦਿੰਦੀ ਸੀ। ਪੂਰਬ ਵੱਲ ਯਿਸੂ ਤਦ ਯਰਦਨ ਵਾਦੀ ਨੂੰ ਵੇਖਦੇ ਸਨ ਅਤੇ ਦੂਰ ਮੋਆਬ ਦੀਆਂ ਪਹਾੜੀਆਂ ਵੀ ਵੇਖਦੇ ਸਨ (ਯੂਰੈਂਸ਼ੀਆ-123:5.12)



ਉੱਥੋਂ ਯਿਸੂ ਅਕਸਰ ਦੂਰੋਂ-ਦੂਰੋਂ ਨਾਸਰਤ ਆਉਣ ਤੇ ਇੱਥੋਂ ਜਾਦ ਵਾਲੇ ਯਾਤਰੀਆਂ ਦੇ ਕਾਫ਼ਲੇ ਦੀਆਂ ਲੰਬੀਆਂ ਕਤਾਰਾਂ ਨੂੰ ਵੇਖਦੇ ਸਨ। ਦੱਖਣ ਵੱਲ ਉਨ੍ਹਾਂ ਨੂੰ ਇਜ਼ਰਾਇਲ ਦੇਸ਼ ਦੇ ਵਿਸ਼ਾਲ ਉਪਜਾਊ ਮੈਦਾਨ ਵਿਖਾਈ ਦਿੰਦੇ ਸਨ (ਯੂਰੈਂਸ਼ੀਆ-123 : 5.13)

ਸੱਤ ਸਾਲ ਦੀ ਉਮਰ ਭਾਵ ਸੰਨ 1 ਵਿਚ ਹੀ ਯਿਸੂ ਨਾਸਰਤ ਦੇ ਜ਼ਿਆਦਾਤਰ ਲੋਕਾਂ (ਪੁਰਖ ਤੇ ਇਸਤਰੀਆਂ ਦੋਵੇਂ) ਨੂੰ ਜਾਣਨ ਲੱਗ ਪਏ ਸਨ ਕਿਉਂਕਿ ਉਹ ਉਨ੍ਹਾਂ ਨੂੰ ਜਨਤਕ ਕੇਂਦਰਾਂ ਉੱਤੇ ਮਿਲਦੇ ਰਹਿੰਦੇ ਸਨ। ਇਸੇ ਵਰ੍ਹੇ ਉਨ੍ਹਾਂ ਨੇ ਆਪਣੇ ਪਰਿਵਾਰ ਦੀ ਗਊ ਦਾ ਦੁੱਧ ਚੋਣਾ ਸਿੱਖਿਆ ਸੀ। ਫਿਰ ਉਨ੍ਹਾਂ ਪਨੀਰ ਬਣਾਉਣਾ ਤੇ ਸੂਤ ਕੱਤਣਾ ਵੀ ਸਿੱਖਿਆ। 10 ਸਾਲਾਂ ਦੀ ਉਮਰ ਤਕ ਯਿਸੂ ਹੱਥਖੱਡੀ (ਲੂਮ) ਚਲਾਉਣ ਵਿਚ ਪੂਰੀ ਤਰ੍ਹਾਂ ਮਾਹਿਰ ਹੋ ਗਏ ਸਨ। ਉਹ ਆਮ ਤੌਰ ਉੱਤੇ ਗੁਆਂਢੀ ਲੜਕੇ ਜੇਕਬ (ਯਾਕੂਬ) ਨਾਲ ਖੇਡਦੇ ਸਨ ਅਤੇ ਉਹ ਦੋਵੇਂ ਮਿਲ ਕੇ ਇਕ ਘੁਮਿਆਰ (ਜਿਸ ਦਾ ਨਾਂ ਨਾਥਨ ਸੀ) ਨੂੰ ਮਿੱਟੀ ਦੇ ਬਰਤਨ ਬਣਾਉਂਦਿਆਂ ਵੇਖਦੇ ਰਹਿੰਦੇ ਸਨ। ਨਾਥਨ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ, ਇਸੇ ਲਈ ਉਹ ਉਨ੍ਹਾਂ ਨੂੰ ਖੇਡਣ ਲਈ ਗਿੱਲੀ ਮਿੱਟੀ ਦੇ ਦਿੰਦੇ ਸਨ, ਜਿਸ ਨਾਲ ਉਹ ਵੱਖੋ-ਵੱਖਰੀ ਤਰ੍ਹਾਂ ਦੀਆਂ ਵਸਤਾਂ ਜਾਂ ਜਾਨਵਰਾਂ ਦੀਆਂ ਸ਼ਕਲਾਂ ਬਣਾ ਕੇ ਖੇਡਿਆ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਕਲਪਨਾ ਸ਼ਕਤੀ ਬਹੁਤ ਮਜ਼ਬੂਤ ਹੁੰਦੀ ਸੀ (ਯੂਰੈਂਸ਼ੀਆ-123:5.15)

ਈਸਵੀ ਸੰਨ 2 ਵਿਚ ਯਿਸੂ ਦੇ ਦੁਨਿਆਵੀ ਜੀਵਨ ਦਾ 9ਵਾਂ ਸਾਲ ਸ਼ੁਰੂ ਹੋ ਚੁੱਕਾ ਸੀ। ਉਹ ਕੋਈ ਆਮ ਵਿਦਿਆਰਥੀ ਤਾਂ ਹੈ ਨਹੀਂ ਸਨ, ਉਹ ਬਹੁਤ ਹੋਣਹਾਰ ਤੇ ਸੂਝਬੂਝ ਨਾਲ ਭਰਪੂਰ ਵਿਦਿਆਰਥੀ ਸਨ। ਇਸੇ ਲਈ ਉਨ੍ਹਾਂ ਨੂੰ ਇਕ ਮਹੀਨੇ ਵਿਚ ਪੂਰੇ ਇਕ ਹਫ਼ਤੇ ਤਕ ਸਕੂਲ 'ਚ ਨਾ ਆਉਣ ਦੀ ਛੋਟ ਵੀ ਹਾਸਲ ਸੀ। ਉਹ ਹਫ਼ਤਾ ਉਹ ਆਮ ਤੌਰ 'ਤੇ ਮਗਦਾਲਾ ਨੇੜੇ ਗਲੀਲ ਦੇ ਸਮੁੰਦਰੀ ਕੰਢੇ ਉੱਤੇ ਜਾਂ ਆਪਣੇ ਇਕ ਮਾਮੇ ਦੇ ਘਰ ਬਿਤਾਇਆ ਕਰਦੇ ਸਨ, ਜੋ ਨਾਸਰਤ ਤੋਂ ਪੰਜ ਮੀਲ ਦੀ ਦੂਰੀ ਉੱਤੇ ਰਹਿੰਦੇ ਸਨ (ਯੂਰੈਂਸ਼ੀਆ-123:6.1)

ਮਾਂ ਮਰੀਅਮ ਨੂੰ ਸਦਾ ਬਾਲ ਯਿਸੂ ਦੀ ਸਿਹਤ ਤੇ ਉਨ੍ਹਾਂ ਦੀ ਸਲਾਮਤੀ ਦੀ ਫ਼ਿਕਰ ਲੱਗੀ ਰਹਿੰਦੀ ਸੀ। ਪਰ ਹੁਣ ਕਿਉਂਕਿ ਯਿਸੂ ਘਰ ਤੋਂ ਕਾਫ਼ੀ ਸਮਾਂ ਬਾਹਰ ਰਹਿਣ ਲੱਗੇ ਸਨ, ਇਸੇ ਲਈ ਉਹ ਹੁਣ ਉਨ੍ਹਾਂ ਦੀ ਫ਼ਿਕਰ ਪਹਿਲਾਂ ਵਾਂਗ ਨਹੀਂ ਕਰਦੇ ਸਨ। ਯਿਸੂ ਦੇ ਚਾਚੇ-ਚਾਚੀਆਂ, ਤਾਏ-ਤਾਈਆਂ, ਮਾਮੇ-ਮਾਮੀਆਂ ਸਾਰੇ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਇਸੇ ਵਰ੍ਹੇ ਮਈ 'ਚ ਉਨ੍ਹਾਂ ਨੇ ਪਹਿਲੀ ਵਾਰ ਮੱਛੀਆਂ ਫੜਨ ਦਾ ਤਜਰਬਾ ਵੀ ਹਾਸਲ ਕੀਤਾ ਸੀ। ਅਜਿਹਾ ਉਨ੍ਹਾਂ ਗਲੀਲ ਦੇ ਸਮੁੰਦਰੀ ਕੰਢੇ 'ਤੇ ਕੀਤਾ ਸੀ (ਯੂਰੈਂਸ਼ੀਆ-123:6.2)

ਅਨੁਵਾਦ -***ਮਹਿਤਾਬ-ਉਦ-ਦੀਨ***

---

# ਮਹਾਨ ਤਿਆਗੀ ਤੇ ਤਪੱਸਵੀ ਬਾਬਾ ਫ਼ਰੀਦ ਜੀ

**ਗਿਆਨ ਸਿੰਘ**

**ਬਾਬਾ ਫ਼ਰੀਦ ਜੀ ਜਿੱਥੇ ਮਾਨਵਤਾ ਨੂੰ ਕ੍ਰੋਧ ਤਿਆਗਣ ਦੀ ਪ੍ਰੇਰਨਾ ਦਿੰਦੇ ਹਨ, ਉੱਥੇ ਉਸ ਪਰਵਰਦਿਗਾਰ ਨੂੰ ਹਮੇਸ਼ਾ ਯਾਦ ਰੱਖਣ ਦੀ ਤਾਕੀਦ ਕਰਦੇ ਹਨ। ਉਹ ਆਪਣਾ ਜੀਵਨ ਉਸ ਦੀ ਰਜ਼ਾ ਵਿਚ ਨਾ ਜਿਊਣ ਵਾਲੇ ਨੂੰ ਉਸ ਦਾ ਫ਼ਰਜ਼ ਯਾਦ ਕਰਾਉਂਦਿਆਂ ਤਾਹਨਾ ਵੀ ਮਾਰਦੇ ਹਨ...**



ਫ਼ਰੀਦਕੋਟ ਆਮਦ 'ਤੇ ਵਿਸ਼ੇਸ਼

ਬਾਬਾ ਫ਼ਰੀਦ ਜੀ ਦੀ ਬਾਣੀ ਦੁਨੀਆ ਨੂੰ ਪਿਆਰ, ਸਦਭਾਵਨਾ, ਮਨੁੱਖੀ ਭਾਈਚਾਰਾ, ਸਹਿਣਸ਼ੀਲਤਾ, ਸਾਦਗੀ ਅਤੇ ਚੰਗਿਆਈ ਦਾ ਸੰਦੇਸ਼ ਦਿੰਦੀ ਹੈ ਅਤੇ ਫਾਨੀ ਦੁਨੀਆ ਵਿੱਚੋਂ ਕੂਚ ਕਰਨ ਦਾ ਸੱਦਾ ਦਿੰਦਿਆਂ 'ਮੌਤ' ਨੂੰ ਹਮੇਸ਼ਾ ਯਾਦ ਰਖਦਿਆਂ ਨੇਕ, ਚੰਗੇ ਕੰਮ ਕਰਨ ਦੀ ਪ੍ਰੇਰਨਾ ਕਰਦੀ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰ ਕੇ ਸਿੱਖ ਗੁਰੂ ਸਾਹਿਬਾਨ ਨੇ ਬਰਾਬਰਤਾ ਦਾ ਦਰਜਾ ਪ੍ਰਦਾਨ ਕੀਤਾ ਹੈ।

'ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨ ਹੰਢਾਇ।
ਦੇਹੀ ਰੋਗੁ ਨ ਲਗਈ ਪਲੈ ਸਭ ਕਿਛੁ ਪਾਇ'॥

ਬਾਬਾ ਫ਼ਰੀਦ ਜੀ ਨੇ ਇਸ ਸ਼ਲੋਕ ਰਾਹੀ ਮਨੁੱਖਤਾ ਨੂੰ ਅਜਿਹਾ ਸੰਦੇਸ਼ ਦਿੱਤਾ ਹੈ, ਜਿਸ ਨੂੰ ਅਮਲ ਵਿਚ ਲਿਆਉਣ ਨਾਲ ਇਨਸਾਨ ਨੂੰ ਜ਼ਿੰਦਗੀ ਜਿਊਣ ਦੀ ਜਾਚ ਆ ਜਾਂਦੀ ਹੈ। ਉਹ ਆਪਣੇ ਜੀਵਨ ਨੂੰ ਸੁਖੀ ਬਣਾ ਸਕਦਾ ਹੈ। ਬਾਬਾ ਫ਼ਰੀਦ ਜਿੱਥੇ ਮਾਨਵਤਾ ਨੂੰ ਕ੍ਰੋਧ ਤਿਆਗਣ ਦੀ ਪ੍ਰੇਰਨਾ ਦਿੰਦੇ ਹਨ, ਉੱਥੇ ਨਾਲ ਹੀ ਉਸ ਪਰਵਰਦਿਗਾਰ ਨੂੰ ਹਮੇਸ਼ਾ ਯਾਦ ਵਿਚ ਰੱਖਣ ਦੀ ਤਾਕੀਦ ਕਰਦਿਆਂ, ਆਪਣਾ ਜੀਵਨ ਉਸ ਦੀ ਰਜ਼ਾ ਵਿਚ ਨਾ ਜਿਊਣ ਵਾਲੇ ਨੂੰ ਆਪਣਾ ਫਰਜ਼ ਯਾਦ ਕਰਵਾਉਂਦਿਆਂ ਤਾਹਨਾ ਮਾਰਦੇ ਹਨ :

'ਫ਼ਰੀਦਾ ਬੇਨਿਆਜਾ ਕੁਤਿਆ ਏਹ ਨ ਭਲੀ ਰੀਤਿ।
ਕਬਹੀ ਚਲਿ ਨਾ ਆਇਆ ਪੰਜੇ ਵਖਤ ਮਸੀਤਿ'॥

ਇਥੇ ਹੀ ਬਸ ਨਹੀਂ ਬਾਬਾ ਫ਼ਰੀਦ ਹਜ਼ਰਤ ਮੁਹੰਮਦ ਸਾਹਿਬ ਦੇ ਬਚਨ ਅਤੇ ਕੁਰਾਨ ਦੀਆਂ ਆਇਤਾਂ ਨੂੰ ਅਮਲ 'ਚ ਨਾ ਲਿਆਉਣ ਵਾਲੇ ਬੇਮੁੱਖ ਵਿਅਕਤੀ ਨੂੰ ਜੀਵਨ ਜਿਊਣ ਦਾ ਕੋਈ ਹੱਕ ਨਹੀਂ,

'ਉਠ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ਼ ਗੁਜਾਰਿ।
ਜੋ ਸਿਰੁ ਸਾਂਈ ਨਾ ਨਿਵੇ ਸੋ ਸਿਰ ਕਪਿ ਉਤਾਰਿ'॥

ਬਾਬਾ ਫ਼ਰੀਦ ਇਨਸਾਨ ਨੂੰ ਪ੍ਰੇਰਨਾ ਕਰਦੇ ਹਨ ਕਿ ਜੀਵਨ ਨੂੰ ਰੱਬੀ ਰੰਗ ਵਿਚ ਰੰਗਣ ਲਈ ਮੁਰਸ਼ਦ ਕਾਮਿਲ ਦੀ ਲੋੜ ਹੈ ਤੇ ਪ੍ਰੇਰਨਾ ਕਰਦੇ ਹਨ,

'ਤੁਰਿਆ ਤੁਰਿਆ ਜਾ ਫ਼ਰੀਦਾ ਤੁਰਿਆ ਤੁਰਿਆ ਜਾਹ।
ਜੇ ਕੋਈ ਬਖਸ਼ਿਆ ਮਿਲ ਜੇ ਤੂੰ ਵੀ ਬਖਸ਼ਿਆ ਜਾਹ'॥

ਬਾਬਾ ਫ਼ਰੀਦ ਸ਼ੱਕਰਗੰਜ ਖੋਜ ਕਰਦਿਆਂ-ਕਰਦਿਆਂ ਇਧਰ ਸ਼ਹਿਰ ਮੋਕਲਹਰ ਪੁੱਜ ਗਏ। ਸ਼ਹਿਰ ਦੇ ਬਾਹਰਵਾਰ ਉਸ ਅਸਥਾਨ 'ਤੇ ਠਹਿਰੇ ਜਿਸ ਨੂੰ ਅੱਜ ਗੋਦੜੀ ਸਾਹਿਬ ਕਿਹਾ ਜਾਂਦਾ ਹੈ। ਗੁਰਦੁਆਰਾ ਗੋਦੜੀ ਸਾਹਿਬ ਦਾ ਇਤਿਹਾਸ ਵੀ ਨਿਰਾਲਾ ਹੈ। ਕਹਿੰਦੇ ਹਨ ਕਿ 1215 ਈ: ਵਿਚ ਬਾਬਾ ਫ਼ਰੀਦ ਜੀ ਪਾਕਪਟਨ ਜਾ ਰਹੇ ਸਨ ਤਾਂ ਇਸ ਮੁਕਾਮ ਉੱਤੇ ਉਨ੍ਹਾਂ ਨੇ ਸਾਥੀਆਂ ਸਮੇਤ ਇਕ ਛੱਪੜੀ ਦੇ ਕਿਨਾਰੇ ਵਿਸ਼ਰਾਮ ਕੀਤਾ ਅਤੇ ਆਪਣੇ ਮੁਰਸ਼ਦ ਬੁਖਤਿਆਰ ਕਾਕੀ ਜੀ ਦੀ ਬਖਸ਼ੀ ਹੋਈ ਗੋਦੜੀ ਇਕ ਦਰੱਖ਼ਤ ਉੱਤੇ ਟੰਗ ਕੇ ਖ਼ੁਦ ਖਾਣ ਪੀਣ ਦਾ ਸਮਾਨ ਲੈਣ ਵਾਸਤੇ ਸ਼ਹਿਰ ਪਹੁੰਚੇ, ਜੋ ਉਸ ਵੇਲੇ ਰਾਜਾ ਮੋਕਲਹਰ, ਗੜ੍ਹੀ ਵਿਚ ਵੱਸਦਾ ਸੀ ਅਤੇ ਕਿਲ੍ਹੇ ਦੀ ਨਵ ਉਸਾਰੀ ਹੋ ਰਹੀ ਸੀ। ਬਾਬਾ ਜੀ ਨੂੰ ਵੀ ਰਾਜੇ ਦੇ ਅਹਿਲਕਾਰਾਂ ਨੇ ਬੇਗਾਰ ਵਿਚ ਫੜ ਕੇ ਲਗਾ ਲਿਆ।

ਬਾਬਾ ਜੀ ਦੇ ਕ੍ਰਿਸ਼ਮਈ ਦ੍ਰਿਸ਼ ਨੂੰ ਵੇਖਦਿਆਂ ਰਾਜੇ ਨੂੰ ਸੀਸ ਝੁਕਾ ਕੇ ਪਛਚਾਤਾਪ ਕਰਨਾ ਪਿਆ। ਉੱਥੇ ਬੇਗਾਰ ਵਿਚ ਪਕੜੇ ਹੋਏ ਗ਼ਰੀਬ ਲੋਕਾਂ ਦੀ ਰਿਹਾਈ ਕਰਵਾਉਣ ਤੋਂ ਬਾਅਦ ਬਾਬਾ ਜੀ ਜਦ ਮੁੜ ਛੱਪੜੀ ਦੇ ਕਿਨਾਰੇ ਪਹੁੰਚੇ ਤਾਂ ਦੇਖਿਆ ਕਿ ਆਜੜੀ ਮੁੰਡੇ ਬਾਬਾ ਜੀ ਦੀ ਗੋਦੜੀ ਦੀ ਖੁਦੋ ਬਣਾ ਕੇ ਖੇਡ ਰਹੇ ਹਨ। ਬਾਬਾ ਜੀ ਨੇ ਆਪਣੇ ਮੁਰਸ਼ਦ ਵੱਲੋਂ ਬਖਸ਼ੀ ਗੋਦੜੀ ਤੋਂ ਜੁਦਾ ਹੋਣ ਦੀ ਆਪਣੀ ਭੁੱਲ ਨੂੰ ਬਖਸ਼ਾਉਣ ਲਈ ਇਸ ਸਥਾਨ 'ਤੇ 40 ਦਿਨ ਤਪੱਸਿਆ ਕੀਤੀ, ਇਸੇ ਲਈ ਇਸ ਥਾਂ ਦਾ ਨਾਂ ਗੋਦੜੀ ਸਾਹਿਬ ਪੈ ਗਿਆ।



ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਇਤਿਹਾਸਕ ਸ਼ਹਿਰ ਫ਼ਰੀਦਕੋਟ ਵਿਚ ਗੁਰਦੁਆਰਾ ਟਿੱਲਾ ਬਾਬਾ ਸ਼ੇਖ਼ ਫ਼ਰੀਦ ਜੀ ਦਾ ਗੁਰਦੁਆਰਾ ਸਥਿਤ ਹੈ, ਜੋ ਅੱਜ ਸੰਸਾਰ ਪ੍ਰਸਿੱਧ ਹੋ ਚੁੱਕਾ ਹੈ। ਉਹ ਪਵਿੱਤਰ ਵਣ ਦੀ ਲੱਕੜੀ, ਜਿਸ ਨਾਲ ਬਾਬਾ ਸ਼ੇਖ ਫ਼ਰੀਦ ਜੀ ਨੇ ਮੋਕਲਸੀ ਰਾਜੇ ਦੀ ਬੇਗਾਰ ਕਰਦਿਆਂ ਗਾਰੇ ਦੀ ਟੋਕਰੀ ਚੁੱਕਦੇ ਸਮੇਂ ਲਿਬੜੇ ਹੱਥ ਪੂੰਝੇ ਸਨ, ਇਹ ਗੋਲ ਗੁੰਬਦ ਵਿਚ ਇਸ ਗੁਰਦੁਆਰੇ ਵਿਖੇ ਸੁਸ਼ੋਭਿਤ ਹੈ। ਇਹ ਲੱਕੜੀ ਸੈਂਕੜੇ ਸਾਲ ਵਣ ਦੇ ਦਰੱਖ਼ਤ ਦੇ ਰੂਪ ਵਿਚ ਇਸ ਅਸਥਾਨ 'ਤੇ ਖੜ੍ਹੀ ਰਹੀ। ਲੋਕ ਸਦੀਆਂ ਤੋਂ ਇਸ ਦੀ ਪੂਜਾ ਕਰਦੇ ਰਹੇ ਅਤੇ ਸ਼ਰਧਾਲੂਆਂ ਦੇ ਹੱਥਾਂ ਦੀ ਛੋਹ ਨਾਲ ਇਸ ਦੇ ਹਿੱਸੇ ਗੋਲ ਹੋ ਗਏ।

ਅੱਜ ਤੋਂ ਤਕਰੀਬਨ 200 ਸਾਲ ਪਹਿਲਾਂ ਕਿਸੇ ਸ਼ਰਧਾਲੂ ਨੇ ਇੱਕ ਛੋਟਾ ਜਿਹਾ ਗੁੰਬਦ ਬਣਾ ਕੇ ਉਸ ਵਣ ਦੀ ਲੱਕੜ ਨੂੰ ਸਤਿਕਾਰ ਵਾਲੀ ਥਾਂ 'ਤੇ ਟਿਕਾ ਦਿਤਾ ਅਤੇ ਉੱਥੇ ਜੋਤ ਜਗਾ ਦਿੱਤੀ। ਪਿਛਲੇ ਤਕਰੀਬਨ 200 ਸਾਲ ਤੋਂ ਹੀ ਉਹ ਜੋਤ ਲਗਾਤਾਰ ਜਲ ਰਹੀ ਹੈ ਜੋ ਬਾਬਾ ਜੀ ਦੇ ਮਨੁੱਖਤਾ ਨੂੰ ਦਿੱਤੇ ਹੋਏ ਗਿਆਨ ਦੀ ਰੋਸ਼ਨੀ ਦੀ ਪ੍ਰਤੀਕ ਹੈ। ਬਾਬਾ ਫ਼ਰੀਦ ਜੀ ਦੀ ਆਮਦ ਤੋਂ ਪਹਿਲਾਂ ਇਸ ਸ਼ਹਿਰ ਦਾ ਨਾਂ ਮੋਕਲਹਰ ਸੀ, ਉਨ੍ਹਾਂ ਦੀ ਇਸ ਫੇਰੀ ਉਪਰੰਤ ਇਸ ਸ਼ਹਿਰ ਦਾ ਨਾਂ ਫ਼ਰੀਦਕੋਟ ਪਿਆ।

ਬਾਬਾ ਫ਼ਰੀਦ ਜੀ ਦੀ ਆਮਦ ਦੇ ਸਬੰਧ ਵਿਚ 1986 ਵਿਚ ਪਹਿਲੀ ਵਾਰ ਉੱਤਰ ਖੇਤਰੀ ਸੱਭਿਆਚਾਰ ਕੇਂਦਰ,ਪਟਿਆਲਾ ਵਲੋਂ ਪ੍ਰਸ਼ਾਸਨ, ਸਮਾਜਿਕ, ਧਾਰਮਿਕ, ਸੱਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ 21 ਤੋਂ 23 ਸਤੰਬਰ ਤਕ ਤਿੰਨ ਰੋਜ਼ਾ ਬਾਬਾ ਫ਼ਰੀਦ ਵਿਰਾਸਤੀ ਮੇਲਾ ਮਨਾਉਣਾ ਸ਼ੁਰੂ ਕੀਤਾ ਗਿਆ ਹੈ। ਸ਼ਹਿਰ ਨਿਵਾਸੀ ਆਪਣੇ ਘਰਾਂ ਵਿੱਚ ਰੋਸ਼ਨੀ ਕਰਕੇ ਬਾਬਾ ਸ਼ੇਖ ਫਰੀਦ ਜੀ ਨੂੰ ਅਕੀਦਤ ਦੇ ਫ਼ੁੱਲ ਭੇਂਟ ਕਰਦੇ ਹਨ। ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਸਾਨੂੰ ਆਤਮ ਚਿੰਤਨ ਕਰਨ ਦਾ ਸੰਦੇਸ਼ ਦਿੰਦੀਆਂ ਹਨ :

ਫ਼ਰੀਦਾ ਜੇ ਤੂੰ ਅਕਲ ਲਤੀਫ ਕਾਲੇ ਲਿਖ ਨਾ ਲੇਖ।
ਆਪਨੜੇ ਗਿਰਵਾਨ ਮੇਂ ਸਿਰ ਨੀਵਾਂ ਕਰ ਵੇਖ॥

ਇਕ ਹੋਰ ਸਲੋਕ ਰਾਹੀਂ ਮਨੁੱਖਤਾ ਨੂੰ ਟੁੰਬਦੇ ਹੋਏ ਲਿਖਦੇ ਹਨ :

ਫ਼ਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ।
ਗੁਨਹੀ ਭਰਿਆ ਮੈਂ ਫਿਰਾ ਲੋਕੁ ਕਹੈ ਦਰਵੇਸ਼॥

ਇਥੇ ਹੀ ਬਸ ਨਹੀਂ ਬਾਬਾ ਫ਼ਰੀਦ ਸਾਨੂੰ ਆਪਣੀ ਪਵਿੱਤਰ ਬਾਣੀ ਰਾਹੀਂ ਨਿਮਾਣੇ ਹੋ ਕੇ ਜਿਊਣ ਦਾ ਸੰਦੇਸ਼ ਦਿੰਦੇ ਹੋਏ ਕਹਿੰਦੇ ਹਨ :

ਫ਼ਰੀਦਾ ਜੋ ਤੈਂ ਮਾਰਨਿ ਮੁਕੀਆਂ, ਤਿਨਾ ਨ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ, ਪੈਰ ਤਿਨਾ ਦੇ ਚੁੰਮ॥

ਬਾਬਾ ਫ਼ਰੀਦ ਜੀ ਮਨੁੱਖਤਾ ਨੂੰ ਪ੍ਰੇਰਨਾ ਕਰਦੇ ਹੋਏ ਚਿਤਾਵਨੀ ਦਿੰਦੇ ਹਨ ਕਿ ਹੇ ਇਨਸਾਨ ਜੋ ਦੁਨੀਆ ਵਿਚ ਕਾਰਨਾਮੇ ਕਰਦਾ ਹੈਂ ਇਸ ਦਾ ਹਿਸਾਬ ਦੇਣਾ ਪੈਣਾ ਹੈ :

ਫ਼ਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰ।
ਮਤੁ ਸਰਮਿੰਦਾ ਥੀਵਹੀ, ਸਾਂਈ ਦੇ ਦਰਬਾਰ॥

ਮਹਾਂਪੁਰਸ਼ਾਂ ਗੁਰੂਆਂ,ਪੀਰਾਂ, ਪੈਗੰਬਰਾਂ ਦੀ ਯਾਦ ਵਿਚ ਕੀਤੇ ਜਾਂਦੇ ਸਮਾਗਮਾਂ ਦਾ ਮੰਤਵ ਉਨ੍ਹਾਂ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਕੰਮਾਂ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਅਸੀਂ ਆਪਣੇ ਜੀਵਨ ਵਿਚ ਅਪਨਾਈਏ। ਪਰਮਾਤਮਾ ਵਲੋਂ ਸਾਜੀ ਸਾਰੀ ਸ੍ਰਿਸ਼ਟੀ ਵਿਚ ਇਕ ਜੋਤ ਦਾ ਵਾਸਾ ਹੈ, ਫਿਰ ਅਸੀਂ ਦੂਜੇ ਨੂੰ ਆਪਣੇ ਤੋਂ ਨੀਵਾਂ ਕਿਉਂ ਵੇਖਦੇ ਹਾਂ। ਸਾਰੇ ਮਾਨਵ ਹਿਰਦੇ ਅਮੋਲਕ ਰਤਨ ਹਨ। ਇਨ੍ਹਾ ਨੂੰ ਤੋੜਨਾ, ਇਨ੍ਹਾਂ ਨੂੰ ਠੇਸ ਪਹੁੰਚਾਉਣੀ ਅਪਰਾਧ ਹੈ।

**ਮੋਬਾਈਲ 981578410**

---

## ਮੌਤ ਦਾ ਸਬਕ

ਮੈਡਮ ਡੀ ਸਟੈਲਾ ਆਖਦੇ ਹਨ, ਅਸੀਂ ਮੌਤ ਨੂੰ ਉਦੋਂ ਸਮਝਦੇ ਹਾਂ, ਜਦ ਉਹ ਸਾਡੇ ਕਿਸੇ ਪਿਆਰੇ ਦੇ ਸਿਰ ਉੱਤੇ ਹੱਥ ਰੱਖਦੀ ਹੈ। ਇਹ ਸਾਡੇ ਜੀਵਨ ਦਾ ਕੌੜਾ ਸੱਚ ਹੈ। ਮੌਤ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ। ਨਰਿੰਦਰ ਸਿੰਘ ਕਪੂਰ ਆਪਣੀ ਕਿਤਾਬ 'ਬੂਹੇ ਬਾਰੀਆਂ' 'ਚ ਲਿਖਦੇ ਨੇ ਕਿ ਜੀਵਨ ਨੂੰ ਪਾਉਣ ਦਾ ਇਕ ਹੀ ਤਰੀਕਾ ਹੈ, ਪਰ ਮੌਤ ਨੂੰ ਪਾਉਣ ਦੇ ਕਰੋੜਾਂ ਹਨ। ਉਹ ਲਿਖਦੇ ਹਨ ਕਿ ਜੀਵਨ ਤਾਂ ਇਕ ਸਫ਼ਰ ਹੈ, ਜਿਸ ਦਾ ਅੰਤ ਮੌਤ ਹੈ। ਉਨ੍ਹਾਂ ਦੀਆਂ ਲਿਖੀਆਂ ਗੱਲਾਂ ਮੇਰੇ ਦਿਲ ਵਿਚ ਘਰ ਕਰ ਗਈਆਂ।।

ਮੌਤ, ਮਰਨਾ ਤੇ ਅੰਤ ਇਹ ਸਾਰੇ ਲਫ਼ਜ਼ ਜਿੰਨੇ ਮਰਜ਼ੀ ਉਦਾਸ ਹੋਣ, ਪਰ ਇਹ ਇਨਸਾਨ ਦੇ ਜੀਵਨ ਦਾ ਇਕ ਅਟੱਲ ਸੱਚ ਹੈ। ਬਚਪਨ ਵਿਚ ਮਾਂ ਆਖਦੀ ਸੀ ਕਿ ਮੌਤ ਸਭ ਨੂੰ ਆਉਣੀ ਹੈ, ਇਕ ਦਿਨ ਇਸ ਸਰੀਰ ਨੇ ਮਿੱਟੀ ਵਿਚ ਰੁਲ ਜਾਣਾ ਹੈ। ਉਸ ਸਮੇਂ ਇੰਨੀ ਸਮਝ ਨਹੀਂ ਸੀ ਕਿ ਇਨ੍ਹਾਂ ਗੱਲਾਂ ਨੂੰ ਸਮਝ ਸਕਦਾ। ਮੈਨੂੰ ਮੌਤ ਦੀ ਤਾਕਤ ਦਾ ਉਸ ਦਿਨ ਪਤਾ ਲੱਗਿਆ, ਜਦ ਦਾਦੀ ਜੀ ਨੂੰ ਆਖਰੀ ਸਾਹ ਲੈਂਦੇ ਦੇਖਿਆ। ਉਸ ਸਮੇਂ ਪ੍ਰਤੀਤ ਹੋਇਆ ਕਿ ਪੈਸੇ ਦੀ ਤਾਕਤ, ਇਨਸਾਨ ਦਾ ਗਿਆਨ ਮੌਤ ਅੱਗੇ ਹਾਰ ਜਾਂਦਾ ਹੈ। ਜਦੋਂ ਦਾਦੀ ਆਖਰੀ ਸਾਹ ਲੈ ਰਹੇ ਸੀ ਤਾਂ ਅਹਿਸਾਸ ਹੋਇਆ ਕਿ ਇਨਸਾਨ ਕੁਦਰਤ ਅੱਗੇ ਕਿੰਨਾ ਲਾਚਾਰ ਅਤੇ ਬੇਵਸ ਹੈ। ਉਸ ਦਿਨ ਬੰਦ ਅੱਖਾਂ ਖੁੱਲ੍ਹ ਗਈਆਂ, ਜੋ ਪੈਸੇ ਨਾਲ ਸਭ ਕੁਝ ਖਰੀਦਣ ਦੀ ਤਾਕਤ ਨੂੰ ਸਰਵ ਸ਼ਕਤੀਮਾਨ ਮੰਨਦੀਆਂ ਸਨ।ਪਰ ਮੌਤ ਦੇ ਹਨੇਰੇ ਅੱਗੇ ਪੈਸੇ ਦੀ ਰੰਗੀਨੀ ਫਿੱਕੀ ਪੈ ਗਈ।

ਆਖਰ ਦਾਦੀ ਦੀਆਂ ਬੰਦ ਅੱਖਾਂ ਦੇਖ ਅੱਖਾਂ ਵਿਚ ਹੰਝੂ ਆ ਗਏ। ਉਨ੍ਹਾਂ ਦੀ ਆਵਾਜ਼ ਕੰਨਾਂ ਵਿਚ ਗੂੰਜ ਰਹੀ ਸੀ ਤੇ ਉਨ੍ਹਾਂ ਦੀਆਂ ਕਹਾਣੀਆਂ ਯਾਦ ਆ ਰਹੀਆਂ ਸਨ। ਉਹ ਪਾਕਿਸਤਾਨ ਵਿਚ ਆਪਣੇ ਪਿੰਡ ਦੀਆਂ ਗੱਲਾਂ ਕਰਦੇ ਸਨ ਅਤੇ ਅੱਜ ਦੇ ਸਮਾਜ ਅਤੇ ਉਸ ਸਮੇਂ ਦੇ ਸਮਾਜ ਦਾ ਹਾਲ ਬਿਆਨ ਕਰਦੇ।ਉਹ ਦੱਸਦੇ ਕਿ ਕਿਵੇਂ ਫ਼ਿਰਕੂ ਦੰਗਿਆਂ ਵਿਚ ਮਾਵਾਂ ਨੇ ਪੁੱਤ, ਭੈਣਾਂ ਨੇ ਭਾਈ ਅਤੇ ਆਪਣਿਆਂ ਨੇ ਆਪਣੇ ਖੋਹ ਦਿੱਤੇ। ਉਹ ਦੱਸਦੇ ਕਿ ਸਾਡੇ ਪਿੰਡ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਸਭ ਪਿਆਰ ਅਤੇ ਭਾਈਚਾਰੇ ਨਾਲ ਰਹਿੰਦੇ।ਪਰ ਵੰਡ ਤੋਂ ਪਹਿਲਾਂ ਮਾਹੌਲ ਬਦਲ ਗਿਆ ਸੀ ਅਤੇ ਫਿਰਕਾਪ੍ਰਸਤੀ ਕਰਕੇ ਲੋਕਾਂ ਦੇ ਮਨਾਂ ਵਿਚ ਧਰਮ ਪ੍ਰਤੀ ਭੇਦ ਭਾਵ ਹੋਣ ਲੱਗਿਆ। ਇਸ ਸੋਚ ਨੇ ਇਨਸਾਨ ਨੂੰ ਇਨਸਾਨ ਦਾ ਕਾਤਲ ਅਤੇ ਖ਼ੂਨ ਦਾ ਪਿਆਸਾ ਬਣਾ ਦਿੱਤਾ। ਅੰਤ ਵਿਚ ਇਹ ਹੀ ਕਹਿਣਾ ਚਾਹਾਂਗਾ ਕਿ ਦਾਦੀ ਦੀਆਂ ਗੱਲਾਂ ਗਿਆਨ ਭਰੀਆਂ ਸਨ। ਉਨ੍ਹਾਂ ਦਾ ਜੀਵਨ ਵੀ ਮੇਰੇ ਲਈ ਸਬਕ ਸੀ ਅਤੇ ਮੌਤ ਵੀ। ਜਿਸ ਨੇ ਮੈਨੂੰ ਰੱਬ ਦੀ ਤਾਕਤ ਅਤੇ ਕੁਦਰਤ ਦੇ ਰੰਗਾਂ ਤੋਂ ਜਾਣੂ ਕਰਵਾਇਆ।

**• ਅਨਮੋਲ ਨਾਥ ਬਾਲੀ**

---

# ਨਿਸ਼ਕਾਮ ਸੇਵਾ ਦੇ ਪੁੰਜ ਭਾਈ ਘਨੱਈਆ ਜੀ

**ਗੁਰਜੀਤ ਸਿੰਘ ਖ਼ਾਲਸਾ**

ਭਾਈ ਘਨੱਈਆ ਜੀ ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਇਕ ਅਨੋਖੇ ਸਿੱਖ ਸੇਵਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਇਕ ਅਜਿਹੇ ਸਮਾਜ ਸੇਵੀ ਹੋਏ ਹਨ ਜਿਸ ਦੀ ਮਿਸਾਲ ਦੁਨੀਆ 'ਚ ਹੋਰ ਕਿਧਰੇ ਨਹੀਂ ਮਿਲਦੀ। ਜਾਤਪਾਤ, ਰੰਗ, ਨਸਲ, ਊਚ ਨੀਚ ਤੇ ਇਥੋਂ ਤਕ ਕਿ ਧਰਮ ਦੇ ਭੇਦ ਭਾਵ ਤੋਂ ਵੀ ਉੱਪਰ ਉੱਠ ਕੇ ਉਨ੍ਹਾਂ ਨੇ ਜੰਗਾਂ-ਯੁੱਧਾਂ ਅਤੇ ਸਮਾਜਿਕ ਖੇਤਰ ਵਿਚ ਜਿਸ ਤਰ੍ਹਾਂ ਮਨੁੱਖਤਾ ਦੀ ਸੇਵਾ ਕੀਤੀ ਉਸ ਨੇ ਮਨੁੱਖਤਾ ਅਤੇ ਸਿੱਖੀ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ। ਦਸਮੇਸ਼ ਪਿਤਾ ਜੀ ਤੋਂ ਮਰ੍ਹਮ ਪੱਟੀ ਦੀ ਡੱਬੀ ਅਤੇ ਅਸ਼ੀਰਵਾਦ ਪ੍ਰਾਪਤ ਕਰ ਕੇ ਰਣਤੱਤੇ ਵਿਚ ਮਨੁੱਖਤਾ ਦੀ ਸੇਵਾ ਕਰਨ ਵਾਲੇ ਅਜਿਹੇ ਗੁਰਸਿੱਖ, ਮਹਾਨ ਸੇਵਕ ਦਾ ਜਨਮ 1647 ਈ: ਨੂੰ ਪਿੰਡ ਸੋਦਰਾ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਪਿਤਾ ਨੱਥੂ ਰਾਮ ਅਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਹੋਇਆ। ਸੋਦਰਾ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਿੰਡ ਦਾ ਨਾਂ 'ਸੋ ਦਰਾਂ' ਪਿਆ ਜੋ ਬਾਅਦ 'ਚ ਸਮਾਂ ਪਾ ਕੇ ਸੋਧਰਾ ਦੇ ਨਾਂ ਨਾਲ ਮਸ਼ਹੂਰ ਹੋਇਆ।

ਭਾਈ ਘਨੱਈਆ ਜੀ ਦੇ ਪਿਤਾ ਨੱਥੂ ਰਾਮ ਇਕ ਬਹੁਤ ਵੱਡੇ ਸੌਦਾਗਰ ਸਨ। ਜੋ ਕਿ ਸ਼ਾਹੀ ਫ਼ੌਜਾਂ ਨੂੰ ਰਸ਼ਦ ਪਾਣੀ ਦੇਣ ਦਾ ਕੰਮ ਕਰਿਆ ਕਰਦੇ ਸਨ। ਜਿਸ ਸਮੇਂ ਭਾਈ ਸਾਹਿਬ ਦਾ ਜਨਮ ਹੋਇਆ ਉਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਗੁਰੂ ਹਰਿ ਰਾਇ ਸਾਹਿਬ ਜੀ ਬਿਰਾਜਮਾਨ ਸਨ। ਗੁਰੂਘਰ ਦੇ ਸ਼ਰਧਾਲੂ ਪਿਤਾ ਆਪ ਨੂੰ ਛੋਟੀ ਉਮਰ 'ਚ ਹੀ ਗੁਰੂ ਹਰਿ ਰਾਏ ਜੀ ਦੀ ਸੰਗਤ ਵਿਚ ਲੈ ਗਏ। ਗੁਰੂ ਜੀ ਦੀ ਸੰਗਤ ਦਾ ਆਪ 'ਤੇ ਐਨਾ ਅਸਰ ਹੋਇਆ ਕਿ ਆਪ ਅੰਮ੍ਰਿਤ ਵੇਲੇ ਉੱਠ ਕੇ ਸਿਮਰਨ ਵਿਚ ਜੁੜਨ ਲੱਗ ਪਏ। ਸਰੀਰ ਤਕੜਾ ਹੋਣ ਕਰਕੇ ਆਪ ਕਈ-ਕਈ ਘੰਟੇ ਸਿਮਰਨ ਕਰਦੇ ਰਹਿੰਦੇ ਸਨ। ਛੋਟੇ ਹੁੰਦਿਆਂ ਹੀ ਆਪ ਗ਼ਰੀਬਾਂ, ਬਿਰਧਾਂ, ਕਮਜ਼ੋਰਾਂ, ਅਨਾਥਾਂ, ਲੋੜਵੰਦਾਂ ਅਤੇ ਅਜਨਬੀ ਰਾਹੀਆਂ ਦੀ ਸਮਾਨ ਢੋਣ ਵਿਚ ਵੀ ਮੱਦਦ ਕਰਦੇ ਰਹਿੰਦੇ ਸਨ ਜਿਸ ਕਾਰਨ ਆਪ ਨੂੰ ਕਈ ਵਾਰ ਘਰੋਂ ਡਾਂਟ ਫਿਟਕਾਰ ਵੀ ਪੈਂਦੀ।

ਇਕ ਵਾਰ ਆਪ ਦੀ ਮਾਤਾ ਨੇ ਕਿਹਾ ਪੁੱਤਰ ਜਦੋਂ ਲੋਕਾਂ ਦਾ ਸਮਾਨ ਚੁੱਕ ਕੇ ਇਧਰੋਂ-ਉਧਰੋਂ ਲਿਆਉਂਦਾ ਏਂ ਤਾਂ ਸਾਡੀ ਬਹੁਤ ਬਦਨਾਮੀ ਹੁੰਦੀ ਹੈ। ਅੱਗੋਂ ਆਪ ਠਰ੍ਹੰਮੇ ਨਾਲ ਕਹਿਣ ਲੱਗੇ ਕਿ ਮਾਤਾ ਜੀ ਕਈ ਘਰਾਂ ਵਿਚ ਅਜਿਹੇ ਬਉਲੇ ਪੁੱਤ ਵੀ ਤਾਂ ਆਖ਼ਰ ਹੁੰਦੇ ਹੀ ਹਨ। ਪੁੱਤਰ ਦੇ ਮੂੰਹੋਂ ਅਜਿਹੇ ਸ਼ਬਦ ਸਣ ਕੇ ਮਾਤਾ ਜੀ ਦੇ ਅੱਖਾਂ 'ਚੋਂ ਨੀਰ ਛਲਕ ਆਇਆ।



ਉਸ ਨੇ ਪੁੱਤਰ ਨੂੰ ਛਾਤੀ ਨਾਲ ਲਗਾ ਕੇ ਅਸੀਸ ਦਿੰਦੇ ਕਿਹਾ ਕਿ ਮੇਰਿਆ ਬਾਉਲਿਆ ਪੁੱਤਰਾ ਅਜਿਹੇ ਪਰਉਪਕਾਰੀ ਕੰਮ ਰੋਜ਼ ਕਰਦਾ ਰਹੀਂ।

ਪਿਤਾ ਜੀ ਦੀ ਮੌਤ ਤੋਂ ਬਾਅਦ ਸਾਰੇ ਭਰਾਵਾਂ ਵਿਚ ਵੱਡੇ ਹੋਣ ਕਾਰਨ ਆਪ ਜੀ ਦੇ ਸਿਰ 'ਤੇ ਪਰਿਵਾਰ ਦੀ ਜ਼ਿੰਮੇਵਾਰੀ ਆਣ ਪਈ। ਪਿਤਾ ਪੁਰਖੀ ਕਿੱਤੇ ਨੂੰ ਸੰਭਾਲਦੇ ਹੋਏ ਆਪ ਸ਼ਾਹੀ ਫ਼ੌਜਾਂ ਨੂੰ ਰਸ਼ਦ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਣ ਲੱਗੇ ਉਸ ਸਮੇਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ ਤੇ ਗੁਰਗੱਦੀ ਉੱਪਰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਬੈਠੇ ਹੋਏ ਸਨ। ਸ਼ਾਹੀ ਫ਼ੌਜਾਂ ਵਿਚ ਰਸ਼ਦ ਪਾਣੀ ਦੀ ਸੇਵਾ ਨਿਭਾਉਂਦੇ ਸਮੇਂ ਭਾਈ ਘਨੱਈਆ ਜੀ ਦਾ ਮੇਲ ਸ਼ਾਹੀ ਫ਼ੌਜਾਂ ਵਿਚ ਮੌਜੂਦ ਇਕ ਸਿੱਖ ਭਾਈ ਨਲੂਆ ਜੀ ਨਾਲ ਹੋਇਆ ਜਿਨ੍ਹਾਂ ਪਾਸੋਂ ਆਪ ਨੇ ਨੌਵੇਂ ਪਾਤਸ਼ਾਹ ਜੀ ਦੇ ਸਲੋਕ ਬੜੇ ਧਿਆਨ ਨਾਲ ਸੁਣੇ। ਸਲੋਕ ਸੁਣਦੇ ਸਾਰ ਹੀ ਆਪ ਪ੍ਰੇਮ 'ਚ ਲੀਨ ਹੋ ਗਏ ਤੇ ਵੈਰਾਗ ਅਵਸਥਾ ਵਿਚ ਪਹੁੰਚ ਗਏ। ਜਿਸ ਕਾਰਨ ਆਪ ਸਭ ਕਝ ਤਿਆਗ ਕੇ ਉਸ ਪਮਾਤਮਾ ਦੀ ਭਾਲ ਵਿਚ ਜੰਗਲਾਂ ਵੱਲ ਨੂੰ ਨਿਕਲ ਤੁਰੇ। ਅਕਾਲ ਪੁਰਖ ਦੀ ਭਾਲ ਵਿਚ ਘੁੰਮਦੇ-ਘੁੰਮਦੇ ਆਪ ਦਾ ਮੇਲ ਇਕ ਗੁਰਸਿੱਖ ਨਾਲ ਹੋਇਆ, ਜਿਸ ਨੂੰ ਆਪ ਨੇ ਆਪਣੇ ਮਨ ਦੀ ਸਾਰੀ ਅਵਸਥਾ ਬਾਰੇ ਦੱਸਿਆ। ਉਸ ਨੇ ਕਿਹਾ ਕਿ ਪ੍ਰਮਾਤਮਾ ਦਾ ਮੇਲ ਤਾਂ ਸੱਚੀ ਸੰਗਤ ਅਤੇ ਗ੍ਰਹਿਸਥੀ ਜੀਵਨ ਵਿਚ ਰਹਿੰਦਿਆਂ ਹੋਇਆਂ ਹੀ ਹੋ ਸਕਦਾ ਹੈ ਗੁਰਸਿੱਖ ਦੇ ਉਪਦੇਸ਼ 'ਤੇ ਅਮਲ ਕਰਦਿਆਂ ਆਪ ਫਿਰ ਕੇ ਸੰਗਤ ਵਿਚ ਵਿਚਰਨ ਲੱਗੇ। ਆਪ ਕਿਸੇ ਧਰਮਸ਼ਾਲਾ ਵਿੱਚ ਰਾਤ ਭਰ ਰਹਿੰਦੇ ਅਤੇ ਰਮਤੇ ਸਾਧੂ ਦੀ ਤਰ੍ਹਾਂ ਦੂਜੇ ਦਿਨ ਅਗਲੇ ਨਗਰ ਵੱਲ ਨੂੰ ਚਾਲੇ ਪਾ ਦਿੰਦੇ।

ਇਕ ਵਾਰ ਭਾਈ ਘਨੱਈਆ ਜੀ ਸੰਗਤ ਸਮੇਤ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਪਹੁੰਚੇ। ਉਸ ਵਕਤ ਗੁਰੂ ਤੇਗ ਬਹਾਦਰ ਜੀ ਉਚੇ ਟਿੱਲੇ 'ਤੇ ਦੀਵਾਨ ਸਜਾਈ ਬੈਠੇ ਸਨ। ਗੁਰੂ ਜੀ ਦੇ ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਆਪ ਜੀ ਦਾ ਮਨ ਅਜਿਹਾ ਸੀਤ ਹੋਇਆ ਕਿ ਆਪ ਨੂੰ ਇਕ ਪਾਣੀ ਦਾ ਘੜਾ ਭਰ ਕੇ ਲਿਆਉਣ ਲਈ ਕਿਹਾ ਭਾਈ ਸਾਹਿਬ ਹੇਠਾਂ ਉਤਰ ਕੇ ਪਾਣੀ ਦਾ ਘੜਾ ਭਰ ਲਿਆਏ। ਗੁਰੂ ਜੀ ਨੇ ਹੱਥ ਧੋ ਕੇ ਬਾਕੀ ਦਾ ਪਾਣੀ ਡੋਲ੍ਹਦਿਤਾ ਤੇ ਹੋਰ ਘੜਾ ਭਰ ਕੇ ਲਿਆਉਣ ਲਈ ਕਿਹਾ।

ਇਸ ਤਰ੍ਹਾਂ ਕਈ ਮਹੀਨੇ ਗੁਰੂ ਜੀ ਆਪ ਜੀ ਦੇ ਸਬਰ ਦੀ ਪ੍ਰੀਖਿਆ ਲੈਂਦੇ ਰਹੇ ਤੇ ਇਕ ਦਿਨ ਗੁਰੂ ਜੀ ਨੇ ਆਪ 'ਤੇ ਅਜਿਹੀ ਕ੍ਰਿਪਾ ਦ੍ਰਿਸ਼ਟੀ ਪਾਈ ਕਿ ਆਪ ਜੀ ਨੂੰ ਉੱਚ ਰੂਹਾਨੀ ਅਵਸਥਾ ਦੀ ਪ੍ਰਾਪਤੀ ਹੋ ਗਈ। ਇਸ ਤੋਂ ਬਾਅਦ ਆਪ ਗੁਰੂ ਜੀ ਤੋਂ ਭਰੋਸਗੀ ਦੀ ਦਾਤ ਪ੍ਰਾਪਤ ਕਰਕੇ ਅਟਕ ਦਰਿਆ ਦੇ ਲਾਗਲੇ ਪਿੰਡ ਵਿਚ ਆ ਬਿਰਾਜਮਾਨ ਹੋਏ। ਕਵੇਰ ਪਿੰਡ 'ਚ ਆਪ ਨੇ ਧਰਮਸ਼ਾਲਾ ਅਤੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਇਕ ਖੂਹ ਦੀ ਸਥਾਪਨਾ ਕਰਵਾਈ। ਜਦੋਂ 11 ਨਵੰਬਰ 1675 ਈ: ਨੂੰ ਔਰੰਗਜ਼ੇਬ ਦੇ ਸ਼ਾਹੀ ਫ਼ੁਰਮਾਨ ਤਹਿਤ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦੇਣ ਦੀ ਖ਼ਬਰ ਆਪ ਜੀ ਨੂੰ ਮਿਲੀ ਤਾਂ ਆਪ ਤੁਰੰਤ ਕਵੇਰ ਪਿੰਡ ਤੋਂ ਅਨੰਦਪੁਰ ਸਾਹਿਬ ਪਹੁੰਚ ਗਏ ਅਤੇ ਗੁਰੂਘਰ ਵਿਖੇ ਸੰਗਤ ਦੀ ਸੇਵਾ ਕਰਨ ਲੱਗੇ।

ਭੰਗਾਣੀ ਦੇ ਯੁੱਧ ਦੀ ਜਿੱਤ ਤੋਂ ਪਿੱਛੋਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਵਾਪਸ ਆਏ ਤਾਂ ਭਾਈ ਘਨੱਈਆ ਜੀ ਵੀ ਓਨਾਂ ਦੇ ਨਾਲ ਹੀ ਅਨੰਦਪਰ ਸਾਹਿਬ ਵਾਪਸ ਆ ਗਏ। ਭਾਈ ਘਨੱਈਆ ਜੀ ਆਪਣੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦੇ ਨਜ਼ਦੀਕ ਤਾਰਾਗੜ੍ਹਦੇ ਕਿਲ੍ਹੇ ਵਿਚ ਪੰਜ ਸੌ ਬ੍ਰਹਮ ਗਿਆਨੀਆਂ ਸਮੇਤ ਰਹਿਣ ਲੱਗੇ। ਉਪਰੰਤ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਆਪ ਜੀ ਬਿਨਾ ਕਿਸੇ ਡਰ ਭੈ ਦੇ ਚਿੱਟੇ ਬਸਤਰ ਪਾ, ਖੱਬੇ ਮੋਢੇ 'ਤੇ ਅਮਨ ਦਾ ਪ੍ਰਤੀਕ ਚਿੱਟਾ ਝੰਡਾ ਲਾ, ਪਾਣੀ ਦੀ ਮਸ਼ਕ ਚੁੱਕ ਯੁੱਧ ਦੇ ਮੈਦਾਨ ਵਿਚ ਜ਼ਖ਼ਮੀ ਤੇ ਪਿਆਸਿਆਂ ਨੂੰ, ਬਿਨਾ ਕਿਸੇ ਭੇਦ-ਭਾਵ ਦੇ ਪਾਣੀ ਪਿਲਾਉਣ ਲੱਗੇ। ਜਦੋਂ ਜ਼ਖ਼ਮੀ ਹੋਏ ਮੁਗ਼ਲ ਸੈਨਿਕ ਭਾਈ ਘਨੱਈਆ ਜੀ ਤੋਂ ਪਾਣੀ ਦੀ ਘੁੱਟ ਪੀ, ਫਿਰ ਰਣ ਤੱਤੇ ਵਿਚ ਜੂਝਣ ਲੱਗਦੇ ਤਾਂ ਕਿਸੇ ਗੁਰੂ ਜੀ ਕੋਲ ਉਨ੍ਹਾਂ ਦੀ ਸ਼ਕਾਇਤ ਕਰ ਦਿੱਤਾ। ਗੁਰੂ ਜੀ ਨੇ ਕਿਹਾ ਜਿੱਥੇ ਤੁਸੀਂ ਪਿਆਸਿਆਂ ਨੂੰ ਪਾਣੀ ਪਿਲਾਉਂਦੇ ਹੋ ਉੱਥੇ ਅੱਜ ਤੋਂ ਬਾਅਦ ਜ਼ਖ਼ਮੀਆਂ ਦੀ ਮਰ੍ਹਮ ਪੱਟੀ ਵੀ ਕਰਿਆ ਕਰਨੀ।

ਭਾਈ ਘਨੱਈਆ ਜੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਮੰਨ ਕੇ ਪਾਣੀ ਪਿਆਉਣ ਦੇ ਨਾਲ-ਨਾਲ ਜ਼ਖ਼ਮੀਆਂ ਦੀ ਮਰ੍ਹਮ ਪੱਟੀ ਦੀ ਸੇਵਾ ਵੀ ਨਿਭਾਉਣ ਲੱਗ ਪਏ। ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਚਮਕੌਰ ਸਾਹਿਬ ਆ ਪਹੁੰਚੇ ਤਾਂ ਭਾਈ ਸਾਹਿਬ ਗੁਰੂ ਸਾਹਿਬ ਜੀ ਤੋਂ ਦਸਤੀ ਰੁਮਾਲ ਦੀ ਬਖਸ਼ਿਸ਼ ਪ੍ਰਾਪਤ ਕਰ ਕੇ ਫਿਰ ਅਟਕ ਦੇ ਇਲਾਕੇ ਵਿਚ ਆ ਵਸੇ। ਭਾਈ ਸਾਹਿਬ ਜੀ ਰੋਜ਼ਾਨਾ ਸੰਗਤ ਵਿਚ ਬੈਠ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਅਤੇ ਸਮਾਪਤੀ ਤੋਂ ਬਾਅਦ ਆਪ ਸ਼ਬਦ ਦੀ ਵਿਆਖਿਆ ਕਰਦੇ। ਉਮਰ ਵਡੇਰੀ ਹੋਣ ਕਰਕੇ ਆਪ ਹਮੇਸ਼ਾ ਇਕ ਥਮਲੇ ਨਾਲ ਢੋ ਲੱਗਾ ਕੇ ਬੈਠ ਜਾਂਦੇ।

ਇਕ ਦਿਨ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਜਦ ਆਪ ਸ਼ਬਦ ਦੀ ਵਿਆਖਿਆ ਕਰਨ ਨਾ ਉੱਠੇ ਤਾਂ ਸੰਗਤ ਵਿੱਚੋਂ ਕਿਸੇ ਗੁਰ ਸਿੱਖ ਨੇ ਨੇੜੇ ਜਾ ਕੇ ਹਲੂਣ ਕੇ ਦੇਖਿਆ ਤਾਂ ਆਪ ਸੱਚਖੰਡ ਪਿਆਨਾ ਕਰ ਗਏ ਸਨ। ਭਾਈ ਘਨੱਈਆ ਜੀ ਦੀ ਮ੍ਰਿਤਕ ਦੇਹ ਨੂੰ ਝਨਾਅ ਦਰਿਆ ਵਿਚ ਜਲ ਪ੍ਰਵਾਹ ਕੀਤਾ ਗਿਆ। ਭਾਈ ਘਨ੍ਹਈਆ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਿੰਡ ਮੋਹੀਵਾਲ ਨੇੜੇ ਸ੍ਰੀ ਅਨੰਦਪੁਰ ਸਾਹਿਬ ਅਤੇ ਕਿਲ੍ਹਾ ਤਾਰਾਗੜ੍ਹ ਦਰਮਿਆਨ ਸੁਸ਼ੋਭਿਤ ਹੈ।

**ਮੋਬਾਈਲ 9779681699**

---

# ਅਹਿੰਸਾ ਤੇ ਤਿਆਗ ਦੇ ਪ੍ਰੇਰਕ ਮਹਾਰਾਜਾ ਅਗਰਸੇਨ

**ਕਪਿਲ ਮੋਹਨ ਅਗਰਵਾਲ**

ਜੈਅੰਤੀ 'ਤੇ ਵਿਸ਼ੇਸ਼

ਮਹਾਰਾਜਾ ਅਗਰਸੇਨ ਇਕ ਸੱਚੇ ਸਮਾਜ ਸੇਵੀ ਅਤੇ ਅਵਤਾਰ ਸਨ। ਸਮਰਾਟ ਅਗਰਸੇਨ ਦਾ ਜਨਮ ਪ੍ਰਤਾਪ ਨਗਰ ਦੇ ਰਾਜਾ ਬਲੱਭ ਦੇ ਘਰ ਹੋਇਆ। ਮਹਾਂਲਕਸ਼ਮੀ ਵਰਤ ਅਨੁਸਾਰ, ਉਸ ਸਮੇਂ ਦੁਆਪਰ ਯੁੱਗ ਦਾ ਅੰਤਮ ਪੜਾਅ ਸੀ। ਵਰਤਮਾਨ ਕੈਲੰਡਰ ਅਨੁਸਾਰ ਮਹਾਰਾਜਾ ਅਗਰਸੇਨ ਜੀ ਦਾ ਜਨਮ 5185 ਸਾਲ ਪਹਿਲਾ ਹੋਇਆ। ਉਨ੍ਹਾਂ ਬਚਪਨ ਤੋਂ ਹੀ ਵੇਦਾਂ, ਸ਼ਾਸਤਰਾਂ, ਅਸਤਰਾਂ-ਸ਼ਸਤਰਾਂ, ਰਾਜਨੀਤੀ ਅਤੇ ਅਰਥਨੀਤੀ ਆਦਿ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਸਾਰੇ ਖੇਤਰਾਂ ਵਿਚ ਕਾਬਲ ਬਣਨ ਤੋਂ ਬਾਅਦ ਉਨ੍ਹਾਂ ਦਾ ਵਿਆਹ ਨਾਗਾਂ ਦੇ ਰਾਜਾ ਕੁਸੁਦ ਦੀ ਪੁੱਤਰੀ ਮਾਧਵੀ ਨਾਲ ਹੋਇਆ।

ਰਾਜਾ ਬਲੱਭ ਨੇ ਸੰਨਿਆਸ ਲੈ ਕੇ ਅਗਰਸੇਨ ਨੂੰ ਰਾਜ-ਭਾਗ ਦਾ ਕੰਮ ਸੌਂਪ ਦਿੱਤਾ। ਅਗਰਸੇਨ ਨੇ ਨਿਪੁੰਨਤਾ ਨਾਲ ਰਾਜ ਦਾ ਸੰਚਾਲਨ ਕੀਤਾ ਅਤੇ ਰਾਜ ਦਾ ਵਿਸਥਾਰ ਕਰਦੇ ਹੋਏ ਪਰਜਾ ਦੇ ਹਿੱਤਾਂ ਲਈ ਕੰਮ ਕੀਤਾ। ਮਹਾਰਾਜਾ ਅਗਰਸੇਨ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ। ਧਰਮ ਵਿਚ ਉਨ੍ਹਾਂ ਦੀ ਡੂੰਘੀ ਰੁਚੀ ਸੀ। ਉਹ ਰੱਬ ਦੀ ਸਾਧਨਾ ਵਿਚ ਵਿਸ਼ਵਾਸ ਕਰਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਈ ਵਾਰ ਦੇਵੀ ਲੱਛਮੀ ਜੀ ਤੋਂ ਇਹ ਵਰਦਾਨ ਹਾਸਲ ਕੀਤਾ ਕਿ ਜਦੋਂ ਤਕ ਉਨ੍ਹਾਂ ਦੀ ਕੁੱਲ ਵਿਚ ਲੱਛਮੀ ਦੇਵੀ ਦੀ ਅਰਾਧਨਾ ਹੁੰਦੀ ਰਹੇਗੀ ਉਦੋਂ ਤਕ ਅਗਰਕੁਲ ਧਨ ਅਤੇ ਅਮੀਰੀ ਨਾਲ ਖ਼ੁਸ਼ਹਾਲ ਰਹੇਗਾ।ਦੇਵੀ ਮਹਾਂਲਛੱਮੀ ਜੀ ਦੇ ਅਸ਼ੀਰਵਾਦ ਨਾਲ ਰਾਜਾ ਅਗਰਸੇਨ ਨੇ ਨਵੇਂ ਰਾਜ ਲਈ ਰਾਣੀ ਮਾਧਵੀ ਨਾਲ ਭਾਰਤ ਯਾਤਰਾ ਸ਼ੁਰੂ ਕੀਤੀ। ਆਪਣੀ ਯਾਤਰਾ ਦੌਰਾਨ ਉਹ ਇਕ ਥਾਂ 'ਤੇ ਰੁਕੇ ਜਿੱਥੇ ਉਨ੍ਹਾਂ ਨੇ ਵੇਖਿਆ ਕਿ ਕੁਝ ਸ਼ੇਰ ਅਤੇ ਭੇੜੀਏ ਦੇ ਬੱਚੇ ਖੇਡ ਰਹੇ ਸਨ। ਰਾਜਾ ਅਗਰਸ਼ੇਨ ਨੇ ਰਾਣੀ ਮਾਧਵੀ ਨੂੰ ਕਿਹਾ ਕਿ ਇਹ ਬਹੁਤ ਸ਼ੁਭ ਸੰਕੇਤ ਹੈ ਕਿ ਖੇਤਰ ਸਚਮੁੱਚ ਹੀ ਵੀਰ ਭੂਮੀ ਹੈ ਅਤੇ ਫਿਰ ਰਾਜਾ ਅਗਰਸੇਨ ਨੇ ਇਸ ਭੂਮੀ ਨੂੰ ਅਗਰੋਹਾ ਨਾਲ ਦਿੱਤਾ ਅਤੇ ਇਥੇ ਹੀ ਆਪਣਾ ਰਾਜ ਬਣਾਉਣ ਦਾ ਫ਼ੈਸਲਾ ਕੀਤਾ। ਅੱਗੇ ਚੱਲ ਕੇ ਅਗਰੋਹਾ ਖੇਤੀ ਅਤੇ ਵਪਾਰ ਪੱਖੋਂ ਇਕ ਪ੍ਰਸਿੱਧ ਸਥਾਨ ਬਣ ਗਿਆ।

ਮਹਾਰਾਜਾ ਅਗਰਸੇਨ ਨੇ ਰਾਜ ਅਤੇ ਪਰਜਾ ਦੀ ਭਲਾਈ ਲਈ 18 (ਅਠਾਰਾਂ) ਹਵਨ ਕੀਤੇ। ਉਨ੍ਹਾਂ ਦੇ ਅਠਾਰਾਂ ਪੁੱਤਰ ਪੈਦਾ ਹੋਏ। ਉਨ੍ਹਾਂ ਦੇ ਨਾਂ ਤੋਂ ਅਗਰਵਾਲ ਸਮਾਜ ਦੇ 18 ਗੋਤਰ ਬਣੇ।

ਕਿਹਾ ਜਾਂਦਾ ਹੈ ਕਿ 17 ਯੱਗ ਵਿਧੀ-ਵਿਧਾਨ ਅਤੇ ਬਿਨਾ ਕਿਸੇ ਵਿਘਨ ਤੋਂ ਸੰਪਨ ਹੋਏ ਪ੍ਰੰਤੂ 18 ਵੇਂ ਯੱਗ ਤੋਂ ਪਹਿਲਾਂ ਮਹਾਰਾਜਾ ਅਗਰਸੇਨ ਦੇ ਮਨ ਵਿਚ ਆਇਆ ਕਿ ਯੱਗ ਜਿਹੇ ਪਵਿੱਤਰ ਕਾਰਜ ਵਿਚ ਪਸ਼ੂ ਬਲੀ ਜਿਹਾ ਅਪਵਿੱਤਰ ਕੰਮ ਕਿਉਂ? ਉਨ੍ਹਾਂ ਨੇ ਐਲਾਨ ਕੀਤਾ ਕਿ ਭਵਿੱਖ ਵਿਚ ਯੱਗ ਅਤੇ ਪਵਿੱਤਰ ਕੰਮਾਂ ਵਿਚ ਪਸ਼ੂ ਬਲੀ ਦੇ ਸਥਾਨ ਤੇ ਨਾਰੀਅਲ ਭੰਨ ਕੇ ਪੂਰਨ ਆਹੂਤੀ ਦਿੱਤੀ ਜਾਵੇਗੀ। ਕਿਹਾ ਜਾਂਦਾ ਹੈ ਕਿ ਮਹਾਰਾਜਾ ਅਤੇ ਉਨ੍ਹਾਂ ਦੇ ਵੰਸਜ਼ਾਂ ਨੇ ਬਾਅਦ ਵਿਚ ਵੈਸ ਸਮੁਦਾਇ ਨੂੰ ਸਵੀਕਾਰ ਕਰ ਲਿਆ ਸੀ। ਇਸ ਦਾ ਕਾਰਨ ਮਹਾਂਲਛਮੀ ਜੀ ਦਾ ਵਰਦਾਨ ਜਾਂ ਅਸ਼ੀਰਵਾਦ ਸੀ, ਕਿ ਤੁਸੀਂ ਵੈਸ ਸਮੁਦਾਇ ਨੂੰ ਲੈ ਕੇ ਇਕ ਨਵਾਂ ਰਾਜ ਬਣਾਉਣਾ ਹੈ ਅਤੇ ਦੂਜਾ ਅਗਰਸੇਨ ਜੀ ਦੀ ਪਸ਼ੂ ਬਲੀ ਪ੍ਰਤੀ ਅਰੁਚੀ ਹੀ ਵੈਸ ਸਮੁਦਾਇ ਨੂੰ ਅਪਨਾਉਣ ਦਾ ਵੱਡਾ ਕਾਰਨ ਸੀ।

**ਮੋਬਾਈਲ 94655-96231**



ਕੌਮੀ ਪੱਤ੍ਰਿਕਾ

## 3.94 ਕਰੋੜ ਰੁਪਏ ਦੀ ਲਾਗਤ ਨਾਲ ਸਮਾਣਾ ਹਲਕੇ ਦੇ ਪਿੰਡਾਂ ਦੀਆਂ ਸੜਕਾਂ ਜਲਦ ਹੋਣਗੀਆਂ ਮੁਕੰਮਲ : ਜੌੜਾਮਾਜਰਾ



**ਸਮਾਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਹਲਕੇ ਦੀਆਂ 16 ਕਿਲੋਮੀਟਰ ਲੰਬਾਈ ਵਾਲੀਆਂ ਤਿੰਨ ਸੜਕਾਂ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ।

3.94 ਕਰੋੜ ਰੁਪਏ ਦੀ ਲਾਗਤ ਨਾਲ ਸਮਾਣਾ ਹਲਕੇ ਦੇ ਦਰਜਨਾਂ ਪਿੰਡਾਂ ਦੀਆਂ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕਰਦਿਆਂ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਗੱਲ ਤੋਂ ਪੂਰੀ ਗੰਭੀਰ ਹੈ ਕਿ ਲੋਕਾਂ ਨੂੰ ਆਵਾਜਾਈ ਲਈ ਬਿਹਤਰ ਸੜਕਾਂ ਪ੍ਰਦਾਨ ਕੀਤੀਆਂ ਜਾਣ।

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ 274.57 ਲੱਖ ਰੁਪਏ ਦੀ ਲਾਗਤ ਨਾਲ ਜਰੈਂ ਤੋਂ ਮੱਟੋ ਮਾਜਰਾ, ਗੁਰਦੇਵ ਸਿੰਘ ਟਿਵਾਣਾ, ਬਿਭਾਗੀ ਖੇੜੀ ਬਠਨਾ, ਗਾਜੇਵਾਸ, ਮਵੀ ਸਪਾਂ ਤੋਂ ਸਮਾਣਾ ਰੋਡ ਤੱਕ 11.50 ਕਿਲੋਮੀਟਰ, 66.20 ਰੁਪਏ ਦੀ ਲਾਗਤ ਨਾਲ ਬਠੋਈ ਕਲਾਂ ਤੋਂ ਮੰਦੋਮਾਜਰਾ 2.95 ਕਿਲੋਮੀਟਰ ਅਤੇ 53.50 ਲੱਖ ਰੁਪਏ ਦੀ ਲਾਗਤ ਨਾਲ 2 ਕਿਲੋਮੀਟਰ ਡਕਾਲਾ ਕਰਹਾਲੀ ਰੋਡ ਤੋਂ ਬਠੋਈ ਕਲਾਂ ਤੱਕ ਬਨਣ ਵਾਲੀਆਂ ਸੜਕਾਂ ਦੀ ਸ਼ੁਰੂਆਤ ਕਰਵਾਈ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਹਾਲਾਂਕਿ ਕੇਂਦਰ ਸਰਕਾਰ ਨੇ ਪੰਜਾਬ ਦੇ 8000 ਕਰੋੜ ਰੁਪਏ ਦੇ ਦਿਹਾਤੀ ਵਿਕਾਸ ਫੰਡ ਰੋਕੇ ਹੋਏ ਹਨ ਪਰ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਪਿੰਡਾਂ ਦੀਆਂ ਲਿੰਕ ਸੜਕਾਂ ਬਣਾਉਣ ਲਈ ਵਿਸ਼ੇਸ਼ ਫੰਡ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਦੀਆਂ ਸੜਕਾਂ ਦੀ ਪਿਛਲੀਆਂ ਸਰਕਾਰਾਂ ਨੇ ਕਦੇ ਸਾਰ ਨਹੀਂ ਲਈ ਪਰੰਤੂ ਹੁਣ ਸਾਰੀਆਂ ਸੜਕਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ। ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਵਿਭਾਗੀ ਅਧਿਕਾਰੀ ਤੇ ਪਿੰਡਾਂ ਦੇ ਪੰਚ, ਸਰਪੰਚ ਤੇ ਹੋਰ ਪਤਵੰਤੇ ਹਾਜ਼ਰ ਸਨ।

## ਹਲਕਾ ਸਮਾਣਾ ਦੀਆਂ ਪੰਚਾਇਤਾਂ ਵੱਲੋਂ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਲਈ ਹਰਚੰਦ ਸਿੰਘ ਬਰਸਟ ਦਾ ਕੀਤਾ ਧੰਨਵਾਦ

### ਸਮਾਣਾ ਦੇ ਵਿਕਾਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ : ਬਰਸਟ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਣ ਅਤੇ ਮੁਰੰਮਤ ਦੇ ਕਾਰਜ ਸ਼ੁਰੂ ਕਰਵਾਏ ਗਏ ਹਨ। ਜਿਸਦੇ ਤਹਿਤ ਹਲਕਾ ਸਮਾਣਾ ਅਧੀਨ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ। ਇਸਦੇ ਲਈ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਅਤੇ ਮੋਹਤਬਰ ਸੱਜਣਾ ਵੱਲੋਂ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਸ. ਬਰਸਟ ਦਾ ਧੰਨਵਾਦ ਕਰਦਿਆਂ ਹੋਇਆਂ ਪੰਚਾਇਤਾਂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਇਹਨਾਂ ਲਿੰਕ ਸੜਕਾਂ ਨੂੰ ਬਣਵਾਉਣ ਦੀ ਮੰਗ ਚੱਲੀ ਆ ਰਹੀ ਸੀ, ਜਿਸ ਵੱਲ ਪਿਛਲੀਆਂ ਸਰਕਾਰਾਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਪਰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾ ਹੇਠ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਇਹਨਾਂ ਮੰਗਾਂ ਨੂੰ ਪੂਰਾ ਕਰਦਿਆਂ ਹੋਇਆਂ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ, ਜਿਸ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਦੌਰਾਨ ਵੱਖ-ਵੱਖ ਪਿੰਡਾਂ ਦੇ ਪਹੁੰਚੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿਕਾਸਕਾਰੀ ਯਤਨਾਂ ਦੀ ਸ਼ਲਾਘਾ ਕੀਤੀ ਗਈ।



ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਹੋਇਆ ਲਿੰਕ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੀਆਂ ਸੜਕਾਂ ਅਤੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਵਿਸ਼ੇਸ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ। ਲਿੰਕ ਸੜਕਾਂ ਦਾ ਨਿਰਮਾਣ ਸਥਾਨਕ ਕਿਸਾਨਾਂ, ਵਪਾਰੀਆਂ, ਵਿਦਿਆਰਥੀਆਂ ਅਤੇ ਆਮ ਜਨਤਾ ਲਈ ਆਵਾਜਾਈ ਆਸਾਨ ਅਤੇ ਤੇਜ਼ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ। ਇਸਦੇ ਨਾਲ ਨਾ ਸਿਰਫ ਆਰਥਿਕ ਗਤੀਵਿਧੀਆਂ ਨੂੰ ਵਾਧਾ ਮਿਲੇਗਾ, ਸਗੋਂ ਕਿਸਾਨਾਂ ਨੂੰ ਆਪਣੀ ਫਸਲਾਂ ਮੰਡੀਆਂ ਤੱਕ ਲਿਜਾਣ ਵਿੱਚ ਵੀ ਆਸਾਨੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਕਦਮ ਪੰਜਾਬ ਸਰਕਾਰ ਦੀ ਵਿਕਾਸਸ਼ੀਲ ਸੋਚ ਅਤੇ ਲੋਕ-ਕੇਂਦਰਤ ਨੀਤੀਆਂ ਦੀ ਇੱਕ ਹੋਰ ਮਿਸਾਲ ਹੈ। ਸੂਬੇ ਦੇ ਚਹੁੰਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ, ਜਿਸ ਤੋਂ ਲੋਕ ਬਹੁਤ ਖੁਸ਼ ਹਨ।

ਇਸ ਮੌਕੇ ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਬਲਕਾਰ ਡਕਾਲਾ, ਜਸਪਾਲ ਸਿੰਘ ਬੀਬੀਪੁਰ, ਗੁਰਪਿਆਰ ਸਿੰਘ ਨਵਾਂਗਾਉ, ਜਗਦੀਪ ਸਿੰਘ ਸਰਪੰਚ ਪਹਾੜਪੁਰ, ਪ੍ਰਗਟ ਸਿੰਘ ਸਰਪੰਚ ਢਕੜੱਬਾ, ਜਗਦੀਪ ਸਿੰਘ ਸਰਪੰਚ ਬਿਸ਼ਨਪੁਰ ਛੰਨਾ, ਨਿਸ਼ਾਨ ਚੱਟ ?ਠਾ ਸਰਪੰਚ ਬਹਾਦਰਗੜ੍ਹ ਤੇ ਲਾਲਗੜ੍ਹ, ਗੁਰਪ੍ਰਤਾਪ ਸਿੰਘ ਸਰਪੰਚ ਸਹਿਜਪੁਰਾ ਖੁਰਦ, ਪ੍ਰੇਮ ਸਿੰਘ ਸਰਪੰਚ ਖੇੜੀ ਮੁਸਲਮਾਨੀਆਂ, ਜਗਤਾਰ ਸਿੰਘ ਸਰਪੰਚ ਸ਼ੇਖੂਪੁਰ, ਐਡਵੋਕੇਟ ਹਰਤਾਜ ਸਿੰਘ, ਹਰਦੀਪ ਸੇਖੂਪੁਰ, ਲਾਲ ਸਿੰਘ ਸੇਖੂਪੁਰ, ਮਲਕੀਤ ਸਿੰਘ ਸਰਪੰਚ ਸ਼ੇਰਮਾਜਰਾ, ਲਹਿਲ ਸਿੰਘ ਸਰਪੰਚ ਨੱਸੂਪੁਰ, ਸੋਨੀ ਸਰਪੰਚ ਤਰਖਾਣਮਾਜਰਾ, ਜਰਨੈਲ ਸਿੰਘ ਸਰਪੰਚ ਖੁਸਰੋਪੁਰ, ਕੁਲਜੀਤ ਸਿੰਘ ਸਰਪੰਚ ਤੁਲੇਵਾਲ, ਸੁਖਦੇਵ ਸਿੰਘ ਸਰਪੰਚ ਖੇੜੀਫੱਤਾ, ਅਜੈ ਕੁਮਾਰ ਸਰਪੰਚ ਸੱਸਾ ਗੁਜਰਾਂ, ਜਰਨੈਲ ਸਿੰਘ ਸਰਪੰਚ ਕਮਾਲਪੁਰ, ਬਲਜੀਤ ਸਿੰਘ ਸਾਬਕਾ ਸਰਪੰਚ ਸੱਸਾ ਗੁਜਰਾਂ, ਸ਼ੇਰ ਸਿੰਘ ਸਾਬਕਾ ਸਰਪੰਚ ਖੇੜੀ ਮੁਸਲਮਾਨੀਆਂ, ਜੱਸ ਕੌੜਾ ਲਲੌਛੀ, ਕਮਲਦੀਪ ਨੰਬਰਦਾਰ ਕਮਾਸਪੁਰ, ਹਰਮੀਤ ਸਿੰਘ ਧਬਲਾਨ, ਦਵਿੰਦਰ ਸ਼ੇਰਮਾਜਰਾ, ਪ੍ਰੀਤਇੰਦਰ ਧਬਲਾਨ, ਕਮਲਜੀਤ ਸਿੰਘ ਸੌਜਾ, ਕੁਰਮਿੰਦਰ ਸਿੰਘ ਪੰਚਾਇਤ ਮੈਂਬਰ ਲਲੌਛੀ, ਪ੍ਰਭਦਿਆਲ ਪੰਚਾਇਤ ਮੈਂਬਰ ਸਹਿਜਪੁਰਾ ਖੁਰਦ, ਰਣਧੀਰ ਸਿੰਘ ਕਲੱਰਭੈਣੀ, ਵਿੱਕੀ ਘਨੌਰ ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਦਰਸ਼ਨ ਸਿੰਘ ਗਿੱਤੀ ਮਾਨ ਚੇਅਰਮੈਨ ਮਾਰਕਿਟ ਕਮੇਟੀ ਸੰਗਰੂਰ ਸਮੇਤ ਸਮੂਹ ਪੰਚਾਇਤ ਮੈਂਬਰ ਮੌਜੂਦ ਰਹੇ।

## ਪੰਜਾਬ ਸਰਕਾਰ ਵਲੋਂ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਜ਼ ਨੂੰ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰੇ : ਸ਼ਿਵਦੇਵ ਸਿੰਘ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨਜ਼ ਪੰਜਾਬ (ਪਹਿਲਵਾਨ) ਪਟਿਆਲਾ ਸਰਕਲ ਦੀ ਇੱਕ ਭਰਵੀਂ ਮੀਟਿੰਗ ਸਰਕਲ ਪ੍ਰਧਾਨ ਸ੍ਰ. ਸ਼ਿਵਦੇਵ ਸਿੰਘ, ਦੀ ਪ੍ਰਧਾਨਗੀ ਹੇਠ ਕੋਠੀ ਨੰਬਰ ਪੀ—3, 66 ਕੇ.ਵੀ. ਗਰਿਡ ਕਲੋਨੀ ਪਟਿਆਲਾ ਵਿਖੇ ਹੋਈ। ਜਿਸ ਵਿੱਚ ਵੱਖ—ਵੱਖ ਡਵੀਜਨਾਂ ਤੋਂ 28 ਮੈਂਬਰਾਂ ਨੇ ਹਾਜ਼ਰੀ ਭਰੀ। ਮੀਟਿੰਗ ਦੀ ਜਾਣਕਾਰੀ ਪ੍ਰੈਸ ਨੂੰ ਜਾਰੀ ਕਰਦੇ ਹੋਏ ਸੂਬਾ ਜਨਰਲ ਸਕੱਤਰ ਬੀ.ਐਸ. ਸੇਖੋਂ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਜ਼ ਨੂੰ ਪਿਛਲੇ ਕਈ ਸਾਲਾਂ ਤੋਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ। ਜਦੋਂ ਕਿ ਕੇਂਦਰ ਸਰਕਾਰ ਨੇ ਆਪਣੇ ਮੁਲਾਜਮਾਂ ਨੂੰ 58 ਪ੍ਰਤੀਸ਼ਤ ਮਹਿੰਗਾਈ ਭੱਤਾ ਜਾਰੀ ਕੀਤਾ ਹੋਇਆ ਹੈ ਪਰੰਤੂ ਪੰਜਾਬ ਸਰਕਾਰ ਵੱਲੋਂ ਕੇਵਲ 42 ਪ੍ਰਤੀਸ਼ਤ ਮਹਿੰਗਾਈ ਭੱਤਾ ਹੀ ਦਿੱਤਾ ਜਾ ਰਿਹਾ ਹੈ। ਇਸ ਕਰਕੇ ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਘੋਰ ਨਿੰਦਿਆ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦਿਵਾਲੀ ਤੋਂ ਪਹਿਲਾਂ ਪਹਿਲਾਂ ਜਾਰੀ ਕੀਤੀਆਂ ਜਾਣ। ਇਸ ਤੋਂ ਇਲਾਵਾ ਪਾਵਰ ਕਾਰਪੋਰੇਸ਼ਨ ਅਤੇ ਟਰਾਂਸਕੋ ਕਾਰਪੋਰੇਸ਼ਨ ਵਿੱਚ ਹਜਾਰਾਂ ਮੁਲਾਜਮਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਅਗੇਤ ਆਧਾਰ ਤੇ ਭਰਨ ਦੀ ਵੀ ਬੇਨਤੀ ਕੀਤੀ ਗਈ। ਪੈਨਸ਼ਨਰਜ਼ ਦੀਆਂ ਪੈਨਸ਼ਨਾਂ ਵਿਚੋਂ ਹਰ ਮਹੀਨੇ 200 ਰੁਪਏ ਪ੍ਰਤੀ ਮਹੀਨਾ ਜੱਜੀਆਂ ਟੈਕਸ ਕੱਟਣ ਦੀ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਇਹ ਟੈਕਸ ਕੱਟਣਾ ਬੰਦ ਕੀਤਾ ਜਾਵੇ। ਪਾਵਰ ਕਾਰਪੋਰੇਸ਼ਨ ਵਿੱਚ ਅਗੇਤ ਆਧਾਰ ਤੇ ਮ੍ਰਿਤਕ ਕਰਮਚਾਰੀਆਂ ਦੇ ਵਾਰਸਾਂ ਨੂੰ ਜਿਨ੍ਹਾਂ ਨੂੰ ਪਹਿਲਾਂ ਸਲੇਸ਼ੀਅਮ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਨੌਕਰੀਆਂ ਤੇ ਲਗਾ ਦਿੱਤਾ ਗਿਆ ਸੀ ਉਹਨਾਂ ਦੇ ਸਲੇਸ਼ੀਅਮ ਦੀ ਰਕਮ ਉੱਤੇ ਲੱਖਾਂ ਰੁਪਏ ਜ਼ੋ ਵਿਆਜ ਲਾਇਆ ਜਾ ਰਿਹਾ ਹੈ ਉਸ ਨੂੰ ਮੁਆਫ ਕਰਨ ਦੀ ਬੇਨਤੀ ਕੀਤੀ ਗਈ। ਜਿਹੜੇ ਕਰਮਚਾਰੀ ਮਿਤੀ 01—01—2016 ਤੋਂ ਪਹਿਲਾਂ ਸੇਵਾਮੁਕਤ ਹੋ ਚੁੱਕੇ ਹਨ ਉਹਨਾਂ ਦੀਆਂ ਪੈਨਸ਼ਨਾਂ 2.59 ਦੇ ਫੈਕਟਰ ਨਾਲ ਦੁਬਾਰਾ ਫਿਕਸ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ 1—1—2016 ਤੋਂ 119 ਪ੍ਰਤੀਸ਼ਤ ਮਹਿੰਗਾਈ ਭੱਤਾ ਲਗਾ ਕੇ ਤਨਖਾਹਾਂ ਅਤੇ ਪੈਨਸ਼ਨਾਂ ਫਿਕਸ ਕਰਨ ਦੀ ਵੀ ਮੰਗ ਕੀਤੀ ਗਈ। ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀਆਂ ਮੈਨੇਜਮੈਂਟਾਂ ਨੂੰ ਬੇਨਤੀ ਕੀਤੀ ਗਈ ਕਿ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਪੈਂਡਿੰਗ ਪਈਆਂ ਮੰਗਾਂ ਦਾ ਅਗੇਤ ਆਧਾਰ ਤੇ ਨਿਪਟਾਰਾ ਕੀਤਾ ਜਾਵੇ। ਮੀਟਿੰਗ ਵਿੱਚ ਸ਼ਿਵਦੇਵ ਸਿੰਘ ਪ੍ਰਧਾਨ, ਬਲਵਿੰਦਰ ਸਿੰਘ ਪਸਿਆਣਾ ਸੂਬਾ ਮੀਤ ਪ੍ਰਧਾਨ, ਗੁਰਜੀਤ ਸਿੰਘ ਮੰਡੋਰ, ਅਜਮੇਰ ਸਿੰਘ, ਕ੍ਰਿਪਾਲ ਸਿੰਘ, ਸ਼ਮਸ਼ੇਰ ਸਿੰਘ, ਜਗਦੀਸ਼ ਸਿੰਘ, ਅਜੇ ਕੁਮਾਰ, ਗੁਰਭਜਨ ਸਿੰਘ, ਮਸਤਾਨ ਸਿੰਘ, ਹਾਕਮ ਸਿੰਘ, ਲਕਸ਼ਮੀ ਨਰਾਇਣ, ਦਲੀਪ ਸਿੰਘ, ਅਮਰਜੀਤ ਸਿੰਘ, ਰਤਨ ਅਨਮੋਲ, ਕੇਸਰ ਸਿੰਘ, ਜ਼ੋਗਿੰਦਰ ਗਿਰ, ਸੁਰਿੰਦਰ ਕੁਮਾਰ, ਰਾਜਬੀਰ ਸਿੰਘ ਅਤੇ ਜਾਗਰ ਸਿੰਘ ਆਦਿ ਹਾਜਰ ਸਨ।

## ਬਲਾਕ ਖੇਤੀਬਾੜੀ ਅ.ਫ਼ਸਰ ਨਾਲ ਤਾਲਮੇਲ ਕਰਕੇ ਆਨਲਾਈਨ ਪੋਰਟਲ 'ਤੇ ਅਪਲਾਈ ਕਰਨ ਕਿਸਾਨ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮੁੱਖ ਖੇਤੀਬਾੜੀ ਅਫ਼ਸਰ, ਡਾ. ਜਸਵਿੰਦਰ ਸਿੰਘ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਆਰ.ਕੇ.ਵੀ. ਵਾਈ ਸਕੀਮ ਅਧੀਨ ਹੜ੍ਹ ਪ੍ਰਭਾਵਿਤ ਰਕਬੇ ਵਿੱਚ ਕਿਸਾਨਾਂ ਨੂੰ 7034 ਕੁਇੰਟਲ ਕਣਕ ਦਾ ਤਸਦੀਕਸ਼ੁਦਾ ਬੀਜ ਵੱਧ ਤੋਂ ਵੱਧ 2 ਹੈਕਟੇਅਰ ਰਕਬੇ ਲਈ ਵਿਭਾਗ ਵੱਲੋ ਮੁਫਤ ਦਿੱਤਾ ਜਾਵੇਗਾ। ਇਸ ਲਈ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੇ ਆਨਲਾਈਨ ਪੋਰਟਲ www.agrimachinerypb.com 'ਤੇ ਅਪਲਾਈ ਕਰਨਾ ਹੋਵੇਗਾ। ਇਸ ਸਬੰਧੀ ਕਿਸਾਨ ਖੇਤੀਬਾੜੀ ਵਿਭਾਗ ਦੇ ਸਬੰਧਤ ਬਲਾਕ ਖੇਤੀਬਾੜੀ ਅਫ਼ਸਰ ਨਾਲ ਤਾਲਮੇਲ ਕਰਕੇ ਲੋੜੀਦੇਂ ਦਸਤਾਵੇਜ ਪੋਰਟਲ ਅਤੇ ਵਿਭਾਗ ਨੂੰ ਜਮਾ ਕਰਵਾਉਣਗੇ ਅਤੇ ਬਲਾਕ ਅਧਿਕਾਰੀਆਂ ਵੱਲੋਂ ਕਿਸਾਨਾਂ ਦੀਆਂ ਅਰਜੀਆਂ ਨੂੰ ਵੈਰੀਫਾਈ ਕਰਨ ਉਪਰੰਤ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਤਸਦੀਕ ਕੀਤਾ ਜਾਵੇਗਾ।



ਡਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸਬੰਧਤ ਬਲਾਕ ਦੇ ਖੇਤੀਬਾੜੀ ਅਫ਼ਸਰ ਕੈਂਪਾਂ ਰਾਹੀ ਕਿਸਾਨਾਂ ਨੂੰ ਜਾਗਰੂਕ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਕਿਸਾਨ ਦਾ ਨਾਮ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੀ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਸੂਚੀ ਵਿੱਚ ਦਰਜ ਹੋਣਾ ਜਰੂਰੀ ਹੈ।

## ਡਿਪਟੀ ਕਮਿਸ਼ਨਰ ਨੇ ਸਟੇਟ ਅਵਾਰਡੀ ਅਧਿਆਪਕਾਂ ਨਾਲ ਮੁਲਾਕਾਤ ਕਰਕੇ ਦਿੱਤੀ ਵਧਾਈ

**ਮਲੇਰਕੋਟਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਸ਼ਵ ਅਧਿਆਪਕ ਦਿਵਸ ਮੌਕੇ ਹੋਏ ਸੂਬਾ ਪੱਧਰੀ ਸਮਾਰੋਹ ਦੌਰਾਨ ਮਾਲੇਰਕੋਟਲਾ ਜ਼ਿਲ੍ਹੇ ਦੇ ਦੋ ਅਧਿਆਪਕਾਂ ਨੂੰ ਸਟੇਟ ਅਵਾਰਡ ਮਿਲਣਾ ਪੂਰੇ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ। ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਅੱਜ ਇਨ੍ਹਾਂ ਅਧਿਆਪਕਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਤੇ ਵਿਸ਼ੇਸ਼ ਵਧਾਈ ਦਿੱਤੀ।

ਇਹ ਮਾਣ ਪ੍ਰਾਪਤ ਕਰਨ ਵਾਲੇ ਅਧਿਆਪਕਾਂ 'ਚ ਸਰਕਾਰੀ ਹਾਈ ਸਕੂਲ ਭੂਦਨ ਦੇ ਐਸ.ਐਸ.ਮਾਸਟਰ ਮੁਹੰਮਦ ਅਸਦ ਅਹਿਸਾਨ ਅਤੇ ਸਰਕਾਰੀ ਸਕੂਲ ਆਫ਼ ਹੈਪੀਨੈੱਸ( ਸਰਕਾਰੀ ਪ੍ਰਾਇਮਰੀ ਸਕੂਲ)ਕੁਠਾਲਾ ਦੇ ਈ.ਟੀ.ਟੀ. ਅਧਿਆਪਕ ਕੰਵਲਦੀਪ ਸਿੰਘ ਸ਼ਾਮਲ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਦੋਵੇਂ ਅਧਿਆਪਕ ਸਿੱਖਿਆ ਦੇ ਖੇਤਰ ਵਿੱਚ ਨਿਰੰਤਰ ਨਵੀਂ ਸੋਚ ਅਤੇ ਸਮਰਪਣ ਦਾ ਉਦਾਹਰਣ ਹਨ। ਉਨ੍ਹਾਂ ਕਿਹਾ ਕਿ ਇਹ ਉਪਲਬਧੀ ਪੂਰੇ ਮਾਲੇਰਕੋਟਲਾ ਜ਼ਿਲ੍ਹੇ ਲਈ ਮਾਣਮੱਤੀ ਗੱਲ ਹੈ, ਜੋ ਹੋਰ ਅਧਿਆਪਕਾਂ ਲਈ ਪ੍ਰੇਰਣਾ ਦਾ ਸਰੋਤ ਬਣੇਗੀ।



ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਵਿਸ਼ਵਾਸ ਬਰਕਰਾਰ ਰੱਖਣਾ ਅਤੇ ਵਧਾਉਣਾ ਹਰ ਅਧਿਆਪਕ ਦੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਬੱਚਿਆਂ ਨੂੰ ਆਧੁਨਿਕ ਯੋਗਤਾਵਾਂ ਨਾਲ ਜੋੜਨਾ ਹੀ ਸਰਕਾਰੀ ਸਕੂਲਾਂ ਨੂੰ ਮੁੜ ਸਮਾਜ ਦੇ ਕੇਂਦਰ ਵਿੱਚ ਲਿਆ ਸਕਦਾ ਹੈ।

ਉਨ੍ਹਾਂ ਕਿਹਾ, ਪੰਜਾਬ ਸਰਕਾਰ ਸਿੱਖਿਆ ਨੂੰ ਮੁਢਲੀ ਤਰਜੀਹ ਦੇ ਰਹੀ ਹੈ। ਸਟੇਟ ਅਵਾਰਡ ਪ੍ਰਾਪਤ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਤਜਰਬੇ ਤੇ ਨਵੀਂ ਸੋਚ ਨਾਲ ਸਿੱਖਿਆ ਖੇਤਰ ਵਿੱਚ ਹੋਰ ਸੁਧਾਰ ਲਈ ਤਜਵੀਜਾਂ ਤਿਆਰ ਕਰਨ। ਪ੍ਰਸ਼ਾਸਨ ਉਨ੍ਹਾਂ ਦੀ ਹਰ ਸੰਭਵ ਮਦਦ ਕਰੇਗਾ।

ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਸਾਨੂੰ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਪ੍ਰਤੀ ਜਾਗਰੂਕ ਕਰਨ ਅਤੇ ਸਕੂਲ ਕੈਂਪਸ ਨੂੰ ਹਰਾ ਭਰਾ ਬਣਾਉਣ ਲਈ ਕਦਮ ਚੁੱਕਣੇ ਲਾਜ਼ਮੀ ਹਨ, ਤਾਂ ਜੋ ਬੱਚਿਆਂ ਨੂੰ ਵਾਤਾਵਰਣ ਪ੍ਰਤੀ ਸੰਵੇਦਨਸ਼ੀਲ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਜਿਵੇ ਕਿਸਾਨ ਖੇਤਾਂ ਵਿੱਚ ਅੰਨ ਪੈਦਾ ਕਰਦਾ ਹੈ, ਓਵੇਂ ਅਧਿਆਪਕ ਬੱਚਿਆਂ ਵਿੱਚ ਗਿਆਨ ਦੇ ਬੀਜ ਬੀਜ ਕੇ ਰੋਸ਼ਨੀ ਫੈਲਾਉਂਦੇ ਹਨ। ਇਹੀ ਸੱਚੀ ਸੇਵਾ ਅਤੇ ਰਾਸ਼ਟਰ ਨਿਰਮਾਣ ਦੀ ਨੀਂਹ ਹੈ। ਇਸ ਮੌਕੇ ਹੈੱਡ ਮਿਸਟਰਸ ਰਾਜਵੀਰ ਕੌਰ, ਮੁਹੰਮਦ ਫੈਸਲ ਵੀ ਮੌਜੂਦ ਸਨ।

## ਫਤਿਹਗੜ੍ਹ ਛੰਨਾ ਵਿਖੇ ਆਈ.ਪੀ.ਐਸ. ਫਾਊਂਡੇਸ਼ਨ ਵੱਲੋਂ ਖੇਤੀਬਾੜੀ ਜਾਗਰੂਕਤਾ ਕੈਂਪ ਲਗਾਇਆ




**ਸਮਾਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਫਤਿਹਗੜ੍ਹ ਛੰਨਾ ਸਮੁਦਾਇਕ ਜਾਗਰੂਕਤਾ ਪ੍ਰੋਗਰਾਮ ਆਈਪੀਐਸ ਫਾਊਂਡੇਸ਼ਨ ਵੱਲੋਂ ਇੱਕ ਖੇਤੀਬਾੜੀ ਜਾਗਰੂਕ ਕੈਂਪ ਲਗਾਇਆ ਗਿਆ, ਜਿਸ ਵਿੱਚ ਪਟਿਆਲੇ ਤੋਂ ਡਾ. ਗੁਰਪ੍ਰੀਤ ਸਿੰਘ ਜੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਕਿਸਾਨਾਂ ਨੂੰ ਝੋਨੇ ਸਬੰਧੀ ਆ ਰਹੀਆਂ ਮੁਸ਼ਕਲਾਂ ਤੇ ਉਸ ਦੇ ਹੱਲ ਬਾਰੇ ਦੱਸਿਆ ਪਰਾਲੀ ਨੂੰ ਮਿੱਟੀ ਵਿੱਚ ਮਿਕਸ ਕਰਕੇ ਖੇਤੀ ਕਰਨ ਦੀ ਅਪੀਲ ਕੀਤੀ ਅਤੇ ਨਵੀਆਂ ਆ ਰਹੀਆਂ ਬੀਜਾਂ 'ਤੇ ਸਬਸਿਡੀਆਂ ਅਤੇ ਬੀਜਾਂ ਦੀ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਕਣਕ ਦੇ ਨਵੇਂ ਬੀਜਾਂ ਬਾਰੇ ਜਾਣਕਾਰੀ ਦਿੱਤੀ ਕਣਕ ਦੀ ਬਿਜਾਈ ਬਾਰੇ ਦੱਸਿਆ ਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਵਾਰੀ ਅੱਗ ਨਾ ਲਾ ਕੇ ਝੋਨੇ ਦੀ ਪਰਾਲੀ ਨੂੰ ਮਿੱਟੀ ਵਿੱਚ ਮਿਕਸ ਕਰਕੇ ਖੇਤੀ ਕਰਨ ਤਾਂ ਜੋ ਮਿੱਟੀ ਦੀ ਉਪਜਾਊ ਸ਼ਕਤੀ ਵੱਧ ਸਕੇ ।

ਇਸ ਮੌਕੇ ਆਈਪੀਐਸ ਫਾਊਂਡੇਸ਼ਨ ਤੋਂ ਹਰਦੀਪ ਸਿੰਘ ਨੇ ਆਈਪੀਐਸ ਫਾਊਂਡੇਸ਼ਨ ਦੇ ਕੰਮਾਂ ਬਾਰੇ ਤੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਲਸਟਰ ਇੰਚਾਰਜ ਗੁਰਤੇਜ ਸਿੰਘ ਟੋਡਰਪੁਰ ਤੇ ਪਿੰਡ ਦੇ ਸਰਪੰਚ ਸ. ਗੁਰਨੈਬ ਸਿੰਘ, ਮੈਂਬਰ ਬਘੇਲ ਸਿੰਘ, ਰਾਜਿੰਦਰ ਸਿੰਘ, ਜਗਸੀਰ ਸਿੰਘ, ਕਰਮ ਸਿੰਘ, ਅਮਨਦੀਪ ਕੌਰ ਅਤੇ ਪਿੰਡ ਦੇ ਹੋਰ ਪਤਵੰਤੇ ਹਾਜ਼ਰ ਸਨ।

## ਡੇਂਗੂ ਤੋਂ ਬਚਾਅ ਲਈ ਪਟਿਆਲਵੀ ਵਿਸ਼ੇਸ਼ ਧਿਆਨ ਦੇਣ ਲਈ ਅੱਗੇ ਆਉਣ : ਲੈਫਟੀਨੈਂਟ ਜਗਦੀਪ ਜੋਸ਼ੀ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਉਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਸਰਕਾਰੀ ਆਈਂ ਟੀ ਆਈ ਲੜਕੇ ਨਾਭਾ ਰੋਡ ਦੇ ਸਹਿਯੋਗ ਨਾਲ ਅਤੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਦੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿਗ ਅਫ਼ਸਰ ਦੀ ਦੇਖ ਰੇਖ ਹੇਠ ਡੇਂਗੂ ਦੇ ਵੱਧਦੇ ਕੇਸਾਂ ਨੂੰ ਵੇਖਦਿਆਂ ਨਾਭਾ ਰੋਡ ਵਿਖੇ ਸਫਾਈ ਮੁਹਿੰਮ ਚਲਾਈ ਗਈ। ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੋਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਅਨਿਲ ਖੰਨਾ ਹੋਸਟਲ ਸੁਪਰਡੈਂਟ ਆਈਂ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਨੇ ਕੀਤੀ। ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ , ਭਿੰਦਰ ਜਲਵੇੜਾ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਨੇ ਕਿਹਾ ਕਿ ਬਰਸਾਤਾਂ ਦੇ ਨੰਗੇ ਮੌਸਮ ਕਾਰਨ ਖ਼ਾਲੀ ਪਲਾਟਾਂ, ਖ਼ਾਲੀ ਥਾਵਾਂ ਅਤੇ ਹੋਰ ਸਥਾਨਾਂ ਉਪਰ ਜਿਥੇ ਪਾਣੀ ਖੜ੍ਹਾ ਹੋ ਸਕਦਾ ਹੈ ਹੈ ਉਥੇ ਡੇਂਗੂ ਦਾ ਲਾਰਵਾ ਪੈਦਾ ਹੋ ਸਕਦਾ ਹੈ। ਉਹਨਾਂ ਸਮੁੱਚੇ ਪਟਿਆਲਵੀਆ ਨੂੰ ਅਪੀਲ ਕੀਤੀ ਕਿ ਉਹੋ ਆਪਣੇ ਘਰਾਂ ਦੇ ਆਲੇ ਦੁਆਲੇ ਖ਼ਾਲੀ ਪਲਾਟਾਂ ਦੀ ਸਾਫ਼ ਸਫ਼ਾਈ ਕਰਵਾਉਣ ਅਤੇ ਘਰਾਂ ਵਿੱਚ ਵੀ ਗਮਲਿਆਂ ਅਤੇ ਚੀਜ਼ਾਂ ਵੱਲ ਧਿਆਨ ਦੇਣ ਜਿਥੇ ਪਾਣੀ ਨਾ ਖੜਦਾ ਹੋਵੇ ਉਹਨਾਂ ਚੀਜ਼ਾਂ ਦੀ ਵੀ ਸਾਫ਼ ਸਫ਼ਾਈ ਵੱਲ ਧਿਆਨ ਦੇਣ ਦੀ ਲੋੜ ਹੈ। ਉਹਨਾਂ ਕਿਹਾ ਕਿ ਡੇਂਗੂ ਕਈ ਵਾਰ ਇਨਸਾਨ ਲਈ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਆਪਣਾ ਨੈਤਿਕ ਫਰਜ਼ ਸਮਝਦੇ ਹੋਏ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਵੱਲ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਐਨ ਸੀ ਸੀ ਪੰਜ ਪੰਜਾਬ ਬਟਾਲੀਅਨ ਅਤੇ ਐਨ ਐਸ ਐਸ ਵਿੰਗ ਵੱਲੋ ਸਰਕਾਰੀ ਆਈਂ ਟੀ ਆਈਂ ਲੜਕੇ ਨਾਭਾ ਰੋਡ ਪਟਿਆਲਾ ਦੇ ਆਲੇ ਦੁਆਲੇ ਸਫਾਈ ਮੁਹਿੰਮ ਚਲਾਉਣੀ ਸ਼ਲਾਘਾਯੋਗ ਉਪਰਾਲਾ ਹੈ।



## ਪਾਤੜਾਂ ਸ਼ਹਿਰ ਚ ਸਬਜ਼ੀ ਮੰਡੀ ਨਾ ਹੋਣ ਕਰਕੇ ਲੋਕ ਅਤੇ ਕਿਸਾਨ ਪ੍ਰੇਸ਼ਾਨ

**ਪਾਤੜਾਂ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਬ ਡਵੀਜ਼ਨ ਪਾਤੜਾਂ ਅਧੀਨ ਆਉਣ ਵਾਲੇ ਵੱਡੀ ਗਿਣਤੀ ਪਿੰਡਾਂ ਵਿੱਚ ਸਬਜ਼ੀ ਦਾ ਕਾਰੋਬਾਰ ਕਿਸਾਨਾਂ ਵੱਲੋਂ ਕੀਤਾ ਹੋਇਆ ਹੈ । ਜਿੱਥੇ ਕਿਸਾਨਾਂ ਵੱਲੋਂ ਦਿਨ ਰਾਤ ਇੱਕ ਕਰਕੇ ਆਪਣੇ ਖੇਤਾਂ ਵਿੱਚ ਸਬਜੀ ਬੀਜ ਕੇ ਤਿਆਰ ਕੀਤੀ ਜਾਂਦੀ ਹੈ ਉਥੇ ਪਾਤੜਾਂ ਸ਼ਹਿਰ ਅੰਦਰ ਸਬਜੀ ਮੰਡੀ ਨਾ ਹੋਣ ਕਾਰਨ ਕਿਸਾਨਾਂ ਨੂੰ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਮੌਕੇ ਕਈ ਪਿੰਡਾਂ ਦੇ ਕਿਸਾਨਾਂ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਪਾਤੜਾਂ ਸ਼ਹਿਰ ਅੰਦਰ ਰੋਡ ਉੱਪਰ ਬਣੀ ਸਬਜੀ ਮੰਡੀ ਵਿੱਚ ਮੰਡੀ ਦੇ ਆੜਤੀਆਂ ਦੀਆਂ ਦੁਕਾਨਾਂ ਅੱਗੇ ਜਗ੍ਹਾ ਨਾ ਹੋਣ ਕਰਕੇ ਉਨ੍ਹਾਂ ਨੂੰ ਸਵੇਰ ਸਮੇਂ ਆਪਣੀ ਸਬਜ਼ੀ ਸੜਕਾਂ ਉੱਪਰ ਲਾ ਕੇ ਬੋਲੀ ਕਰਵਾਉਣੀ ਪੈ ਰਹੀ ਹੈ, ਜਿਸ ਕਾਰਨ ਸ਼ਹਿਰ ਅੰਦਰ ਚੁਨਾਗਰਾ ਰੋਡ ਉੱਪਰ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਨਜ਼ਰ ਆ ਰਹੀ ਹੈ । ਇਸ ਤੋਂ ਇਲਾਵਾ ਦੇਖਣ ਵਾਲੀ ਗੱਲ ਹੈ ਕਿ ਚੁਨਾਗਰਾ ਰੋਡ ਉੱਪਰ ਲੰਘਣ ਵਾਲੀਆਂ ਸੈਂਕੜੇ ਸਕੂਲੀ ਬੱਸਾਂ ਵਿੱਚ ਵਿਦਿਆਰਥੀਆਂ ਨੂੰ ਰੁਕਣ ਕਾਰਨ ਪੜ੍ਹਾਈ ਵਿੱਚ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਪਾਤੜਾਂ ਸ਼ਹਿਰ ਦੇ ਚੁਨਾਗਰਾ ਰੋਡ ਵਿਖੇ ਵੱਡੀ ਆਰਜ਼ੀ ਸਬਜ਼ੀ ਮੰਡੀ ਵਿੱਚ ਸਕੂਲੀ ਬੱਸਾਂ ਫਸਣ ਕਾਰਨ ਇੱਕ ਡੇਢ ਘੰਟਾ ਤਾਂ ਸਮਾਂ ਲੱਗ ਜਾਂਦਾ ਹੈ ।



ਜਿਸ ਕਰਕੇ ਉਹ ਸਕੂਲ ਸਮੇਂ ਸਿਰ ਨਹੀਂ ਪਹੁੰਚ ਪਾਂਦੇ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਵੱਡਾ ਨੁਕਸਾਨ ਹੋ ਰਿਹਾ ਹੈ। ਇਸ ਤੋਂ ਇਲਾਵਾ ਚੁਨਾਗਰਾ ਰੋਡ 'ਤੇ ਸਬਜ਼ੀ ਮੰਡੀ ਦੇ ਨਜ਼ਦੀਕੀ ਵਾਰਡ ਵਾਸੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਾਫੀ ਲੰਮੇ ਸਮੇਂ ਤੋਂ ਚੁਨਾਗਰਾ ਰੋਡ ਵਿਖੇ ਆਰਜੀ ਸਬਜੀ ਮੰਡੀ ਹੋਣ ਕਾਰਨ ਸਵੇਰੇ ਚਾਰ ਵਜੇ ਤੋਂ ਲੈ ਕੇ ਦਿਨ ਦੇ 11 ਵਜੇ ਤੱਕ ਕਿਸੇ ਪਾਸੇ ਦਾ ਕੋਈ ਰਸਤਾ ਨਹੀਂ ਹੁੰਦਾ ,ਕਿਉਂਕਿ ਸਬਜੀ ਵੀ ਸੜਕ ਉੱਪਰ ਲੱਗੀ ਹੋਣ ਦੇ ਨਾਲ ਨਾਲ ਲਿਆਉਣ ਵਾਲੇ ਸਾਧਨ ਇਸੇ ਜਗ੍ਹਾ ਤੇ ਖੜ੍ਹਾਏ ਜਾਂਦੇ ਹਨ, ਜਿਸ ਕਰਕੇ ਘਰਾਂ ਵਿੱਚ ਬੱਚੇ ਬਜ਼ੁਰਗ ਜਾਂ ਔਰਤਾਂ ਜੇਕਰ ਬਿਮਾਰ ਹੋ ਜਾਣ ਤਾਂ ਉਨ੍ਹਾਂ ਨੂੰ ਲਿਜਾਣਾ ਤਾਂ ਦੂਰ ਦੀ ਗੱਲ ਘਰ ਵਿੱਚ ਡਾਕਟਰ ਵੀ ਨਹੀਂ ਆ ਪਾਉਂਦਾ ।ਜਿਸ ਕਰਕੇ ਇਹ ਲੋਕਾਂ ਲਈ ਅਤੇ ਸ਼ਹਿਰ ਵਾਸੀਆਂ ਲਈ ਜਾਲ ਦਾ ਜੰਜਾਲ ਬਣਿਆ ਹੋਇਆ ਹੈ।

## ਅਨਿਆਂ ਅਤੇ ਹਰਾਸਮੈਂਟ ਵਿਰੁੱਧ ਆਮ ਆਦਮੀ ਪਾਰਟੀ ਦੀ ਲਲਕਾਰ

## ਸਰਬਜੀਤ ਕੌਰ ਮਾਣੂੰਕੇ ਅਤੇ ਜੀਵਨ ਸਿੰਘ ਸੰਗੋਵਾਲ ਨੇ ਮੰਗਿਆ ਨਿਰਦੋਸ਼ਾਂ ਲਈ ਇਨਸਾਫ਼

**ਲੁਧਿਆਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਐਮਐਲਏ ਬੀਬੀ ਸਰਬਜੀਤ ਕੌਰ ਮਾਣੂਕੇ ਅਤੇ ਸ. ਜੀਵਨ ਸਿੰਘ ਸੰਗੋਵਾਲ ਨੇ ਸਿਸਟਮ ਦੀਆਂ ਨਾਕਾਮੀਆਂ, ਹਰਾਸਮੈਂਟ ਅਤੇ ਦਲਿਤ ਸਮਾਜ ਤੇ ਔਰਤਾਂ ਨਾਲ ਹੋ ਰਹੇ ਅਨਿਆਂ ਵਿਰੁੱਧ ਤਿੱਖੀ ਆਵਾਜ਼ ਉਠਾਈ। ਉਹਨਾਂ ਨੇ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਕਰਦਿਆਂ ਪੀੜਤ ਪਰਿਵਾਰਾਂ ਲਈ ਤੁਰੰਤ ਇਨਸਾਫ਼ ਦੀ ਮੰਗ ਕੀਤੀ। ਦੋਹਾਂ ਐਮਐਲਏਆਂ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ ਨਿਆਂ ਨਾ ਮਿਲਿਆ ਤਾਂ ਲੋਕਾਂ ਦਾ ਕਾਫ਼ਲਾ ਵਧੇਗਾ ਅਤੇ ਅੱਤਿਆਚਾਰ ਨੂੰ ਰੋਕਣ ਲਈ ਵੱਡਾ ਅੰਦੋਲਨ ਛੇੜਿਆ ਜਾਵੇਗਾ।



ਸਰਕਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਐਮਐਲਏ ਸਰਬਜੀਤ ਕੌਰ ਮਾਣੂਕੇ ਨੇ ਇੱਕ ਆਈ ਪੀ ਐੱਸ ਅਧਿਕਾਰੀ ਪੂਰਨ ਕੁਮਾਰ ਦੇ ਮਾਮਲੇ ਨੂੰ ਉਜਾਗਰ ਕੀਤਾ, ਜਿਸ ਨੂੰ ਜੂਨੀਅਰ ਅਧਿਕਾਰੀਆਂ ਦੇ ਹਰਾਸਮੈਂਟ ਕਾਰਨ ਆਤਮਹੱਤਿਆ ਕਰਨੀ ਪਈ। ਉਹਨਾਂ ਨੇ ਕਿਹਾ ਕਿ ਕਰਵਾ ਚੌਥ ਦੇ ਦਿਨ, ਜਿੱਥੇ ਪਤਨੀਆਂ ਆਪਣੇ ਪਤੀਆਂ ਦੀ ਉਡੀਕ ਕਰ ਰਹੀਆਂ ਸਨ, ਉੱਥੇ ਪੰਜਾਬ ਦੀ ਇੱਕ ਧੀ, ਜੋ ਖੁਦ ਮੁੱਖ ਮੰਤਰੀ ਨਾਲ ਜਾਪਾਨ ਦੌਰੇ ਤੇ ਸਰਕਾਰੀ ਕੰਮ ਲਈ ਗਈ ਸੀ, ਆਪਣੇ ਪਤੀ ਦੀ ਲਾਸ਼ ਲੈਣ ਲਈ ਰੋਂਦੀ ਰਹੀ। ਇਹ ਘਟਨਾ ਸਿਸਟਮ ਤੇ ਚਪੇੜ ਅਤੇ ਔਰਤਾਂ ਤੇ ਦਲਿਤ ਸਮਾਜ ਨਾਲ ਅਨਿਆਂ ਨੂੰ ਦਰਸਾਉਂਦੀ ਹੈ।

ਐਮਐਲਏ ਨੇ ਬੀਜੇਪੀ ਸਰਕਾਰਾਂ 'ਤੇ ਦੋਸ਼ ਲਾਇਆ ਕਿ ਉਹ ਸੰਵਿਧਾਨਕ ਮੁੱਲਾਂ ਦਾ ਮਜ਼ਾਕ ਉਡਾਉਂਦੀਆਂ ਹਨ ਅਤੇ ਔਰਤਾਂ ਦੀਆਂ ਸ਼ਿਕਾਇਤਾਂ ਦੀਆਂ ਰਿਪੋਰਟਾਂ ਵੀ ਨਹੀਂ ਲਿਖਦੀਆਂ। ਉਹਨਾਂ ਨੇ ਚੀਫ਼ ਜਸਟਿਸ 'ਤੇ ਜੁੱਤੀ ਸੁੱਟਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਸਭ ਤੋਂ ਵੱਡਾ ਅਹੁਦੇਦਾਰ ਸੁਰੱਖਿਅਤ ਨਹੀਂ, ਤਾਂ ਆਮ ਔਰਤਾਂ ਦੀ ਕੀ ਹਾਲਤ ਹੋਵੇਗੀ।

ਉਹਨਾਂ ਨੇ ਸਰਕਾਰ ਨੂੰ ਤੁਰੰਤ ਐਫਆਈਆਰ ਅਤੇ ਜਾਂਚ ਦੀ ਮੰਗ ਕੀਤੀ, ਅਤੇ ਮਨੀਤ ਨੂੰ ਸੁਨੇਹਾ ਦਿੱਤਾ: ਤੇਰੀ ਲੜਾਈ ਸਾਡੀ ਸਭ ਦੀ ਹੈ। ਅਸੀਂ ਸਾਰੀਆਂ ਭੈਣਾਂ ਅਤੇ ਦਲਿਤ ਸਮਾਜ ਨਾਲ ਖੜੇ ਹਾਂ। ਬੀਜੇਪੀ ਨੂੰ ਚੇਤਾਵਨੀ ਦਿੰਦਿਆਂ ਉਹਨਾਂ ਨੇ ਕਿਹਾ ਕਿ ਜੇ ਸਮੇਂ ਸਿਰ ਕਾਰਵਾਈ ਨਾ ਹੋਈ, ਤਾਂ ਲੋਕਾਂ ਦਾ ਕਾਫ਼ਲਾ ਨਹੀਂ ਰੁਕੇਗਾ।

ਐਮਐਲਏ ਜੀਵਨ ਸਿੰਘ ਸੰਗੋਵਾਲ ਨੇ ਪ੍ਰੈਸ ਕਾਨਫਰੰਸ ਵਿੱਚ ਦਲਿਤ ਭਾਈਚਾਰੇ 'ਤੇ ਹੋ ਰਹੇ ਅੱਤਿਆਚਾਰਾਂ ਅਤੇ ਸਿਸਟਮ ਦੀਆਂ ਨਾਕਾਮੀਆਂ 'ਤੇ ਸਖ਼ਤ ਚਿੰਤਾ ਜ਼ਾਹਰ ਕੀਤੀ। ਉਹਨਾਂ ਨੇ 6 ਅਕਤੂਬਰ ਨੂੰ ਸੁਪਰੀਮ ਕੋਰਟ ਦੇ ਚੀਫ਼ ਜਸਟਿਸ 'ਤੇ ਜੁੱਤੀ ਸੁੱਟਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਸਿਸਟਮ ਦੀ ਸੁਰੱਖਿਆ ਅਤੇ ਨਿਆਂ ਪ੍ਰਣਾਲੀ 'ਤੇ ਸਵਾਲ ਉਠਾਏ। ਉਹਨਾਂ ਨੇ ਕਿਹਾ ਕਿ ਜਦੋਂ ਦੇਸ਼ ਦਾ ਸਭ ਤੋਂ ਵੱਡਾ ਅਦਾਲਤੀ ਅਹੁਦੇਦਾਰ ਸੁਰੱਖਿਅਤ ਨਹੀਂ, ਤਾਂ ਆਮ ਨਾਗਰਿਕ ਨਿਆਂ ਦੀ ਉਮੀਦ ਕਿਵੇਂ ਕਰ ਸਕਦਾ ਹੈ । ਉਹਨਾਂ ਖਾਸ ਤੌਰ 'ਤੇ 2020 ਬੈਚ ਦੇ ਆਈ.ਪੀ.ਐਸ ਅਧਿਕਾਰੀ ਪੂਰਨ ਕੁਮਾਰ ਦੀ ਆਤਮਹੱਤਿਆ ਦਾ ਮਾਮਲਾ ਉਠਾਇਆ, ਜਿਨ੍ਹਾਂ ਨੂੰ ਸੀਨੀਅਰ ਅਧਿਕਾਰੀਆਂ ਦੀਆਂ ਜ਼ਿਆਦਤੀਆਂ ਅਤੇ ਹਰਾਸਮੈਂਟ ਕਾਰਨ ਜੀਵਨ ਤੋਂ ਹੱਥ ਧੋਣੇ ਪਏ। ਸ. ਸੰਗੋਵਾਲ ਨੇ ਦੋਸ਼ ਲਾਇਆ ਕਿ ਬੀਜੇਪੀ ਸਰਕਾਰਾਂ ਵਾਲੇ ਸੂਬਿਆਂ ਵਿੱਚ ਦਲਿਤ ਭਾਈਚਾਰੇ ਨੂੰ ਜਾਣਬੁੱਝ ਕੇ ਦਬਾਇਆ ਜਾ ਰਿਹਾ ਹੈ ਅਤੇ ਉਹਨਾਂ ਨੂੰ ਅੱਗੇ ਵਧਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ। ਉਹਨਾਂ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਸਿਸਟਮ ਵਿੱਚ ਸੁਧਾਰ ਕੀਤੇ ਜਾਣ ਤਾਂ ਜੋ ਅਜਿਹੀਆਂ ਘਟਨਾਵਾਂ ਦੀ ਪੁਨਰਾਵ੍ਰਿੱਤੀ ਨਾ ਹੋਵੇ। ਉਹਨਾਂ ਨੇ ਚੇਤਾਵਨੀ ਦਿੱਤੀ ਕਿ ਜੇ ਇਨਸਾਫ਼ ਨਾ ਮਿਲਿਆ ਤਾਂ ਆਮ ਆਦਮੀ ਪਾਰਟੀ ਵੱਡੇ ਪੱਧਰ 'ਤੇ ਅੰਦੋਲਨ ਛੇੜੇਗੀ।

## ਗੁਰੂ ਹਰਗੋਬਿੰਦ ਸਾਹਿਬ ਨੇ 52 ਰਾਜਿਆਂ ਨੂੰ ਰਿਹਾਅ ਕਰਾ ਕੇ ਮਨੁੱਖਤਾ ਨੂੰ ਅਸਲ ਆਜ਼ਾਦੀ ਦਾ ਸੰਦੇਸ਼ ਦਿੱਤਾ : ਵਿਧਾਇਕ ਗਿਆਸਪੁਰਾ



**ਲੁਧਿਆਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਇਲ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਆਪਣੀ ਧਾਰਮਿਕ ਭਾਵਨਾ ਅਤੇ ਗੁਰਬਾਣੀ ਪ੍ਰੇਮ ਦਾ ਪ੍ਰਗਟਾਵਾ ਕਰਦਿਆਂ ਮੀਰੀ–ਪੀਰੀ ਦੇ ਮਾਲਕ, ਛੇਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਨਾਲ ਜੁੜੇ ਇਤਿਹਾਸਕ ਗੁਰਦੁਆਰਾ ਦਾਤਾ ਬੰਦੀ ਛੋੜ ਸਾਹਿਬ ਗਵਾਲੀਅਰ (ਮੱਧ ਪ੍ਰਦੇਸ਼) ਵਿਖੇ ਹਾਜ਼ਰੀ ਭਰੀ। ਇਸ ਮੌਕੇ ਉਨ੍ਹਾਂ ਦੇ ਨਾਲ ਪਾਇਲ ਹਲਕੇ ਦੀਆਂ ਵੱਖ–ਵੱਖ ਪਿੰਡਾਂ ਤੋਂ ਆਈਆਂ ਸੰਗਤਾਂ ਵੀ ਹਾਜ਼ਰ ਸਨ।

ਵਿਧਾਇਕ ਗਿਆਸਪੁਰਾ ਅਤੇ ਸੰਗਤਾਂ ਨੇ ਇਕੱਠੇ ਹੋ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਨਤਮਸਤਕ ਹੋਏ। ਉਨ੍ਹਾਂ ਨੇ ਕਿਹਾ ਕਿ ਬੰਦੀ ਛੋੜ ਦਿਵਸ ਸਿੱਖ ਇਤਿਹਾਸ ਦਾ ਮਹੱਤਵਪੂਰਨ ਦਿਨ ਹੈ, ਜੋ ਮਨੁੱਖਤਾ ਦੀ ਆਜ਼ਾਦੀ ਅਤੇ ਨਿਆਂ ਦਾ ਪ੍ਰਤੀਕ ਹੈ। ਗਿਆਸਪੁਰਾ ਨੇ ਅੱਗੇ ਦੱਸਿਆ ਕਿ ਇਹ ਧਾਰਮਿਕ ਯਾਤਰਾ ਖਾਸ ਤੌਰ 'ਤੇ ਬੰਦੀ ਛੋੜ ਦਿਵਸ ਨੂੰ ਸਮਰਪਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਜੀ ਨੇ ਗਵਾਲੀਅਰ ਕਿਲ੍ਹੇ ਤੋਂ 52 ਰਾਜਿਆਂ ਨੂੰ ਰਿਹਾਅ ਕਰਾ ਕੇ ਮਨੁੱਖਤਾ ਨੂੰ ਅਸਲ ਆਜ਼ਾਦੀ ਦਾ ਸੰਦੇਸ਼ ਦਿੱਤਾ ਸੀ। ਇਸੇ ਇਤਿਹਾਸਕ ਘਟਨਾ ਦੀ ਯਾਦ ਨੂੰ ਜਿਉਂਦਾ ਰੱਖਣ ਲਈ ਸੰਗਤਾਂ ਸਮੇਤ ਗੁਰੂ ਘਰ ਹਾਜ਼ਰੀ ਭਰੀ ਗਈ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦਾ 52 ਕਲੀਆਂ ਵਾਲਾ ਚੋਲਾ ਸਾਹਿਬ, ਜਿਸ ਨਾਲ ਉਨ੍ਹਾਂ ਨੇ 52 ਰਾਜਿਆਂ ਨੂੰ ਰਿਹਾਅ ਕਰਾਇਆ ਸੀ, ਅੱਜ ਵੀ ਪਾਇਲ ਹਲਕੇ ਦੇ ਪਿੰਡ ਘੁਡਾਣੀ ਵਿਖੇ ਗੁਰੂ ਘਰ ਅੰਦਰ ਸੁਸ਼ੋਭਿਤ ਹੈ। ਇਹ ਸਿੱਖ ਕੌਮ ਲਈ ਵੱਡਾ ਆਤਮਕ ਮਾਣ ਅਤੇ ਇਤਿਹਾਸਕ ਵਿਰਾਸਤ ਦਾ ਪ੍ਰਤੀਕ ਹੈ। ਗਿਆਸਪੁਰਾ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰਬਾਣੀ ਨਾਲ ਜੁੜ ਕੇ ਗੁਰੂ ਸਾਹਿਬਾਂ ਦੇ ਉਪਦੇਸ਼ਾਂ ਉੱਤੇ ਚੱਲਣ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਸਾਨੂੰ ਮਨੁੱਖਤਾ, ਸਮਾਨਤਾ ਅਤੇ ਸੇਵਾ ਦਾ ਪਾਠ ਪੜ੍ਹਾਉਂਦਾ ਹੈ, ਜਿਸ ਉਪਰ ਅਮਲ ਕਰਨਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਮੌਕੇ ਸੰਗਤਾਂ ਨੇ ਵੀ ਵਿਧਾਇਕ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸਾਂਝੀ ਧਾਰਮਿਕ ਯਾਤਰਾ ਦਾ ਆਯੋਜਨ ਕਰਕੇ ਸਿੱਖ ਇਤਿਹਾਸ ਨਾਲ ਜੁੜਨ ਦਾ ਮੌਕਾ ਦਿੱਤਾ।

# ਸਤਲੁਜ ਬੁਝਾਏਗਾ ਨੰਗਲ ਵਾਸੀਆਂ ਦੀ ਪਿਆਸ: ਹਰਜੋਤ ਬੈਂਸ ਵੱਲੋਂ 16 ਕਰੋੜ ਰੁਪਏ ਦੇ ਪਾਈਪਲਾਈਨ ਪ੍ਰੋਜੈਕਟ ਦਾ ਐਲਾਨ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੀਣਯੋਗ ਪਾਣੀ ਦੀ ਕਮੀ ਨਾਲ ਜੂਝ ਰਹੇ ਨੰਗਲ ਵਾਸੀਆਂ ਲਈ ਵੱਡੀ ਰਾਹਤ ਦਾ ਐਲਾਨ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ 16 ਕਰੋੜ ਰੁਪਏ ਦਾ ਪਾਈਪਲਾਈਨ ਜਲ ਪ੍ਰੋਜੈਕਟ ਲਗਾਇਆ ਜਾਵੇਗਾ ਜੋ ਸਤਲੁਜ ਦਰਿਆ ਤੋਂ ਸ਼ਹਿਰ ਦੇ ਹਰ ਘਰ ਨੂੰ ਸਾਫ਼ ਪੀਣ ਵਾਲਾ ਪਾਣੀ ਸਪਲਾਈ ਕਰੇਗਾ। ਇਹ ਪ੍ਰੋਜੈਕਟ 18 ਮਹੀਨਿਆਂ ਦੇ ਅੰਦਰ ਪੂਰਾ ਹੋਣ ਦੀ ਉਮੀਦ ਹੈ।

ਇਸ ਮਹੱਤਵਪੂਰਨ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸ. ਬੈਂਸ ਨੇ ਦੱਸਿਆ ਕਿ ਇਸ ਪ੍ਰੋਜੈਕਟ, ਜਿਸ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ, ਤਹਿਤ ਦੋ ਨਵੇਂ ਵਾਟਰ ਟ੍ਰੀਟਮੈਂਟ ਪਲਾਂਟ ਸਥਾਪਤ ਕੀਤੇ ਜਾਣਗੇ ਅਤੇ ਮੌਜੂਦਾ ਪਲਾਂਟਾਂ ਦੀ 4ਐਮਐਲਡੀ ਸਮਰੱਥਾ ਵਿੱਚ ਵਾਧਾ ਕੀਤਾ ਜਾਵੇਗਾ। ਇਹ ਬੁਨਿਆਦੀ ਢਾਂਚਾ ਅਪਗ੍ਰੇਡੇਸ਼ਨ ਪ੍ਰੋਜੈਕਟ ਨੰਗਲ ਵਾਸੀਆਂ, ਜਿਨ੍ਹਾਂ ਨੇ ਲੰਬੇ ਸਮੇਂ ਤੋਂ ਪਾਣੀ ਦੀ ਕਮੀ ਅਤੇ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਵਰਗੀਆਂ ਸਮੱਸਿਆ ਨੂੰ ਝੱਲਿਆ ਹੈ, ਦੇ ਦਹਾਕਿਆਂ ਦੀ ਸਮੱਸਿਆ ਨੂੰ ਖਤਮ ਕਰੇਗਾ।ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਨੰਗਲ ਦੇ ਵਸਨੀਕਾਂ ਵਾਸਤੇ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਦੇ ਸਾਡੇ ਯਤਨਾਂ ਨੂੰ ਬੂਰ ਪੈਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 18 ਮਹੀਨਿਆਂ ਦੇ ਅੰਦਰ ਹਰ ਘਰ ਨੂੰ ਸਤਲੁਜ ਦਰਿਆ ਤੋਂ ਸ਼ੁੱਧ-ਸਾਫ਼ ਪਾਣੀ ਦੀ ਸਪਲਾਈ ਮਿਲਣੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਬਹੁਤ ਹੈਰਾਨੀਜਨਕ ਗੱਲ ਹੈ ਕਿ ਨੰਗਲ, ਜਿੱਥੋਂ ਸਤਲੁਜ ਦਰਿਆ ਪੰਜਾਬ ਵਿੱਚੋਂ ਆਪਣਾ ਸਫ਼ਰ ਸ਼ੁਰੂ ਕਰਦਾ ਹੈ, ਨੂੰ ਐਨੇ ਲੰਬੇ ਸਮੇਂ ਤੋਂ ਪਾਣੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਨੰਗਲ ਦੇ ਪਾਣੀ ਸੰਕਟ ਨੂੰ ਹੱਲ ਕਰਨ ਦੀਆਂ ਪਿਛਲੀਆਂ ਕੋਸ਼ਿਸ਼ਾਂ, ਜਿਸ ਵਿੱਚ ਨਗਰ ਕੌਂਸਲ ਵੱਲੋਂ ਕਈ ਬੋਰ ਕੀਤੇ ਗਏ, ਟਿਕਾਊ ਜਾਂ ਸੁਰੱਖਿਅਤ ਪਾਣੀ ਦੀ ਸਪਲਾਈ ਪ੍ਰਦਾਨ ਕਰਨ ਵਿੱਚ ਅਸਫਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਖੇਤਰ ਦਾ ਧਰਤੀ ਹੇਠਲਾ ਪਾਣੀ ਉਦਯੋਗਿਕ ਪ੍ਰਦੂਸ਼ਣ ਕਾਰਨ ਬੁਰੀ ਤਰ੍ਹਾਂ ਦੂਸ਼ਿਤ ਹੋ ਗਿਆ ਹੈ, ਜੋ ਜਨਤਕ ਸਿਹਤ ਲਈ ਇੱਕ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤਾਂ ਨੂੰ ਦੇਖਦਿਆਂ ਇਥੇ ਸੁਰੱਖਿਅਤ ਅਤੇ ਸਾਫ਼ ਪਾਣੀ ਦੀ ਸਪਲਾਈ ਲਈ ਠੋਸ ਹੱਲ ਦੀ ਜ਼ਰੂਰਤ ਮਹਿਸੂਸ ਹੋਈ, ਜਿਸਨੂੰ ਨਵੇਂ ਪ੍ਰੋਜੈਕਟ ਤਹਿਤ ਸਤਲੁਜ ਦਰਿਆ ਤੋਂ ਨੰਗਲ ਵਾਸੀਆਂ ਨੂੰ ਪਾਣੀ ਦੀ ਸਪਲਾਈ ਰਾਹੀਂ ਪੂਰਾ ਕੀਤਾ ਜਾਵੇਗਾ।

ਸ. ਹਰਜੋਤ ਸਿੰਘ ਬੈਂਸ ਨੇ ਨੰਗਲ ਦੇ ਨਾਗਰਿਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਥੋਂ ਦੇ ਵਸਨੀਕ ਸਤਲੁਜ ਦਰਿਆ ਦੇ ਸਾਫ਼ ਪਾਣੀ ਦੇ ਹੱਕਦਾਰ ਹਨ, ਜੋ ਹਮੇਸ਼ਾ ਤੋਂ ਉਨ੍ਹਾਂ ਦਾ ਹੱਕ ਸੀ। ਸਤਲੁਜ ਦਰਿਆ ਤੋਂ ਨੰਗਲ ਦੇ ਵਸਨੀਕਾਂ ਨੂੰ ਸਿੱਧਾ ਸਾਫ਼ ਪਾਣੀ ਦੀ ਸਪਲਾਈ ਦੇ ਉਦੇਸ਼ ਵਾਲਾ ਇਹ ਮਹੱਤਪੂਰਨ ਪ੍ਰੋਜੈਕਟ ਲੋਕਾਂ ਨੂੰ ਵੱਡੇ ਪੱਧਰ 'ਤੇ ਲਾਭ ਪਹੁੰਚਾਏਗਾ, ਜਿਸ ਨਾਲ ਜਨਤਕ ਸਿਹਤ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਵਰਗੇ ਕਈ ਵੱਡੇ ਫਾਇਦੇ ਹੋਣਗੇ। ਉਨ੍ਹਾਂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਡੇਢ ਸਾਲ ਤੋਂ ਨੰਗਲ ਦੀਆਂ ਪਾਣੀ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਕੱਢਣ ਲਈ ਕੀਤੇ ਗਏ ਅਣਥੱਕ ਯਤਨਾਂ 'ਤੇ ਵੀ ਚਾਨਣਾ ਪਾਇਆ।

# ਬੈਂਸ ਤੇ ਸਾਥੀ ਕੈਬਨਿਟ ਮੰਤਰੀਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਮਾਗਮਾਂ ਲਈ ਪੂਰੇ ਪ੍ਰਬੰਧ ਯਕੀਨੀ ਬਣਾਉਣ ਦੇ ਹੁਕਮ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਆਪਣੇ ਸਾਥੀ ਕੈਬਨਿਟ ਮੰਤਰੀਆਂ ਨੇ ਅੱਜ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਸਮਾਰੋਹਾਂ ਲਈ ਸੁਚਾਰੂ ਪ੍ਰਬੰਧਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਕਾਰਜਾਂ ਦੀ ਸਮੇਂ-ਸਿਰ ਪੂਰੀ ਕਰਨ ਲਈ ਵਿਸਥਾਰਪੂਰਵਕ ਹੁਕਮ ਜਾਰੀ ਕੀਤੇ।

ਸ. ਹਰਜੋਤ ਸਿੰਘ ਬੈਂਸ ਨੇ ਪੀਡਬਲਯੂਡੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ., ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਅਤੇ ਟੂਰਿਜ਼ਮ ਵਿਭਾਗ ਦੇ ਸਲਾਹਕਾਰ ਸ਼੍ਰੀ ਦੀਪਕ ਬਾਲੀ ਨਾਲ ਮਿਲ ਕੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਖੇ ਵੱਖ-ਵੱਖ ਮੀਟਿੰਗਾਂ ਦੌਰਾਨ ਤਿਆਰੀਆਂ ਦੀ ਸਮੀਖਿਆ ਕੀਤੀ।

ਸ. ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਈ ਮਹੀਨਿਆਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਟੱਲ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਯਾਲਾ ਜੀ ਦੀ ਅਦੁੱਤੀ ਸ਼ਹੀਦੀ ਨੂੰ ਯੋਗ ਸ਼ਰਧਾਂਜਲੀ ਦੇਣ ਲਈ ਵਿਆਪਕ ਤਿਆਰੀ ਕਰ ਰਹੀ ਹੈ।

ਮੀਟਿੰਗ ਦੌਰਾਨ ਸ. ਬੈਂਸ ਨੇ ਦੋਵੇਂ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਅਤੇ ਹੋਰ ਸਬੰਧਤ ਜ਼ਿਲ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਬੁਨਿਆਦੀ ਢਾਂਚੇ, ਸਫਾਈ, ਰੋਸ਼ਨੀ, ਸੰਗਤ ਦੀ ਠਹਿਰ, ਟਰੈਫਿਕ ਅਤੇ ਸੁਰੱਖਿਆ ਨਾਲ ਸਬੰਧਤ ਸਾਰੇ ਪ੍ਰਬੰਧ ਸਮੇਂ ਤੋਂ ਪਹਿਲਾਂ ਪੂਰੇ ਕਰ ਲਏ ਜਾਣ। ਉਨ੍ਹਾਂ ਨੇ ਧਾਰਮਿਕ ਸੰਸਥਾਵਾਂ ਅਤੇ ਸਥਾਨਕ ਗੁਰਦੁਆਰਾ ਕਮੇਟੀਆਂ ਨਾਲ ਨਿਕਟ ਸਹਿਯੋਗ ਬਣਾਈ ਰੱਖਣ ਲਈ ਵੀ ਕਿਹਾ ਤਾਂ ਜੋ ਸਾਰੇ ਸਮਾਗਮ ਸ਼ਾਂਤੀਪੂਰਵਕ ਅਤੇ ਸ਼ਰਧਾ ਨਾਲ ਆਯੋਜਿਤ ਹੋਣ।ਸਿੱਖਿਆ ਮੰਤਰੀ ਨੇ ਪੀ.ਡਬਲਯੂ.ਡੀ, ਪੇਂਡੂ ਵਿਕਾਸ, ਸਥਾਨਕ ਸਰਕਾਰ ਅਤੇ ਟੂਰਿਜ਼ਮ ਵਿਭਾਗਾਂ ਨੂੰ ਪੂਰੀ ਤਾਲਮੇਲ ਨਾਲ ਕੰਮ ਕਰਨ ਦੇ ਆਦੇਸ਼ ਦਿੱਤੇ, ਤਾਂ ਜੋ ਨਗਰ ਕੀਰਤਨਾਂ ਦੇ ਰੂਟਾਂ ਦੀ ਸੁੰਦਰਤਾ, ਸੜਕਾਂ ਦੀ ਅਪਗ੍ਰੇਡੇਸ਼ਨ, ਸਟਰੀਟ ਲਾਈਟਾਂ ਦੀ ਮੁਰੰਮਤ, ਸਫਾਈ ਪ੍ਰਬੰਧ ਅਤੇ ਪੀਣ ਵਾਲੇ ਪਾਣੀ ਅਤੇ ਪਾਰਕਿੰਗ ਦੀ ਉਚਿਤ ਸਹੂਲਤ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਕਿਹਾ, ਸਾਡਾ ਫਰਜ ਹੈ ਕਿ ਅਸੀਂ ਸੇਵਾਦਾਰ ਵਜੋਂ ਹਰ ਪੱਖ ਤੋਂ ਇਹਨਾਂ ਪਵਿੱਤਰ ਤੇ ਇਤਿਹਾਸਕ ਸਮਾਰੋਹਾਂ ਨੂੰ ਪੂਰੀ ਸ਼ਰਧਾ ਅਤੇ ਅਨੁਸ਼ਾਸਨ ਨਾਲ ਆਯੋਜਿਤ ਕਰੀਏ। ਉਨ੍ਹਾਂ ਦੱਸਿਆ ਕਿ ਚਾਰ ਵੱਡੇ ਨਗਰ ਕੀਰਤਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ੁਰੂ ਹੋਣਗੇ ਅਤੇ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਣਗੇ। ਪਹਿਲਾ ਨਗਰ ਕੀਰਤਨ 19 ਨਵੰਬਰ ਨੂੰ ਸ੍ਰੀਨਗਰ ਤੋਂ ਸ਼ੁਰੂ ਹੋ ਕੇ ਜੰਮੂ, ਪਠਾਨਕੋਟ ਤੇ ਹੁਸ਼ਿਆਰਪੁਰ ਰਾਹੀਂ ਲੰਘੇਗਾ।ਦੂਜਾ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਬਟਾਲਾ, ਬਾਬਾ ਬਕਾਲਾ ਤੇ ਅੰਮ੍ਰਿਤਸਰ ਰਾਹੀ, ਤੀਜਾ ਫਰੀਦਕੋਟ ਤੋਂ ਫਿਰੋਜ਼ਪੁਰ, ਲੁਧਿਆਣਾ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਰਾਹੀਂ, ਅਤੇ ਚੌਥਾ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਬਠਿੰਡਾ, ਸੰਗਰੂਰ, ਪਟਿਆਲਾ ਅਤੇ ਮੋਹਾਲੀ ਰਾਹੀਂ ਲੰਘੇਗਾ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਅਤੇ ਬਾਬਾ ਬਕਾਲਾ ਵਿਖੇ ਕੀਰਤਨ ਦਰਬਾਰ ਅਤੇ ਲਾਈਟ ਐਂਡ ਸਾਊਂਡ ਸ਼ੋਅ ਆਯੋਜਿਤ ਕੀਤੇ ਜਾਣਗੇ ਜੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਸ਼ਹੀਦੀ ਨੂੰ ਪ੍ਰਗਟ ਕਰਨਗੇ। ਇਸ ਤਰ੍ਹਾਂ ਦੇ ਸ਼ੋਅ 1 ਨਵੰਬਰ ਤੋਂ 18 ਨਵੰਬਰ ਤਕ ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਵਿੱਚ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਗੁਰੂ ਕੇ ਮਹਲ (ਗੁਰੂ ਸਾਹਿਬ ਦੇ ਜਨਮ ਸਥਾਨ) ਅਤੇ ਨੇੜਲੇ ਵਿਰਾਸਤੀ ਥਾਵਾਂ ਦੀ ਸੁੰਦਰਤਾ ਲਈ ਕੰਮ ਜਾਰੀ ਹੈ।

ਸ. ਬੈਂਸ ਨੇ ਦੱਸਿਆ ਕਿ ਮੁੱਖ ਸਮਾਰੋਹ 23 ਤੋਂ 25 ਨਵੰਬਰ ਤੱਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣਗੇ ਜਿੱਥੇ ਇੱਕ ਕਰੋੜ ਤੋਂ ਵੱਧ ਸੰਗਤ ਦੇ ਪਹੁੰਚਣ ਦੀ ਆਸ ਹੈ। ਚੱਕ ਨਾਨਕੀ ਨਾਮਕ ਟੈਂਟ ਸਿਟੀ ਵਿਚ ਹਰ ਰੋਜ਼ 11,000 ਤੋਂ ਵੱਧ ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਹੋਵੇਗਾ। ਤਿੰਨ ਦਿਨਾਂ ਦੇ ਸਮਾਰੋਹਾਂ ਵਿੱਚ ਅਖੰਡ ਪਾਠ ਸਾਹਿਬ, ਸਰਬ ਧਰਮ ਸੰਮੇਲਨ, ਵਿਰਾਸਤ-ਏ-ਖਾਲਸਾ ਪ੍ਰਦਰਸ਼ਨੀ, ਗੁਰੂ ਜੀ ਦੇ ਜੀਵਨ ਉੱਤੇ ਡਰੋਨ ਸ਼ੋਅ ਅਤੇ ਸ਼ਹਾਦਤ ਦੀ ਲੋਅ ਸਮੇਤ ਕਈ ਕਾਰਜ ਸ਼ਾਮਲ ਹੋਣਗੇ। ਨੌਵੇਂ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਨੂੰ ਸਿਜਦਾ ਕਰਨ ਲਈ ਭਾਈ ਜੈਤਾ ਜੀ ਸਮਾਰਕ ਵਿਖੇ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦਾ ਇਤਿਹਾਸਕ ਵਿਸ਼ੇਸ਼ ਸੈਸ਼ਨ ਵੀ ਆਯੋਜਿਤ ਕੀਤਾ ਜਾਵੇਗਾ।

ਮੀਟਿੰਗਾਂ ਵਿੱਚ ਹਾਜ਼ਰ ਹੋਰ ਪ੍ਰਮੁੱਖ ਵਿਅਕਤੀਆਂ ਵਿੱਚ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਸੀਨੀਅਰ ਅਧਿਕਾਰੀ, ਧਾਰਮਿਕ ਆਗੂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਸਨ।

ਅੰਤ ਵਿੱਚ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਇਹ ਪਵਿੱਤਰ ਸਮਾਰੋਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਜੀ ਦੇ ਸ਼ਾਂਤੀ, ਦਇਆ ਅਤੇ ਧਾਰਮਿਕ ਆਜ਼ਾਦੀ ਦੇ ਸਦੀਵੀ ਸੰਦੇਸ਼ ਦੀ ਪ੍ਰੇਰਣਾ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੂਰੀ ਲਗਨ ਨਾਲ ਇਹ ਯਕੀਨੀ ਬਣਾ ਰਹੀ ਹੈ ਕਿ ਹਰ ਸੰਗਤ ਨੂੰ ਅਧਿਆਤਮਕਤਾ ਅਤੇ ਪ੍ਰਬੰਧਕੀ ਸੁਚਾਰੂਪਣ ਦਾ ਵਿਲੱਖਣ ਮਿਲਾਪ ਅਨੁਭਵ ਹੋਵੇ।

# ਯੁੱਧ ਨਸ਼ਿਆਂ ਵਿਰੁੱਧ : ਇੰਦਰਾ ਕਲੋਨੀ 'ਚ ਅਣਅਧਿਕਾਰਤ ਉਸਾਰੀ ਢਾਹੀ

**ਜਲੰਧਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਪਹਿਲਕਦਮੀ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਫੈਸਲਾਕੁੰਨ ਕਾਰਵਾਈ ਕਰਦਿਆਂ ਜਲੰਧਰ ਨਗਰ ਨਿਗਮ ਵੱਲੋਂ ਜਲੰਧਰ ਕਮਿਸ਼ਨਰੇਟ ਪੁਲਿਸ ਦੇ ਸਹਿਯੋਗ ਨਾਲ ਅੱਜ ਇੰਦਰਾ ਕਲੋਨੀ ਇਲਾਕੇ ਵਿੱਚ ਇੱਕ ਬਦਨਾਮ ਨਸ਼ਾ ਤਸਕਰ ਨਾਲ ਸਬੰਧਤ ਗੈਰ-ਕਾਨੂੰਨੀ ਉਸਾਰੀ ਨੂੰ ਢਾਹ ਦਿੱਤਾ ਗਿਆ।

ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਕੇਸ਼ ਰਾਮ ਉਰਫ਼ ਧੋਨੀ ਵਾਸੀ ਇੰਦਰਾ ਕਲੋਨੀ ਜਲੰਧਰ, ਜੋ ਕਿ ਇੱਕ ਬਦਨਾਮ ਨਸ਼ਾ ਤਸਕਰ ਹੈ, ਦੀ ਅਣ-ਅਧਿਕਾਰਤ ਉਸਾਰੀ ਨੂੰ ਢਾਹਿਆ ਗਿਆ ਹੈ। ਮੁਲਜ਼ਮ ਮੁਕੇਸ਼ ਰਾਮ ਖਿਲਾਫ਼ ਐਨ.ਡੀ.ਪੀ.ਐਸ. ਐਕਟ ਅਤੇ ਆਬਕਾਰੀ ਐਕਟ ਤਹਿਤ ਕੁੱਲ 9 ਮੁਕੱਦਮੇ ਥਾਣਾ ਡਵੀਜ਼ਨ ਨੰਬਰ 1 ਅਤੇ ਥਾਣਾ ਡਵੀਜ਼ਨ ਨੰਬਰ 2 ਵਿਚ ਦਰਜ ਹਨ। ਇਨ੍ਹਾਂ ਵਿੱਚੋਂ ਤਿੰਨ ਮਾਮਲਿਆਂ ਵਿੱਚ ਉਸ ਨੂੰ ਸਜ਼ਾ ਵੀ ਹੋ ਚੁੱਕੀ ਹੈ।

ਉਨ੍ਹਾਂ ਜਲੰਧਰ ਕਮਿਸ਼ਨਰੇਟ ਪੁਲਿਸ ਦੀ ਨਸ਼ਿਆਂ ਦੇ ਨੈੱਟਵਰਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਨਾਗਰਿਕਾਂ ਨੂੰ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 9779-100-200 ਰਾਹੀਂ ਨਸ਼ਿਆਂ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।ਸ਼ਹਿਰ ਵਾਸੀਆਂ ਨੇ ਕਮਿਸ਼ਨਰੇਟ ਪੁਲਿਸ ਦੇ ਇਸ ਉਪਰਾਲੇ ਦਾ ਸਵਾਗਤ ਕੀਤਾ।
ਉਨ੍ਹਾਂ ਨੇ ਅਜਿਹੀਆਂ ਕਾਰਵਾਈਆਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇਕ ਮਹੱਤਵਪੂਰਣ ਕਦਮ ਦੱਸਿਆ।

# ਮਾਲੇਰਕੋਟਲਾ ਨਗਰ ਕੌਂਸਲ ਦੇ ਬੈੜੇ ਵਿੱਚ ਦੋ ਹੋਰ ਨਵੀਆਂ ਫਾਇਰ ਬ੍ਰਿਗੇਡ ਗੱਡੀਆਂ ਸ਼ਾਮਲ

**ਮਲੇਰਕੋਟਲਾ,15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਮਾਲੇਰਕੋਟਲਾ ਦੇ ਨਗਰ ਨਿਵਾਸੀਆਂ ਲਈ ਇੱਕ ਮਹੱਤਵਪੂਰਨ ਦਿਨ ਦੇ ਤੌਰ 'ਤੇ, ਨਗਰ ਕੌਂਸਲ ਮਾਲੇਰਕੋਟਲਾ ਨੂੰ ਅੱਜ ਪੰਜਾਬ ਸਰਕਾਰ ਵੱਲੋਂ ਦੋ ਨਵੀਆਂ ਫਾਇਰ ਬ੍ਰਿਗੇਡ ਗੱਡੀਆਂ ਸੌਂਪੀਆਂ ਗਈਆਂ। ਇਹ ਗੱਡੀਆਂ ਪੂਰੀ ਤਰ੍ਹਾਂ ਅਧੁਨਿਕ ਸਾਜੋ-ਸਮਾਨ ਨਾਲ ਲੈਸ ਹਨ, ਜਿਹਨਾਂ ਵਿੱਚ ਇੱਕ ਵੱਡੀ ਅਤੇ ਇੱਕ ਛੋਟੀ ਅੱਗ ਬੁਝਾਊ ਗੱਡੀ ਫਾਇਰ ਬ੍ਰਿਗੇਡ ਸ਼ਾਮਲ ਹੈ।

ਇਸ ਮੌਕੇ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਦੱਸਿਆ ਕਿ ਪਿਛਲੇ ਕਾਫ਼ੀ ਸਮੇਂ ਤੋਂ ਮਾਲੇਰਕੋਟਲਾ ਸ਼ਹਿਰ ਅਤੇ ਇਸ ਨਾਲ ਲੱਗਦੇ ਪਿੰਡਾਂ ਵਿੱਚ ਅੱਗ ਬੁਝਾਊ ਗੱਡੀਆਂ ਦੀ ਘਾਟ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਣਕ ਜਾਂ ਪਰਾਲੀ ਦੀਆਂ ਫ਼ਸਲਾਂ ਵਿੱਚ ਅੱਗ ਲੱਗਣ ਤੋਂ ਲੈ ਕੇ ਸ਼ਹਿਰੀ ਇਲਾਕਿਆਂ ਵਿੱਚ ਅੱਗ ਦੀਆਂ ਘਟਨਾਵਾਂ ਦੌਰਾਨ ਫਾਇਰ ਸੇਵਾਵਾਂ ਦੀ ਲੋੜ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਦੋ ਗੱਡੀਆਂ ਮਿਲਣ ਨਾਲ ਨਾ ਸਿਰਫ਼ ਨਗਰ ਕੌਂਸਲ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਆਵੇਗਾ, ਬਲਕਿ ਜਨਤਾ ਦੀ ਜਾਨ ਤੇ ਮਾਲ ਦੀ ਸੁਰੱਖਿਆ ਵੀ ਹੋਰ ਮਜ਼ਬੂਤ ਹੋਵੇਗੀ।

ਡਾ. ਜਮੀਲ ਉਰ ਰਹਿਮਾਨ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਜਨਤਾ ਦੀ ਸੁਰੱਖਿਆ, ਭਲਾਈ ਅਤੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ 'ਲੋਕਾਂ ਦੀ ਜ਼ਿੰਦਗੀ ਅਤੇ ਜਾਇਦਾਦ ਦੀ ਰੱਖਿਆ ਸਾਡੇ ਲਈ ਸਭ ਤੋਂ ਪਹਿਲੀ ਤਰਜੀਹ ਹੈ।'

ਇਸ ਮੌਕੇ ਸਮਾਜ ਸੇਵੀ ਅਸ਼ਰਫ਼ ਅਬਦੁੱਲਾ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਲੇਰਕੋਟਲਾ ਸ਼ਹਿਰ ਲਈ ਇਹ ਬਹੁਤ ਲੋੜੀਂਦੀਆਂ ਗੱਡੀਆਂ ਸਾਬਤ ਹੋਣਗੀਆਂ ਅਤੇ ਸ਼ਹਿਰ ਦੀ ਸੁਰੱਖਿਆ ਪ੍ਰਣਾਲੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਪੀ.ਏ. ਟੂ ਐਮ.ਐਲ.ਏ ਗੁਰਮੁੱਖ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਜਾਫਰ ਅਲੀ, ਈ.ਓ. ਚੰਦਰ ਪ੍ਰਕਾਸ਼ ਵਧਵਾ, ਐਮ.ਈ.ਇੰਜ. ਨਰਿੰਦਰ ਕੁਮਾਰ, ਹਲੀਮ,ਬਸੀਰ,ਗੁਰਬਖ਼ਸ ਸਿੰਘ, ਅਜੈ ਕੁਮਾਰ ਅੱਜੂ,ਨਜੀਰ, ਅਜੈ ਮਨੁਸੀ, ਫਾਇਰ ਅਫਸਰ ਦਿਲਸ਼ਾਦ, ਸਾਬਰ ਰਤਨ ਸਮੇਤ ਕਈ ਸਮਾਜਸੇਵੀ, ਕੌਂਸਲ ਮੈਂਬਰ ਤੇ ਅੱਗ ਬੁਝਾਊ ਅਮਲੇ ਦੇ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਰੁਜਗਾਰ ਤੇ ਕਾਰੋਬਾਰ ਬਿਊਰੋ ਫਾਜਿਲਕਾ ਵੱਲੋਂ ਰੁਜਗਾਰ ਮੇਲੇ ਦਾ ਆਯੋਜਨ

**ਫਾਜ਼ਿਲਕਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀਮਤੀ ਵੈਸ਼ਾਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਜਿਲ੍ਹਾ ਪੱਧਰੀ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿਚ ਪੇਟੀਐਮ, ਮਿਡਲੈਂਡ ਮਾਈਕ੍ਰੋਫਿਨ ਲਿਮਟਿਡ, ਐਜਾਈਲ ਫਿਊਚਰ ਕੰਪਨੀ ਸ਼ਮੂਲੀਅਤ ਕਰ ਰਹੀ ਹੈ। ਪੇਟੀਐਮ ਵਿਚ ਫੀਲਡ ਸੇਲਜ਼ ਐਗਜ਼ੀਕਿਊਟਿਵ(ਲੜਕੇ ਅਤੇ ਲੜਕੀਆਂ ) ਦੀ ਅਸਾਮੀ ਲਈ ਯੋਗਤਾ 10ਵੀ ਜਮਾਤ ਅਤੇ ਇਸ ਤੋਂ ਉਚੇਰੀ ਅਤੇ ਉਮਰ 18 ਤੋਂ 30 ਸਾਲ ਹੋਣੀ ਚਾਹੀਦੀ।ਮਿਡਲੈਂਡ ਮਾਈਕ੍ਰੋਫਿਨ ਲਿਮਟਿਡ ਵਿੱਚ ਸੇਲਜ਼ ਐਗਜ਼ੀਕਿਊਟਿਵ ਅਤੇ ਸਹਾਇਕ ਮੈਨੇਜਰ(ਲੜਕੇ ਅਤੇ ਲੜਕੀਆਂ) ਦੀ ਅਸਾਮੀ ਲਈ ਯੋਗਤਾ 12ਵੀ ਪਾਸ ਅਤੇ ਉਮਰ 18 ਤੋਂ 28 ਸਾਲ ਦੀ ਹੋਣੀ ਲਾਜਮੀ ਹੈ।ਐਜਾਈਲ ਫਿਊਚਰ ਵਿੱਚ ਵੈਲਨੈਸ ਅਡਵਾਈਜਰ(ਲੜਕੀਆਂ) ਦੀ ਅਸਾਮੀ ਲਈ ਯੋਗਤਾ 10ਵੀ ਪਾਸ ਅਤੇ ਉਮਰ 18 ਤੋਂ 26 ਸਾਲ ਦੀ ਹੋਣੀ ਲਾਜਮੀ ਹੈ।

ਪਲੇਸਮੈਂਟ ਅਫਸਰ ਸ੍ਰੀ ਰਾਜ ਸਿੰਘ ਦੱਸਿਆ ਕਿ ਪਲੇਸਮੈਂਟ ਕੈਂਪ ਨੂੰ ਸਵੇਰੇ 10.00 ਵਜੇ ਤੋਂ ਕਮਰਾ ਨੰ 502 ਚੌਥੀ ਮੰਜਿਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀਸੀ ਦਫ਼ਤਰ, ਏ ਬਲਾਕ ਫਾਜ਼ਿਲਕਾ ਵਿਖੇ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਲੇਸਮੈਂਟ ਕੈਂਪ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ ਤੇ ਰੋਜ਼ਗਾਰ ਪ੍ਰਾਪਤ ਕੀਤਾ ਜਾਵੇ। ਵਧੇਰੇ ਜਾਣਕਾਰੀ ਲਈ ਦਫਤਰ ਦੇ ਹੈਲਪਲਾਈਨ ਨੰਬਰ 89060-22220 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ



**ਹੁਸ਼ਿਆਰਪੁਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ, ਵਿਦਿਆਰਥੀਆਂ ਨੂੰ ਸਫਲਤਾ ਵੱਲ ਲਿਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੀ ਅਗਵਾਈ ਅਤੇ ਮਾਰਗਦਰਸ਼ਨ ਹੇਠ ਲਾਇਬ੍ਰੇਰੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕੀਤਾ ਜਾ ਰਿਹਾ ਹੈ।
ਇਸ ਡਿਜੀਟਲ ਲਾਇਬ੍ਰੇਰੀ ਦਾ ਸ਼ੁਭ ਆਰੰਭ 4 ਮਾਰਚ, 2023 ਨੂੰ ਹੋਇਆ ਸੀ ਅਤੇ ਇਸ ਦੇ ਹੁਣ ਤੱਕ 900 ਤੋਂ ਵੱਧ ਮੈਂਬਰ ਬਣ ਚੁੱਕੇ ਹਨ। ਇਥੇ ਰੋਜ਼ਾਨਾ ਲੱਗਭਗ 100 ਤੋਂ 120 ਵਿਦਿਆਰਥੀ ਪੜ੍ਹਦੇ ਹਨ। ਇਹ ਸੰਸਥਾ ਵਿਸ਼ੇਸ਼ ਰੂਪ ਵਿਚ ਉਨ੍ਹਾਂ ਵਿਦਿਆਰਥੀਆਂ ਲਈ ਬੇਹੱਦ ਉਪਯੋਗੀ ਸਿੱਧ ਹੋ ਰਹੀ ਹੈ ਜੋ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਜਿਵੇਂ ਕਿ ਯੂ.ਪੀ.ਐਸ.ਸੀ, ਪੀ.ਸੀ.ਐਸ. ਸੀ, ਬੈਂਕਿੰਗ, ਪੁਲਿਸ ਅਤੇ ਹੋਰਨਾਂ ਸਰਕਾਰੀ ਸੇਵਾਵਾਂ ਦੀ ਤਿਆਰ ਕਰ ਰਹੇ ਹਨ।

ਜਾਣਕਾਰੀ ਦਿੰਦੇ ਹੋਏ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਦੱਸਿਆ ਕਿ ਬਹੁਤ ਸਾਰੇ ਵਿਦਿਆਰਥੀਆਂ ਨੇ ਲਾਇਬ੍ਰੇਰੀ ਤੋਂ ਪੜ੍ਹਾਈ ਕਰਕੇ ਆਪਣੀ ਜ਼ਿੰਦਗੀ ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿਚੋਂ ਲਵਪ੍ਰੀਤ (ਨਿਵਾਸੀ ਨਾਰੂ ਨੰਗਲ) ਅਤੇ ਅਜੈ ਕੁਮਾਰ (ਨਿਵਾਸੀ ਫਤਿਹਪੁਰ) ਨੂੰ ਪੰਜਾਬ ਵਿੱਚ ਪਟਵਾਰੀ ਦੀ ਨੌਕਰੀ ਮਿਲੀ ਹੈ, ਜਦੋਂ ਕਿ ਚਕਸ਼ੂ ਸ਼ਰਮਾ (ਨਿਵਾਸੀ ਗੌਰਾਂ ਗੇਟ, ਜੱਟਾਂ ਮੁਹੱਲਾ) ਨੂੰ ਆਈ.ਬੀ.ਪੀ.ਐਸ ਪੀ ਓ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਬੈਂਕ ਆਫ਼ ਮਹਾਰਾਸ਼ਟਰ ਵਿੱਚ ਨਿਯੁਕਤੀ ਮਿਲੀ ਹੈ। ਲਵਪ੍ਰੀਤ (ਨਿਵਾਸੀ ਸਾਰੰਗਵਾਲ) ਨੂੰ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਦਾ ਅਹੁਦਾ ਮਿਲਿਆ ਹੈ। ਇਸੇ ਤਰ੍ਹਾਂ ਭਾਵਨਾ ਪਦਮ (ਅਜੀਤ ਨਗਰ) ਨੇ ਰਾਜਨੀਤੀ ਸ਼ਾਸਤਰ ਵਿੱਚ ਯੂ.ਜੀ.ਸੀ ਨੈੱਟ ਪ੍ਰੀਖਿਆ ਪਾਸ ਕੀਤੀ ਹੈ ਅਤੇ ਮੋਹਿਤ ਦੱਤਾ (ਬਜਵਾੜਾ) ਨੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿੱਚ ਯੂ.ਜੀ.ਸੀ ਨੈੱਟ ਪ੍ਰੀਖਿਆ ਪਾਸ ਕੀਤੀ ਹੈ। ਇਨ੍ਹਾਂ ਵਿਦਿਆਰਥੀਆਂ ਦੀ ਸਫ਼ਲਤਾ ਵਿਚ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਦਾ ਯੋਗਦਾਨ ਬੇਹੱਦ ਸ਼ਲਾਘਾਯੋਗ ਰਿਹਾ ਹੈ।

ਵਿਜੇ ਕੁਮਾਰ ਨੇ ਦੱਸਿਆ ਕਿ ਲਾਇਬ੍ਰੇਰੀ ਅਤਿ-ਆਧੁਨਿਕ ਸਹੂਲਤਾਂ ਪ੍ਰਦਾਨ ਕਰਦੀ ਹੈ, ਜਿਸ ਵਿੱਚ ਵਾਈ.ਫਾਈ, ਏਅਰ ਕੰਡੀਸ਼ਨਿੰਗ, ਡਿਜੀਟਲ ਕਿਤਾਬਾਂ, ਸਮਾਰਟ ਕਾਰਡ ਐਂਟਰੀ, ਯੂ.ਪੀ.ਐਸ.ਸੀ/ਪੀ.ਸੀ.ਐਸ ਆਨਲਾਈਨ ਕੋਚਿੰਗ, ਵਿੱਦਿਅਕ ਗਤੀਵਿਧੀਆਂ ਅਤੇ ਸੈਮੀਨਾਰ ਸ਼ਾਮਿਲ ਹਨ। ਲਾਇਬ੍ਰੇਰੀ ਹਫ਼ਤੇ ਦੇ ਸੱਤ ਦਿਨ ਸਵੇਰੇ 9:00 ਵਜੇ ਤੋਂ ਰਾਤ 9:00 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।ਜਿਹੜੇ ਵਿਦਿਆਰਥੀ ਜਾਂ ਨੌਜਵਾਨ ਇਸ ਗਿਆਨ ਕੇਂਦਰ ਨਾਲ ਜੁੜਨਾ ਚਾਹੁੰਦੇ ਹਨ, ਉਹ ਕੇਵਲ 500 ਰੁਪਏ ਦੀ ਲਾਈਫਟਾਈਮ ਮੈਂਬਰਸ਼ਿਪ ਅਤੇ 500 ਰੁਪਏ (ਮਾਸਿਕ), 1200 ਰੁਪਏ ਤਿਮਾਹੀ, 2100 ਰੁਪਏ ਛਿਮਾਹੀ ਅਤੇ 3600 ਰੁਪਏ ਸਾਲਾਨਾ ਫੀਸ ਦੇ ਕੇ ਮੈਂਬਰ ਬਣ ਸਕਦੇ ਹਨ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਡਿਜੀਟਲ ਲਾਇਬ੍ਰੇਰੀ ਦੀਆਂ ਸਹੂਲਤਾਂ ਦਾ ਲਾਭ ਉਠਾ ਕੇ ਆਪਣੇ ਜੀਵਨ ਨੂੰ ਸਫਲ, ਗਿਆਨਵਾਨ ਅਤੇ ਸਵੈ-ਨਿਰਭਰ ਬਣਾਉਣ।

# ਵਿਧਾਇਕ ਫਾਜ਼ਿਲਕਾ ਨੇ 91 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਨੂੰ ਜੋੜਦੀ ਸੜਕ ਦੇ ਰੱਖੇ ਨੀਂਹ ਪੱਥਰ



**ਫਾਜ਼ਿਲਕਾ,15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਕੋਈ ਕਸਰ ਨਹੀਂ ਛੱਡ ਰਹੀ। ਪਿੰਡਾਂ ਵਿਖੇ ਬਾਹਰੀ ਅਤੇ ਅੰਦਰੂਨੀ ਸੜਕਾਂ ਤੇ ਫਿਰਨੀਆਂ ਦਾ ਜਿਥੇ ਨਵੀਨੀਕਰਨ ਕੀਤਾ ਜਾ ਰਿਹਾ ਹੈ ਉਥੇ ਲੋੜ ਅਨੁਸਾਰ ਨਵੀਆਂ ਸੜਕਾਂ ਦੀ ਉਸਾਰੀ ਵੀ ਕੀਤੀ ਜਾ ਰਹੀ ਹੈ। ਪਿੰਡਾਂ ਅੰਦਰ ਮਾਡਰਨ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਨ ਤਾਂ ਜੋ ਪਿੰਡਾਂ ਦਾ ਮੁਕੰਮਲ ਤੌਰ *ਤੇ ਵਿਕਾਸ ਹੋ ਸਕੇ।

ਇਸੇ ਲਗਾਤਾਰਤਾ ਵਿਚ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ 91 ਲੱਖ ਰੁਪਏ ਦੀ ਲਾਗਤ ਨਾਲ ਹਲਕੇ ਦੇ ਪਿੰਡ ਮੁਹੰਮਦ ਪੀਰਾ, ਮੁਹੰਮਦ ਅਮੀਰਾ, ਬਖੂਸ਼ਾਹ,ਮੁੰਬੇ ਕੇ, ਨਵਾਂ ਮੁੰਬੇ ਕੇ, ਕਾਦਰਬਖਸ਼ ਪਿੰਡਾਂ ਨੂੰ ਜੋੜਨ ਵਾਲੀ ਨਵੀਂ ਸੜਕ ਦਾ ਨੀਹ ਪੱਥਰ ਰੱਖ ਕੇ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਕਿਹਾ ਕਿ ਸੜਕਾਂ ਦੀ ਉਸਾਰੀ ਹੋਣ ਨਾਲ ਪਿੰਡ ਵਾਸੀਆਂ ਨੂੰ ਇਕ ਪਿੰਡ ਤੋਂ ਦੂਸਰੇ ਪਿੰਡ ਵਿਚ ਆਉਣਾ ਜਾਣਾ ਸੋਖਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਪਿੰਡ ਵਾਸੀਆਂ ਦੀਆਂ ਪਿਛਲੇ ਲੰਬੇ ਸਮੇਂ ਤੋਂ ਪਈਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡ ਵਾਸੀਆਂ ਨੂੰ ਵਿਕਾਸ ਪੱਖੋਂ ਕੋਈ ਦਿੱਕਤ ਨਾ ਆਵੇ।ਉਨ੍ਹਾਂ ਪਿੰਡ ਮੁੰਬੇਕੇ ਤੇ ਬਖੁਸ਼ਾਹ ਵਿਖੇ 63 ਲੱਖ ਦੀ ਲਾਗਤ ਨਾਲ ਸੀ.ਸੀ. ਫਲੋਰਿੰਗ ਨਾਲ ਬਣੀਆਂ ਫਿਰਨੀਆਂ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਦੀ ਅੰਦਰੂਨੀ ਤੇ ਬਾਹਰਲੀ ਦਿਖ ਦੋਨਾ ਵਿਚ ਸੁਧਾਰ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡਾਂ ਦੀ ਨੁਹਾਰ ਬਦਲੇ ਤਾਂ ਜੋ ਪਿੰਡ ਵੀ ਸ਼ਹਿਰਾਂ ਵਾਂਗ ਚਮਕਣ, ਇਹ ਹੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਆਉਣ ਜਾਣ ਨੂੰ ਲੈ ਕੇ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ ਅਤੇ ਸੁਰਖਿਅਤ ਤਰੀਕੇ ਨਾਲ ਲੋਕ ਦਿਨ ਰਾਤ ਸਮੇਂ ਆ ਜਾ ਸਕਣ, ਇਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਸਰਪੰਚ ਦਰਸ਼ਨ ਸਿੰਘ, ਸਰਪੰਚ ਰਜਿੰਦਰ ਸਿੰਘ, ਸਰਪੰਚ ਲੇਖ ਸਿੰਘ, ਸਰਪੰਚ ਕੁਲਵਿੰਦਰ ਸਿੰਘ, ਬਲਦੇਵ ਸਿੰਘ ਸੁਖਾ, ਬਲਵਿੰਦਰ ਸਿੰਘ ਆਲਮਸ਼ਾਹ, ਕਰਨੈਲ ਸਿੰਘ ਬਲਾਕ ਪ੍ਰਧਾਨ ਆਦਿ ਪਤਵੰਤੇ ਸਜਨ ਮੌਜੂਦ ਸਨ।

# ਪਲਸ ਪੋਲੀਓ ਮੁਹਿੰਮ ਦੀ ਜਾਗਰੂਕਤਾ ਲਈ ਪ੍ਰਚਾਰ ਵਾਹਨਾਂ ਨੂੰ ਵਿਖਾਈ ਹਰੀ ਝੰਡੀ



**ਤਰਨ ਤਾਰਨ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਅਤੇ ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲ੍ਹੇ ਦੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਵਰਿੰਦਰ ਪਾਲ ਕੌਰ ਦੀ ਦੇਖ ਰੇਖ ਹੇਠ ਐਤਵਾਰ ਨੂੰ ਸ਼ੁਰੂ ਹੋਣ ਵਾਲੇ ਤਿੰਨ ਰੋਜ਼ਾ ਪਲਸ ਪੋਲੀਓ ਰਾਊਂਡ ਦੇ ਸੰਬੰਧ ਵਿੱਚ ਤਰਨ ਤਾਰਨ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਪ੍ਰਚਾਰ ਵਾਹਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਬਲਾਕਾਂ ਤੋਂ ਆਏ ਸਿਹਤ ਕਰਮੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਪ੍ਰਚਾਰ ਵਾਹਨ ਬਾਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਆਉਣ ਵਾਲੀ 12 ਅਕਤੂਬਰ ਦਿਨ ਐਤਵਾਰ ਨੂੰ ਸਿਹਤ ਵਿਭਾਗ ਵੱਲੋਂ ਪਲਸ ਪੋਲੀਓ ਰਾਊਂਡ ਦੀ ਸ਼ੁਰੂਆਤ ਕੀਤੀ ਜਾਵੇਗੀ ਅਤੇ ਪ੍ਰਚਾਰ ਵਾਹਨਾਂ ਨੂੰ ਭੇਜਣ ਦਾ ਮੁੱਖ ਮੰਤਵ ਨਾਗਰਿਕਾਂ ਨੂੰ ਇਸ ਮੁਹਿੰਮ ਬਾਰੇ ਜਾਣੂ ਕਰਵਾਉਣਾ ਹੈ।

ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਐਤਵਾਰ ਨੂੰ ਸਿਹਤ ਕਰਮੀਆਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਬੂਥ ਲਗਾ ਕੇ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਬਣਾਈਆਂ ਜਾਣਗੀਆਂ। ਇਸ ਤੋਂ ਬਾਅਦ ਸੋਮਵਾਰ ਅਤੇ ਮੰਗਲਵਾਰ ਨੂੰ ਸਿਹਤ ਕਰਮੀਆਂ ਵੱਲੋਂ ਘਰ-ਘਰ ਜਾ ਕੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਇਸ ਵਾਰ ਦੇ ਪਲਸ ਪੋਲੀਓ ਰਾਉਂਡ ਦੌਰਾਨ 0 ਤੋਂ 5 ਸਾਲ ਦੇ ਲਗਭਗ 144713 ਬੱਚਿਆਂ ਨੂੰ 580 ਬੂਥ ਲਗਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕੇ ਸਿਹਤ ਵਿਭਾਗ ਵੱਲੋਂ 32 ਟਰਾਂਜਿਟ ਬੂਥ ਅਤੇ 40 ਮੋਬਾਈਲ ਟੀਮਾਂ ਰਾਹੀਂ ਹਾਈ ਰਿਸਕ ਵਾਲੇ ਖੇਤਰਾਂ ਜਿਵੇਂ ਝੁਗੀਆਂ, ਇੱਟਾਂ ਦੇ ਭੱਠੇ, ਗੁਜਰਾਂ ਦੇ ਡੇਰਿਆਂ ਉੱਤੇ ਜਾ ਕੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਹਨਾਂ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਸਬੰਧੀ ਆਈ.ਈ.ਸੀ ਸਮਾਨ ਵੀ ਵੰਡ ਦਿੱਤਾ ਗਿਆ ਹੈ ਤਾਂ ਜੋ ਸਿਹਤ ਕਰਮੀਆਂ ਵੱਲੋਂ ਇਸ ਮੁਹਿੰਮ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਸਕੇ।

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਸਤਵਿੰਦਰ ਕੁਮਾਰ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ, ਆਦਿ ਮੌਜੂਦ ਸਨ।

# ਫਾਰਮ ਸਲਾਹਕਾਰ ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਦਾ ਖੇਤ ਦਿਵਸ ਮਨਾਇਆ




**ਗੁਰਦਾਸਪੁਰ,15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਝੋਨੇ ਦੀ ਸਿੱਧੀ ਬਿਜਾਈ ਦੇ ਸਬੰਧ ਵਿੱਚ ਪਿੰਡ ਤੁੰਗ ਖੇਤ ਦਿਵਸ ਮਨਾਇਆ ਗਿਆ।

ਇਸ ਸਬੰਧ ਵਿੱਚ ਡਾਕਟਰ ਹਰਪ੍ਰੀਤ ਸਿੰਘ (ਫਸਲ ਵਿਗਿਆਨ, ਖੇਤਰੀ ਖੋਜ ਕੇਂਦਰ ਗੁਰਦਾਸਪੁਰ) ਵੱਲੋਂ ਝੋਨੇ ਦੀ ਸਿੱਧੀ ਬਿਜਾਈ, ਪਰਾਲੀ ਪ੍ਰਬੰਧਨ, ਕਣਕ ਦੀਆਂ ਕਿਸਮਾਂ, ਬੀਜ਼ ਸੋਧ, ਕਮਾਦ ਬਾਰੇ ਜਾਣਕਾਰੀ ਸਾਂਝੀ ਕੀਤੀ।

ਡਾਕਟਰ ਸਰਵਪ੍ਰਿਆ ਸਿੰਘ (ਜ਼ਿਲ੍ਹਾ ਪਸਾਰ ਵਿਗਿਆਨੀ, ਫ਼ਲ ਵਿਗਿਆਨ) ਨੇ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਨੂੰ ਲਗਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਦੱਸਿਆ ਕਿ ਪਰਾਲੀ ਨੂੰ ਲੱਸਣ, ਪਿਆਜ ਅਤੇ ਫ਼ਲਦਾਰ ਬੂਟਿਆਂ ਵਿੱਚ ਨਦੀਨ ਰਹਿਤ, ਕੋਰੇ ਤੋਂ ਬਚਾ ਲਈ ਵਰਤ ਸਕਦੇ ਹਾਂ।

ਡਾਕਟਰ ਨਰਿੰਦਰਦੀਪ ਸਿੰਘ (ਜ਼ਿਲ੍ਹਾ ਪਸਾਰ ਮਾਹਿਰ, ਸੀਨੀਅਰ ਮੋਸਟ) ਨੇ ਝੋਨੇ ਦੀ ਸਿੱਧੀ ਬਜਾਈ ਦੇ ਨਾਲ ਹੋਣ ਵਾਲੀਆਂ ਬੱਚਤਾਂ ਬਾਰੇ ਕਿਸਾਨਾਂ ਨੂੰ ਦੱਸਿਆ ।ਉਹਨਾਂ ਨੇ ਕਿਹਾ ਕਿ ਕਿਸਾਨ ਵੀਰ ਬਾਸਮਤੀ ਵਿੱਚ ਸਿੱਧੀ ਬਜਾਈ ਕਰਕੇ ਝੰਡੇ ਰੋਗ ਤੋਂ ਕੁਝ ਹੱਦ ਤੱਕ ਨਿਯਾਤ ਪਾ ਸਕਦੇ ਹਨ।

ਅਖੀਰ ਵਿੱਚ ਕਿਸਾਨ ਵੀਰਾਂ ਨੂੰ ਸਬਜ਼ੀ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਕੈਂਪ ਵਿੱਚ ਲਗਭਗ 65 ਕਿਸਾਨਾਂ ਨੇ ਭਾਗ ਲਿਆ।

# ਗਗਨ ਸੋਸਾਇਟੀ ਵਿਖੇ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ

**ਬਠਿੰਡਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ੍ਰੀ ਬੇਅੰਤ ਸਿੰਘ ਰੰਧਾਵਾ ਦੇ ਵਾਰਡ ਨੰਬਰ 6 ਵਿੱਚ ਸਥਿਤ ਗਗਨ ਸੋਸਾਇਟੀ ਵਿਖੇ ਲਗਭਗ 8.5 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਦੇ ਕੰਮ ਦਾ ਸ਼ੁਭ ਆਰੰਭ ਸੁਸਾਇਟੀ ਪ੍ਰਧਾਨ ਸ਼੍ਰੀ ਸੰਪੂਰਣ ਸਿੰਘ ਦੇ ਹੱਥੋਂ ਕਰਵਾਇਆ।

ਇਸ ਮੌਕੇ 'ਤੇ, ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਖੇਤਰ ਦੇ ਹਰੇਕ ਵਾਰਡ ਵਿੱਚ ਵਿਕਾਸ ਪ੍ਰੋਜੈਕਟਾਂ ਨੂੰ ਤਰਜੀਹ ਦਿੱਤਾ ਜਾ ਰਿਹਾ ਹੈ। ਓਨਾਂ ਅੱਗੇ ਕਿਹਾ ਕਿ ਗਗਨ ਸੋਸਾਇਟੀ ਵਿੱਚ ਇਸ ਸੜਕ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਲੋਕਾਂ ਦੇ ਆਉਣ-ਜਾਣ ਵਿੱਚ ਕਾਫ਼ੀ ਸਹੂਲਤ ਹੋਵੇਗੀ।ਸ਼ੁਭ ਆਰੰਭ ਤੋਂ ਬਾਅਦ, ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਗਗਨ ਸੋਸਾਇਟੀ ਵਿਖੇ ਪਾਰਕ ਦਾ ਦੌਰਾ ਕੀਤਾ ਅਤੇ ਉੱਥੇ ਮੌਜੂਦ ਬਜ਼ੁਰਗ ਔਰਤਾਂ ਦਾ ਆਸ਼ੀਰਵਾਦ ਲਿਆ।

# ਪਟਾਕਿਆਂ ਦੀ ਵਿਕਰੀ ਤੇ ਸਟਾਲਾਂ ਲਗਾਉਣ ਸਬੰਧੀ ਦਰਖਾਸਤਾਂ ਦੀ ਮੰਗ : ਵਧੀਕ ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ-ਕਮ- ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ ਨੇ ਦੱਸਿਆ ਕਿ ਸਾਲ 2025 ਦੌਰਾਨ ਦੀਵਾਲੀ ਅਤੇ ਗੁਰਪੁਰਬ ਦਾ ਦਿਹਾੜਾ ਮਨਾਉਣ ਲਈ 18, 19 ਅਤੇ 20 ਅਕਤੂਬਰ 2025 ਅਤੇ 5 ਨਵੰਬਰ 2025 ਨੂੰ ਆਤਿਸ਼ਬਾਜ਼ੀ ਅਤੇ ਪਟਾਖਿਆਂ ਦੀ ਵਿਕਰੀ ਕਰਨ ਲਈ ਜ਼ਿਲ੍ਹੇ ਅੰਦਰ ਪਹਿਲਾਂ 9 ਥਾਵਾਂ ਸਥਾਨਕ ਨਗਰ ਸੁਧਾਰ ਟਰੱਸਟ ਦਫਤਰ ਦੇ ਸਾਹਮਣੇ, ਸਥਾਨਕ ਖੇਡ ਸਟੇਡੀਅਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਗੋਨਿਆਣਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਭੁੱਚੋ ਮੰਡੀ, ਕੈਟਲ ਫੇਅਰ ਗਰਾਂਊਂਡ, ਨਜਦੀਕ ਐਸ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਰਾਮਾਂ ਮੰਡੀ, ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਤਲਵੰਡੀ ਸਾਬੋ, ਖੇਡ ਸਟੇਡੀਅਮ ਨੇੜੇ ਸੂਏ ਵਾਲਾ ਪੁਲ, ਮੰਡੀ ਰਾਮਪੁਰਾ ਫੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੋਠਾ ਗੁਰੂ ਰੋਡ, ਭਗਤਾ ਭਾਈਕਾ ਅਤੇ ਐਸ.ਡੀ. ਹਾਈ ਸਕੂਲ, ਮੌੜ ਨਿਰਧਾਰਿਤ ਕੀਤੀਆਂ ਗਈਆਂ ਸਨ, ਪਰ ਹੁਣ ਥਾਂਵਾਂ ਵਿੱਚ ਇੱਕ ਹੋਰ ਜਗ੍ਹਾ ਡੀ.ਡੀ. ਮਿੱਤਲ ਟਾਵਰ ਬਠਿੰਡਾ ਦੇ ਸਾਹਮਣੇ ਖ਼ਾਲੀ ਗਰਾਊਂਡ ਨੂੰ ਸ਼ਾਮਿਲ ਕਰਦਿਆਂ ਇਹਨਾਂ ਥਾਂਵਾਂ ਦੀ ਗਿਣਤੀ ਵਧਾ ਕੇ 10 ਕੀਤੀ ਗਈ ਹੈ।

ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਜਾਰੀ ਹੁਕਮ ਅਨੁਸਾਰ ਦੱਸਿਆ ਕਿ ਉਕਤ ਥਾਵਾਂ 'ਤੇ ਸਟਾਲਾਂ ਲਗਾਉਣ ਤੇ ਪਟਾਖਿਆਂ ਦੀ ਵਿਕਰੀ ਕਰਨ ਸਬੰਧੀ ਲਾਇਸੰਸ ਜਾਰੀ ਕਰਨ ਲਈ ਆਮ ਲੋਕਾਂ ਤੋਂ 9, 10 ਅਤੇ 15 ਅਕਤੂਬਰ 2025 ਤੱਕ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸੇਵਾ ਕੇਂਦਰ ਰਾਹੀਂ ਦਰਖਾਸਤਾਂ ਦੀ ਮੰਗ ਕੀਤੀ ਹੈ।

# ਦੇਸ਼ ਵਿੱਚ ਦਲਿਤਾਂ ’ਤੇ ਅੱਤਿਆਚਾਰ ਹੋ ਰਿਹੈ: ਰਾਹੁਲ ਗਾਂਧੀ

## ਮਰਹੂਮ ਆਈਪੀਐੱਸ ਅਧਿਕਾਰੀ ਦੀ ਪਤਨੀ ਨੂੰ ਮਿਲੇ ਰਾਹੁਲ ਗਾਂਧੀ, ਦੁੱਖ ਸਾਂਝਾ ਕੀਤਾ; ਕੇਂਦਰ ਅਤੇ ਸੂਬਾ ਸਰਕਾਰ ਕੋਲੋਂ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਦੀ ਕੀਤੀ ਮੰਗ



ਚੰਡੀਗੜ੍ਹ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅੱਜ ਹਰਿਆਣਾ ਦੇ ਆਈਪੀਐੱਸ ਅਧਿਕਾਰੀ ਮਰਹੂਮ ਵਾਈ. ਪੂਰਨ ਕੁਮਾਰ ਦੀ ਆਈਏਐੱਸ ਪਤਨੀ ਅਮਨੀਤ ਪੀ.ਕੁਮਾਰ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ।

ਇਸ ਮੁਲਾਕਾਤ ਮਗਰੋਂ ਆਈਏਐੱਸ ਅਧਿਕਾਰੀ ਦੀ ਰਿਹਾਇਸ਼ ਦੇ ਬਾਹਰ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਦੇਸ਼ ਵਿੱਚ ਦਲਿਤਾਂ ’ਤੇ ਅੱਤਿਆਚਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਇੱਕ ਪਰਿਵਾਰ ਦਾ ਨਹੀਂ ਬਲਕਿ ਦੇਸ਼ ਦੇ ਕਰੋੜਾਂ ਦਲਿਤਾਂ ਨਾਲ ਜੁੜਿਆ ਹੋਇਆ ਮਸਲਾ ਹੈ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਤੋਂ ਸਾਫ਼ ਹੈ ਕਿ ਕਿਵੇਂ ਇੱਕ ਅਧਿਕਾਰੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਅਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਪ੍ਰੇਸ਼ਾਨੀ ਦੇ ਇਸੇ ਦਬਾਅ ਵਿਚ ਆ ਕੇ ਆਈਪੀਐੱਸ ਅਧਿਕਾਰੀ ਨੇ ਖ਼ੁਦਕੁਸ਼ੀ ਕਰ ਲਈ। ਰਾਹੁਲ ਗਾਂਧੀ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਪੀੜਤ ਪਰਿਵਾਰ ਨਾਲ ਕੀਤਾ ਗਿਆ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਕੋਲੋਂ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਵਾਈ. ਪੂਰਨ ਕੁਮਾਰ ਦਾ ਸਸਕਾਰ ਕਰਵਾਇਆ ਜਾਵੇ। ਰਾਹੁਲ ਗਾਂਧੀ ਨੇ ਕਿਹਾ ਕਿ ਪੀੜਤ ਪਰਿਵਾਰ ਦੀ ਵੀ ਇਹੀ ਮੰਗ ਹੈ ਕਿ ਉਨ੍ਹਾਂ ਨੂੰ ਬਣਦਾ ਸਨਮਾਨ ਦਿੱਤਾ ਜਾਵੇ ਅਤੇ ਉਕਤ ਮਾਮਲੇ ਵਿੱਚ ਸ਼ਾਮਲ ਅਧਿਕਾਰੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਭੁਪਿੰਦਰ ਹੁੱਡਾ, ਕੁਮਾਰੀ ਸ਼ੈਲਜਾ ਤੇ ਹਰਿਆਣਾ ਕਾਂਗਰਸ ਨਾਲ ਸਬੰਧਤ ਹੋਰ ਆਗੂ ਵੀ ਮੌਜੂਦ ਸਨ। ਆਈਪੀਐੱਸ ਅਧਿਕਾਰੀ ਵਾਈ.ਪੂਰਨ ਕੁਮਾਰ ਨੇ ਪਿਛਲੇ ਹਫ਼ਤੇ ਆਪਣੀ ਚੰਡੀਗੜ੍ਹ ਸਥਿਤ ਰਿਹਾਇਸ਼ ’ਤੇ ਖ਼ੁਦਕੁਸ਼ੀ ਕਰ ਲਈ ਸੀ।

ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਅਮਨੀਤ ਪੀ.ਕੁਮਾਰ ਨਾਲ ਗੱਲ ਕੀਤੀ ਤਾਂ ਮਹਿਸੂਸ ਕੀਤਾ ਕਿ ਪਰਿਵਾਰ ਕਿਸ ਦਰਦ ’ਚੋਂ ਲੰਘ ਰਿਹਾ ਹੈ। ਉਨ੍ਹਾ ਕਿਹਾ, “ਇਕ ਭੈਣ ਨੇ ਆਪਣੇ ਪਤੀ ਨੂੰ ਤੇ ਦੋ ਧੀਆਂ ਨੇ ਆਪਣੇ ਪਿਤਾ ਨੂੰ ਗੁਆਇਆ ਹੈ।” ਰਾਹੁਲ ਗਾਂਧੀ ਨੇ ਕਿਹਾ, ÷ਇਹ ਸਿਰਫ਼ ਖ਼ੁਦਕੁਸ਼ੀ ਨਹੀਂ ਹੈ, ਇਹ ਇੱਕ ਅਸੰਵੇਦਨਸ਼ੀਲ ਪ੍ਰਣਾਲੀ ਅਤੇ ਜਾਤੀ ਭੇਦਭਾਵ ਦੀ ਅਸਫਲਤਾ ਦਾ ਸਿੱਟਾ ਹੈ। ਇੱਕ ਇਮਾਨਦਾਰ ਅਧਿਕਾਰੀ, ਜਿਸ ਨੇ ਸਾਰੀ ਉਮਰ ਕਾਨੂੰਨ ਅਤੇ ਨਿਆਂ ਲਈ ਕੰਮ ਕੀਤਾ, ਉਸੇ ਪ੍ਰਣਾਲੀ ਦੁਆਰਾ ਟੁੱਟ ਗਿਆ।÷ ਉਨ੍ਹਾਂ ਕਿਹਾ ਕਿ ਕਾਂਗਰਸ ਇਸ ਲੜਾਈ ਨੂੰ ਰਾਸ਼ਟਰੀ ਪੱਧਰ ’ਤੇ ਲੈ ਜਾਵੇਗੀ ਤਾਂ ਜੋ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ।

**ਦਲਿਤ ਭਾਈਚਾਰੇ ਨੂੰ ਗਲਤ ਸੁਨੇਹਾ**

ਰਾਹੁਲ ਗਾਂਧੀ ਨੇ ਕਿਹਾ ਕਿ ਇਸ ਘਟਨਾ ਨੇ ਦੇਸ਼ ਭਰ ਦੇ ਦਲਿਤਾਂ ਨੂੰ ਬਹੁਤ ਗਲਤ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ, ÷ਇਸ ਨਾਲ ਦਲਿਤ ਭਾਈਚਾਰੇ ਦੇ ਹਰ ਮੈਂਬਰ ਨੂੰ ਦੁੱਖ ਹੋ ਰਿਹਾ ਹੈ। ਇਸ ਘਟਨਾ ਨਾਲ ਇਹ ਸੁਨੇਹਾ ਗਿਆ ਹੈ ਕਿ ਭਾਵੇਂ ਉਹ ਕਿੰਨੇ ਵੀ ਸਮਰੱਥ, ਬੁੱਧੀਮਾਨ ਜਾਂ ਮਿਹਨਤੀ ਕਿਉਂ ਨਾ ਹੋਣ, ਜੇਕਰ ਉਹ ਦਲਿਤ ਹਨ, ਤਾਂ ਉਨ੍ਹਾਂ ਨੂੰ ਦਬਾਇਆ ਅਤੇ ਕੁਚਲਿਆ ਜਾ ਸਕਦਾ ਹੈ। ਇਹ ਕਿਸੇ ਵੀ ਹਾਲਾਤ ਵਿੱਚ ਸਵੀਕਾਰਯੋਗ ਨਹੀਂ ਹੈ।÷ ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾ ਸਿਰਫ਼ ਇੱਕ ਅਧਿਕਾਰੀ ਦੀ ਜਾਨ ਲੈਂਦੀਆਂ ਹਨ ਸਗੋਂ ਸਮਾਜ ਦੇ ਇੱਕ ਵੱਡੇ ਵਰਗ ਦੇ ਵਿਸ਼ਵਾਸ ਨੂੰ ਵੀ ਤੋੜਦੀਆਂ ਹਨ। ਇਸ ਤੋਂ ਪਹਿਲਾਂ ਕਾਂਗਰਸੀ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਹਵਾਈ ਅੱਡੇ ’ਤੇ ਰਾਹੁਲ ਗਾਂਧੀ ਦਾ ਸਵਾਗਤ ਕੀਤਾ। ਇਸ ਮੌਕੇ ਹੋਰ ਕਈ ਕਾਂਗਰਸੀ ਆਗੂ ਵੀ ਮੌਜੂਦ ਸਨ।ਰਾਹੁਲ ਗਾਂਧੀ ਦੀ ਚੰਡੀਗੜ੍ਹ ਆਮਦ ਨੂੰ ਲੈ ਕੇ ਸਥਾਨਕ ਪੁਲੀਸ ਵੱਲੋਂ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ

# ਨਵਨੀਤ ਚਤੁਰਵੇਦੀ ਦੇ ਕਾਗਜ਼ ਰੱਦ, ਰਜਿੰਦਰ ਗੁਪਤਾ ਨੂੰ ਹਰੀ ਝੰਡੀ; ਰੋਪੜ ਪੁਲਿਸ ਜਾਅਲੀ ਦਸਤਖ਼ਤ ਮਾਮਲੇ ’ਚ ਗ੍ਰਿਫ਼ਤਾਰੀ ਲਈ ਚੰਡੀਗੜ੍ਹ ਪਹੁੰਚੀ



ਚੰਡੀਗੜ੍ਹ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਜ ਸਭਾ ਵਿਚ ਪੰਜਾਬ ਦੀ ਇਕ ਸੀਟ ਲਈ ਨਾਮਜ਼ਦਗੀ ਭਰਨ ਵਾਲੇ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਹਨ। ਚਤੁਰਵੇਦੀ ਨੇ ਕਿਹਾ ਕਿ ਉਹ ਇਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣਗੇ। ਇਸ ਤੋਂ ਇਲਾਵਾ ਦੋ ਹੋਰ ਆਜ਼ਾਦ ਉਮੀਦਵਾਰਾਂ ਦੇ ਕਾਗਜ਼ ਵੀ ਰੱਦ ਹੋਏ ਹਨ। ਚਤੁਰਵੇਦੀ ਦੀ ਨਾਮਜ਼ਦਗੀ ਰੱਦ ਹੋਣ ਨਾਲ 24 ਅਕਤੂਬਰ ਨੂੰ ਹੋਣ ਵਾਲੀ ਚੋਣ ਲਈ ਹੁਣ ਮੈਦਾਨ ਵਿਚ ‘ਆਪ’ ਦੇ ਅਧਿਕਾਰਤ ਉਮੀਦਵਾਰ ਰਾਜਿੰਦਰ ਗੁਪਤਾ ਤੇ ਉਨ੍ਹਾਂ ਦੀ ਪਤਨੀ ਮਧੂ ਹੀ ਰਹਿ ਗਏ ਹਨ। ਮਧੂ ਵੱਲੋਂ ਭਲਕੇ ਨਾਮਜ਼ਦਗੀ ਵਾਪਸ ਲਏ ਜਾਣ ਦੀ ਉਮੀਦ ਹੈ। ਕਿਉਂਕਿ 16 ਅਕਤੂਬਰ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਆਖ਼ਰੀ ਤਰੀਕ ਹੈ।

ਰਾਜ ਸਭਾ ਦੀ ਉਪ ਚੋਣ ਲਈ ਪੰਜਾਬ ਰਾਜ ਦੇ ਰਿਟਰਨਿੰਗ ਅਫ਼ਸਰ ਰਾਮ ਲੋਕ ਨੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੌਰਾਨ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦੇ ਕਾਗਜ਼ ਤਜਵੀਜ਼ ਕਰਨ ਵਾਲੇ ਵਿਧਾਇਕਾਂ ਦੇ ਦਸਤਖ਼ਤ ਗਲਤ ਹੋਣ ਕਾਰਨ ਰੱਦ ਕਰ ਦਿੱਤੇ ਹਨ। ਆਮ ਆਦਮੀ ਪਾਰਟੀ ਦੇ 10 ਵਿਧਾਇਕਾਂ ਨੇ ਰਿਟਰਨਿੰਗ ਅਫ਼ਸਰ ਨੂੰ ਲਿਖਤੀ ਸਟੇਟਮੈਂਟ ਦਿੱਤੀ ਕਿ ਉਨ੍ਹਾਂ ਵੱਲੋਂ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦਾ ਨਾਮ ਤਜਵੀਜ਼ ਨਹੀਂ ਕੀਤਾ ਹੈ। ਦੂਸਰੀ ਤਰਫ਼ ਵਿਧਾਇਕਾਂ ਨੇ ਰੋਪੜ, ਮੋਗਾ, ਲੁਧਿਆਣਾ ਅਤੇ ਸਰਦੂਲਗੜ੍ਹ ਚ ਨਵਨੀਤ ਚਤੁਰਵੇਦੀ ਖ਼ਿਲਾਫ਼ ਕੇਸ ਦਰਜ ਕਰਵਾਇਆ ਹੈ। ਇਨ੍ਹਾਂ ਵਿਧਾਇਕਾਂ ਨੇ ਪੰਜਾਬ ਦੇ ਡੀਜੀਪੀ ਨੂੰ ਇਸ ਸਬੰਧੀ ਲਿਖਤੀ ਸ਼ਿਕਾਇਤ ਵੀ ਦਿੱਤੀ ਸੀ।

ਕਾਬਿਲੇਗੌਰ ਹੈ ਕਿ ਜੈਪੁਰ ਦਾ ਵਸਨੀਕ ਨਵਨੀਤ ਚਤੁਰਵੇਦੀ, ਜੋ ਖ਼ੁਦ ਨੂੰ ਜਨਤਾ ਪਾਰਟੀ ਦਾ ਪ੍ਰਧਾਨ ਦੱਸਦਾ ਹੈ, ਨੂੰ ਚੰਡੀਗੜ੍ਹ ਪੁਲੀਸ ਵੱਲੋਂ ਸੁਰੱਖਿਆ ਦਿੱਤੀ ਜਾ ਰਹੀ ਹੈ। ਰੋਪੜ ਪੁਲੀਸ ਫ਼ਰਜ਼ੀ ਦਸਤਖ਼ਤ ਮਾਮਲੇ ਵਿਚ ਚਤੁਰਵੇਦੀ ਨੂੰ ਗ੍ਰਿਫ਼ਤਾਰ ਕਰਨ ਲਈ ਚੰਡੀਗੜ੍ਹ ਪਹੁੰਚੀ। ਹਾਲਾਂਕਿ ਚੰਡੀਗੜ੍ਹ ਪੁਲੀਸ ਚਤੁਰਵੇਦੀ ਨੂੰ ਲੈ ਕੇ ਐਸਐੱਸਪੀ ਦਫ਼ਤਰ ਪਹੁੰਚ ਗਈ। ਰੋਪੜ ਪੁਲੀਸ ਵੱਲੋਂ ਹੁਣ ਐੱਸਐੱਸਪੀ ਦਫ਼ਤਰ ਦੇ ਬਾਹਰ ਚਤੁਰਵੇਦੀ ਦੀ ਉਡੀਕ ਕੀਤੀ ਜਾ ਰਹੀ ਹੈ।

# SC ਨੇ ਸਹਾਰਾ ਕੰਪਨੀ ਦੀਆਂ ਜਾਇਦਾਦਾਂ ਅਡਾਨੀ ਗਰੁੱਪ ਨੂੰ ਵੇਚਣ ’ਤੇ ਕੇਂਦਰ ਅਤੇ SEBI ਤੋਂ ਮੰਗਿਆ ਜਵਾਬ



ਨਵੀਂ ਦਿੱਲੀ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸਹਾਰਾ ਇੰਡੀਆ ਕਮਰਸ਼ੀਅਲ ਕਾਰਪੋਰੇਸ਼ਨ ਲਿਮਟਿਡ ਦੀ ਉਸ ਪਟੀਸ਼ਨ ’ਤੇ ਕੇਂਦਰ, ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (SEBI) ਅਤੇ ਹੋਰ ਹਿੱਸੇਦਾਰਾਂ ਤੋਂ ਜਵਾਬ ਮੰਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੀਆਂ 88 ਪ੍ਰਮੁੱਖ ਜਾਇਦਾਦਾਂ ਅਡਾਨੀ ਪ੍ਰਾਪਰਟੀਜ਼ ਪ੍ਰਾਈਵੇਟ ਲਿਮਟਿਡ ਨੂੰ ਵੇਚਣ ਦੀ ਇਜਾਜ਼ਤ ਮੰਗੀ ਹੈ।

ਚੀਫ਼ ਜਸਟਿਸ ਬੀ.ਆਰ. ਗਵਈ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਐਮ.ਐਮ. ਸੁੰਦਰੇਸ਼ ਦੀ ਇੱਕ ਵਿਸ਼ੇਸ਼ ਬੈਂਚ ਨੇ ਸਹਾਰਾ ਗਰੁੱਪ ਦੀਆਂ ਅਦਾਇਗੀ ਦੀਆਂ ਜ਼ਿੰਮੇਵਾਰੀਆਂ ਨਾਲ ਸਬੰਧਤ ਲੰਬੇ ਸਮੇਂ ਤੋਂ ਲੰਬਿਤ ਮਾਮਲਿਆਂ ਵਿੱਚ ਸਹਾਰਾ ਇੰਡੀਆ ਕਮਰਸ਼ੀਅਲ ਕਾਰਪੋਰੇਸ਼ਨ ਲਿਮਟਿਡ (ਐਸ.ਆਈ.ਸੀ.ਸੀ.ਐਲ.) ਦੀ ਅੰਤਰਿਮ ਅਰਜ਼ੀ (ਆਈ.ਏ.) ਦੀ ਸੁਣਵਾਈ ਕੀਤੀ।

ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ’ਤੇ ਵਿਚਾਰ ਕਰਦੇ ਹੋਏ, ਬੈਂਚ ਨੇ ਕੇਂਦਰੀ ਵਿੱਤ ਅਤੇ ਸਹਿਕਾਰਤਾ ਮੰਤਰਾਲਿਆਂ ਨੂੰ ਮੌਜੂਦਾ ਕਾਰਵਾਈ ਵਿੱਚ ਧਿਰ ਬਣਾਉਣ ਦਾ ਹੁਕਮ ਦਿੱਤਾ ਅਤੇ 17 ਨਵੰਬਰ ਤੱਕ ਪਟੀਸ਼ਨ ’ਤੇ ਉਨ੍ਹਾਂ ਤੋਂ ਜਵਾਬ ਮੰਗਿਆ।

ਬੈਂਚ ਨੇ ਸੀਨੀਅਰ ਵਕੀਲ ਸ਼ੇਖਰ ਨਾਫਾੜੇ ਨੂੰ ਸਹਾਰਾ ਫਰਮ ਦੁਆਰਾ ਅਡਾਨੀ ਸਮੂਹ ਦੀ ਕੰਪਨੀ ਨੂੰ ਵੇਚਣ ਲਈ ਪ੍ਰਸਤਾਵਿਤ 88 ਜਾਇਦਾਦਾਂ ਦੀ ਸੂਚੀ ਤਿਆਰ ਕਰਨ ਲਈ ਕਿਹਾ।

ਬੈਂਚ ਨੇ ਸਹਾਰਾ ਸਮੂਹ ਨੂੰ ਉਨ੍ਹਾਂ ਕਰਮਚਾਰੀਆਂ ਦੇ ਦਾਅਵਿਆਂ ਦੀ ਜਾਂਚ ਕਰਨ ਦਾ ਵੀ ਨਿਰਦੇਸ਼ ਦਿੱਤਾ, ਜਿਨ੍ਹਾਂ ਨੂੰ ਕਈ ਸਾਲਾਂ ਤੋਂ ਤਨਖਾਹਾਂ ਨਹੀਂ ਮਿਲੀਆਂ ਹਨ।

ਬੈਂਚ ਨੇ ਸਹਾਰਾ ਕੰਪਨੀ ਦੀ ਪਟੀਸ਼ਨ ’ਤੇ ਸੁਣਵਾਈ ਲਈ 17 ਨਵੰਬਰ ਦੀ ਤਰੀਕ ਤੈਅ ਕੀਤੀ।

# ਡਾ. ਪੀ.ਕੇ. ਮਿਸ਼ਰਾ ਨੇ ਜੀ-20 ਆਫ਼ਤ ਜ਼ੋਖਮ ਘਟਾਉਣ ਕਾਰਜ ਸਮੂਹ ਨੇ ਕੇਪਟਾਊਨ ਵਿੱਚ ਮੰਤਰੀ ਪੱਧਰੀ ਐਲਾਨ ਨੂੰ ਅਪਣਾਇਆ



ਨਵੀਂ ਦਿੱਲੀ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਡਾ.ਪੀ.ਕੇ. ਮਿਸ਼ਰਾ ਨੇ ਦੱਖਣ ਅਫ਼ਰੀਕਾ ਦੀ ਪ੍ਰਧਾਨਗੀ ਵਿੱਚ ਆਯੋਜਿਤ ਜੀ-20 ਆਫ਼ਤ ਜ਼ੋਖਮ ਘਟਾਉਣ (ਡੀਆਰਆਰ) ਮੰਤਰੀ ਪੱਧਰੀ ਮੀਟਿੰਗ ਵਿੱਚ ਭਾਰਤੀ ਵਫ਼ਦ ਦੀ ਅਗਵਾਈ ਕੀਤੀ। ਇਸ ਮੀਟਿੰਗ ਵਿੱਚ ਮੰਤਰੀਆਂ ਨੇ 13 ਅਕਤੂਬਰ ਨੂੰ ਅੰਤਰਰਾਸ਼ਟਰੀ ਆਫ਼ਤ ਜ਼ੋਖਮ ਘਟਾਉਣ ਦਿਵਸ ਦੇ ਮੌਕੇ ‘ਤੇ ਸਾਰਿਆਂ ਲਈ ਅਨੁਕੂਲਤਾ: ਇਕਜੁੱਟਤਾ, ਸਮਾਨਤਾ ਅਤੇ ਸਥਿਰਤਾ ਰਾਹੀਂ ਆਫ਼ਤ ਜ਼ੋਖਮ ਘਟਾਉਣ ਨੂੰ ਮਜ਼ਬੂਤ ਬਣਾਉਣ ਦੇ ਐਲਾਨ ਨੂੰ ਅਪਣਾਇਆ।

ਇਸ ਮੌਕੇ ‘ਤੇ ਆਪਣੇ ਸੰਬੋਧਨ ਵਿੱਚ, ਡਾ. ਮਿਸ਼ਰਾ ਨੇ ਭਾਰਤ ਦੇ ਇਸ ਵਿਸ਼ਵਾਸ ‘ਤੇ ਜ਼ੋਰ ਦਿੱਤਾ ਕਿ ਆਫ਼ਤ ਜ਼ੋਖਮ ਘਟਾਉਣ ਦੀ ਕੋਈ ਲਾਗਤ ਨਹੀਂ ਹੈ ਸਗੋਂ ਇਹ ਸਾਡੇ ਸਾਂਝੇ ਭਵਿੱਖ ਵਿੱਚ ਇੱਕ ਸਮੂਹਿਕ ਨਿਵੇਸ਼ ਹੈ। ਉਨ੍ਹਾਂ ਨੇ ਜੀ-20 ਡੀਆਰਆਰ ਕਾਰਜ ਸਮੂਹ (2023) ਦੇ ਗਠਨ ਵਿੱਚ ਭਾਰਤ ਦੀ ਮੋਹਰੀ ਭੂਮਿਕਾ ਅਤੇ ਬਹੁ-ਖਤਰੇ ਦੀ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਨੂੰ ਅੱਗੇ ਵਧਾਉਣ, ਭਵਿੱਖਬਾਣੀ ਕਾਰਵਾਈ ਲਈ ਭਵਿੱਖਬਾਣੀ ਵਿੱਤਪੋਸ਼ਣ ਦਾ ਲਾਭ ਉਠਾਉਣ ਅਤੇ ਅਨੁਕੂਲਤਾ ਲਈ ਜਨਤਕ-ਨਿਜੀ ਭਾਗੀਦਾਰੀ ਨੂੰ ਹੁਲਾਰਾ ਦੇਣ ਦੀ ਭਾਰਤ ਦੀ ਨਿਰੰਤਰ ਪ੍ਰਤੀਬੱਧਤਾ ‘ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਆਫ਼ਤ ਰੋਧੀ ਬੁਨਿਆਦੀ ਢਾਂਚੇ ਲਈ ਗਠਜੋੜ (ਸੀਡੀਆਰਆਈ) ਰਾਹੀਂ ਭਾਰਤ ਦੀ ਅਗਵਾਈ ਨੂੰ ਦੁਹਰਾਇਆ, ਜਿਸ ਨੇ 50 ਦੇਸ਼ਾਂ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਹੈ।

ਡਾ. ਮਿਸ਼ਰਾ ਨੇ ਆਫ਼ਤ ਜ਼ੋਖਮ ਘਟਾਉਣ ਦੇ ਏਜੰਡੇ ਦੇ ਤਹਿਤ ਸਾਂਝੇਦਾਰੀ ਦੀ ਭਾਵਨਾ ਨੂੰ ਹੁਲਾਰਾ ਦੇਣ ਅਤੇ ਅਫ਼ਰੀਕਾ ਦੇ ਦ੍ਰਿਸ਼ਟੀਕੋਣ ਨੂੰ ਵਿਆਪਕ ਬਣਾਉਣ ਲਈ ਦੱਖਣ ਅਫ਼ਰੀਕਾ ਦੀ ਪ੍ਰਧਾਨਗੀ ਦੀ ਸ਼ਲਾਘਾ ਕੀਤੀ। ਡੀਆਰਆਰ ਵਿੱਚ ਨਿਵੇਸ਼ ਲਈ ਸਵੈ-ਇੱਛਤ ਉੱਚ-ਪੱਧਰੀ ਸਿਧਾਂਤਾਂ ‘ਤੇ ਮੰਤਰੀ ਪੱਧਰੀ ਗੋਲਮੇਜ਼ ਸੰਮੇਲਨ ਦੌਰਾਨ, ਡਾ, ਮਿਸ਼ਰਾ ਨੇ ਜ਼ੋਖਮ ਸੂਚਨਾ, ਵਿੱਤਪੋਸ਼ਣ ਰਣਨੀਤੀ, ਇਨੋਵੇਸ਼ਨ ਅਤੇ ਸਥਾਨਕ ਪੱਧਰ ਦੇ ਨਿਵੇਸ਼ ‘ਤੇ ਅਧਾਰਿਤ ਭਾਰਤ ਦੇ ਏਕੀਕ੍ਰਿਤ ਦ੍ਰਿਸ਼ਟੀਕੋਣ ਦਾ ਵੀ ਜ਼ਿਕਰ ਕੀਤਾ। ਭਾਰਤ ਦੇ ਸ਼ਾਸਨ ਮਾਡਲ ਨੇ ਡੀਆਰਆਰ ਨੂੰ ਆਪਣੀ ਰਾਸ਼ਟਰੀ ਅਨੁਕੂਲਨ ਯੋਜਨਾ, ਖੇਤਰੀ ਨੀਤੀਆਂ ਅਤੇ ਵਿੱਤ ਪੋਸ਼ਣ ਸਾਧਨਾਂ ਵਿੱਚ ਸ਼ਾਮਲ ਕੀਤਾ ਹੈ, ਜਿਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਵਿਕਾਸ ਯੋਜਨਾ ਦੇ ਹਰੇਕ ਪੱਧਰ ਵਿੱਚ ਅਨੁਕੂਲਤਾ, ਸਮਾਵੇਸ਼ ਅਤੇ ਸਥਿਰਤਾ ਸ਼ਾਮਲ ਹੋਵੇ।

ਇਸ ਮੌਕੇ ‘ਤੇ, ਡਾ. ਮਿਸ਼ਰਾ ਨੇ ਦੱਖਣ ਅਫ਼ਰੀਕਾ ਦੇ ਸਹਿਕਾਰੀ ਸ਼ਾਸਨ ਅਤੇ ਰਵਾਇਤੀ ਮਾਮਲੇ ਮੰਤਰੀ ਸ਼੍ਰੀ ਵੇਲੇਨਕੋਸਿਨੀ ਹਲਾਬੀਸਾ, ਆਸਟ੍ਰੇਲੀਆ ਦੀ ਐਮਰਜੈਂਸੀ ਪ੍ਰਬੰਧਨ ਮੰਤਰੀ ਸੁਸ਼੍ਰੀ ਕ੍ਰਿਸਟੀ ਮੈਕਬੇਨ ਅਤੇ ਹੋਰ ਜੀ-20 ਮੈਂਬਰਾਂ ਅਤੇ ਅੰਤਰਰਾਸ਼ਟਰੀ ਸੰਗਠਨਾਂ ਦੇ ਵਫ਼ਦ ਪ੍ਰਮੁੱਖਾਂ ਦੇ ਨਾਲ ਦੁਵੱਲੀ ਮੀਟਿੰਗ ਕਰਦੇ ਹੋਏ ਆਫ਼ਤ ਅਨੁਕੂਲਨ ਦੀ ਦਿਸ਼ਾ ਵਿੱਚ ਸਹਿਯੋਗਾਤਮਕ ਯਤਨਾਂ ਨੂੰ ਮਜ਼ਬੂਤ ਕੀਤਾ। ਪ੍ਰੋਗਰਾਮ ਦੀ ਸਮਾਪਤੀ ਕਰਦੇ ਹੋਏ ਡਾ. ਮਿਸ਼ਰਾ ਨੇ ਘਰੇਲੂ ਪੱਧਰ ‘ਤੇ ਅਤੇ ਅੰਤਰਰਾਸ਼ਟਰੀ ਸਾਂਝੇਦਾਰੀਆਂ ਦੇ ਰਾਹੀਂ ਐਲਾਨ ਪੱਤਰਾਂ ਦੀ ਵਚਨਬੱਧਤਾਵਾਂ ਨੂੰ ਅੱਗੇ ਵਧਾਉਣ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਦੀ ਮੁੜ ਪੁਸ਼ਟੀ ਕੀਤੀ।

## ਤਉਹਾਰਾਂ ਦੌਰਾਨ ਚਾਂਦੀ ਨੇ ਰਿਕਾਰਡ ਤੋੜਿਆ

ਨਵੀਂ ਦਿੱਲੀ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਧਨਤੇਰਸ ਤੋਂ ਪਹਿਲਾਂ ਤੇ ਤਿਉਹਾਰਾਂ ਦੇ ਮੱਦੇਨਜ਼ਰ ਸੋਨੇ ਤੇ ਚਾਂਦੀ ਦੀਆਂ ਕੀਮਤਾਂ ਅਸਮਾਨ ’ਤੇ ਪੁੱਜ ਗਈਆਂ ਹਨ। ਇਸ ਦੌਰਾਨ ਪ੍ਰਚੂਨ ਵਿਕਰੇਤਾਵਾਂ ਅਤੇ ਸੁਨਿਆਰਿਆਂ ਵਲੋਂ ਭਾਰੀ ਖਰੀਦਦਾਰੀ ਕੀਤੀ ਗਈ ਜਿਸ ਕਾਰਨ ਕੌਮੀ ਰਾਜਧਾਨੀ ਵਿੱਚ ਅੱਜ ਸੋਨੇ ਦੀਆਂ ਕੀਮਤਾਂ 2,850 ਰੁਪਏ ਵਧ ਕੇ 1.3 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਪੱਧਰ ਨੂੰ ਪਾਰ ਕਰ ਗਈਆਂ। ਚਾਂਦੀ ਵੀ 6,000 ਰੁਪਏ ਵਧ ਕੇ 1,85,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਜੀਵਨ ਭਰ ਦੇ ਉੱਚ ਪੱਧਰ ’ਤੇ ਪਹੁੰਚ ਗਈ, ਜਿਸ ਵਿਚ ਲਗਾਤਾਰ ਪੰਜਵੇਂ ਦਿਨ ਵਾਧਾ ਹੋਇਆ ਹੈ। ਚਿੱਟੀ ਧਾਤ ਪਿਛਲੇ ਬਾਜ਼ਾਰ ਸੈਸ਼ਨ ਵਿੱਚ 1,79,000 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਅਨੁਸਾਰ 99.9 ਫੀਸਦੀ ਸ਼ੁੱਧਤਾ ਵਾਲੀ ਕੀਮਤੀ ਧਾਤ 2,850 ਰੁਪਏ ਵਧ ਕੇ 1,30,800 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਰਿਕਾਰਡ ਪੱਧਰ ’ਤੇ ਪਹੁੰਚ ਗਈ।

# ਸੋਨਮ ਵਾਂਗਚੁਕ ਨੂੰ ਇਕਾਂਤ ਕੈਦ ਵਿੱਚ ਨਹੀਂ ਰੱਖਿਆ ਗਿਆ: ਜੇਲ੍ਹ ਸੁਪਰਡੈਂਟ ਨੇ ਸੁਪਰੀਮ ਕੋਰਟ ’ਚ ਕੀਤੇ ਵੱਡੇ ਖੁਲਾਸੇ !



ਨਵੀਂ ਦਿੱਲੀ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੋਧਪੁਰ ਕੇਂਦਰੀ ਜੇਲ੍ਹ ਪ੍ਰਸ਼ਾਸਨ ਨੇ ਲੱਦਾਖ ਦੇ ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਦੇ ਮਾਮਲੇ ਸੰਬੰਧੀ ਸੁਪਰੀਮ ਕੋਰਟ ਵਿੱਚ ਇੱਕ ਹਲਫ਼ਨਾਮਾ ਦਾਇਰ ਕੀਤਾ ਹੈ, ਜਿਸਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਨਜ਼ਰਬੰਦ ਕੀਤਾ ਗਿਆ ਹੈ। ਕੇਂਦਰੀ ਜੇਲ੍ਹ ਦੇ ਸੁਪਰਡੈਂਟ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਰਾਸ਼ਟਰੀ ਸੁਰੱਖਿਆ ਐਕਟ ਅਧੀਨ ਨਜ਼ਰਬੰਦ ਵਾਤਾਵਰਣ ਕਾਰਕੁਨ ਸੋਨਮ ਵਾਂਗਚੁਕ ਨੂੰ ਇਕਾਂਤ ਕੈਦ ਵਿੱਚ ਨਹੀਂ ਰੱਖਿਆ ਗਿਆ ਹੈ ਅਤੇ ਉਹ ਨਜ਼ਰਬੰਦਾਂ ਨੂੰ ਉਪਲਬਧ ਸਾਰੇ ਅਧਿਕਾਰਾਂ ਦਾ ਹੱਕਦਾਰ ਹੈ, ਜਿਸ ਵਿੱਚ ਮੁਲਾਕਾਤੀਆਂ ਤੱਕ ਪਹੁੰਚ ਸ਼ਾਮਲ ਹੈ।

ਜੇਲ੍ਹ ਸੁਪਰਡੈਂਟ ਪ੍ਰਦੀਪ ਲੱਖਾਵਤ ਦੁਆਰਾ ਦਾਇਰ ਹਲਫ਼ਨਾਮੇ ਵਿੱਚ ਵਾਂਗਚੁਕ ਦੀ ਨਜ਼ਰਬੰਦੀ ਦੀਆਂ ਸਥਿਤੀਆਂ, ਸਿਹਤ, ਖੁਰਾਕ ਅਤੇ ਮੁਲਾਕਾਤ ਦਾ ਵੇਰਵਾ ਦਿੱਤਾ ਗਿਆ ਹੈ। ਸਿਖਰਲੀ ਅਦਾਲਤ ਦੇ ਸਾਹਮਣੇ ਦਾਇਰ ਕੀਤੇ ਗਏ ਹਲਫ਼ਨਾਮੇ ਵਿੱਚ, ਜੇਲ੍ਹ ਸੁਪਰਡੈਂਟ ਨੇ ਕਿਹਾ ਕਿ ਵਾਂਗਚੁਕ ਕਿਸੇ ਵੀ ਪੁਰਾਣੀ ਬਿਮਾਰੀ ਤੋਂ ਪੀੜਤ ਨਹੀਂ ਹੈ ਅਤੇ ਡਾਕਟਰੀ ਤੌਰ ’ਤੇ ਅਤੇ ਸਰੀਰਕ ਤੌਰ ’ਤੇ ਤੰਦਰੁਸਤ ਹੈ।

ਹਲਫ਼ਨਾਮੇ ਵਿੱਚ ਕਿਹਾ ਗਿਆ, ਵਾਂਗਚੁਕ ਨੂੰ ਜਨਰਲ ਵਾਰਡ ਵਿੱਚ ਇੱਕ ਸਟੈਂਡਰਡ ਬੈਰਕ ਵਿੱਚ ਨਜ਼ਰਬੰਦ ਕੀਤਾ ਗਿਆ ਸੀ, ਜਿਸਦੀ ਮਾਪ 20 ਫੁੱਟ ⊘ 20 ਫੁੱਟ ਸੀ, ਜਿੱਥੇ ਉਹ ਅੱਜ ਤੱਕ ਨਜ਼ਰਬੰਦ ਹੈ ਅਤੇ ਮੌਜੂਦਾ ਸਮੇਂ ਵਿੱਚ ਅਜਿਹੀ ਜੇਲ੍ਹ ਬੈਰਕ ਦਾ ਇਕੱਲਾ ਕੈਦੀ ਹੈ। ਨਜ਼ਰਬੰਦ ਇਕਾਂਤ ਕੈਦ ਵਿੱਚ ਨਹੀਂ ਹੈ ਕਿਉਂਕਿ ਉਹ ਨਜ਼ਰਬੰਦਾਂ ਨੂੰ ਉਪਲਬਧ ਸਾਰੇ ਅਧਿਕਾਰਾਂ ਦਾ ਹੱਕਦਾਰ ਹੈ।

## AI ਡਾਟਾ ਸੈਂਟਰ ਲਈ 15 ਬਿਲੀਅਨ ਡਾਲਰ ਦਾ ਨਿਵੇਸ਼ ਹੋਵੇਗਾ: ਗੂਗਲ

ਬੰਗਲੁਰੂ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੂਗਲ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਭਾਰਤ ਦੇ ਆਂਧਰਾ ਪ੍ਰਦੇਸ਼ ਵਿੱਚ ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ (19) ਹੱਬ ਲਈ ਡਾਟਾ ਸੈਂਟਰ ਸਮਰੱਥਾ ਸਥਾਪਤ ਕਰਨ ਲਈ ਅਗਲੇ ਪੰਜ ਸਾਲਾਂ ਵਿੱਚ 15 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗਾ, ਜੋ ਕਿ ਦੇਸ਼ ਵਿੱਚ ਇਸ ਦੇ ਸਭ ਤੋਂ ਵੱਡੇ ਨਿਵੇਸ਼ਾਂ ਵਿੱਚੋਂ ਇੱਕ ਹੈ। ਗੂਗਲ ਕਲਾਊਡ ਦੇ ਸੀਈਓ ਥਾਮਸ ਕੁਰਿਅਨ ਨੇ ਨਵੀਂ ਦਿੱਲੀ ਵਿੱਚ ਇੱਕ ਸਮਾਗਮ ਵਿੱਚ ਕਿਹਾ, ÷ਇਹ ਅਮਰੀਕਾ ਤੋਂ ਬਾਹਰ ਦੁਨੀਆ ਵਿੱਚ ਕਿਤੇ ਵੀ ਸਭ ਤੋਂ ਵੱਡਾ 19 ਹੱਬ ਹੈ ਜਿਸ ਵਿੱਚ ਅਸੀਂ ਨਿਵੇਸ਼ ਕਰਨ ਜਾ ਰਹੇ ਹਾਂ।

# ਡੀਜੀਪੀ ਸ਼ਤਰੂਜੀਤ ਕਪੂਰ ਨੂੰ ਛੁੱਟੀ ’ਤੇ ਭੇਜਿਆ, ਆਈਪੀਐੱਸ ਓਮ ਪ੍ਰਕਾਸ਼ ਸਿੰਘ ਨੂੰ ਪੁਲੀਸ ਮੁਖੀ ਦਾ ਵਾਧੂ ਚਾਰਜ ਸੌਂਪਿਆ



ਚੰਡੀਗੜ੍ਹ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਚ ਆਈਪੀਐੱਸ ਅਧਿਕਾਰੀ ਦੀ ਮੌਤ ਨੇ ਪ੍ਰਸ਼ਾਸਨਿਕ ਤਾਣੇ ਬਾਣੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਵਾਈ.ਪੂਰਨ ਸਿੰਘ ਖ਼ੁਦਕੁਸ਼ੀ ਜਾਂਚ ਦਾ ਮਾਮਲਾ ਹੁਣ ਸਿਸਟਮ ਬਨਾਮ ਸੰਵੇਦਨਾ, ਸੱਤਾ ਬਨਾਮ ਸੱਚਾਈ ਦੀ ਲੜਾਈ ਬਣ ਗਿਆ ਹੈ। ਸੋਮਵਾਰ ਦੇਰ ਰਾਤ ਸੂਬਾ ਸਰਕਾਰ ਨੇ ਵੱਡਾ ਕਦਮ ਚੁੱਕਦਿਆਂ ਡੀਜੀਪੀ ਸ਼ਤਰੂਜੀਤ ਕਪੂਰ ਨੂੰ ਛੁੱਟੀ ’ਤੇ ਭੇਜ ਦਿੱਤਾ। ਰੋਹਤਕ ਦੇ ਐੱਸਪੀ ਨਰੇਂਦਰ ਬਿਜਰਾਨੀਆ ਨੂੰ ਪਹਿਲਾਂ ਹੀ ਅਹੁਦੇ ਤੋਂ ਹਟਾਇਆ ਜਾ ਚੁੱਕਾ ਹੈ।

ਡੀਜੀਪੀ ਸ਼ਤਰੂਜੀਤ ਕਪੂਰ ਨੂੰ ਛੁੱਟੀ ’ਤੇ ਭੇਜਣ ਮਗਰੋਂ ਉਨ੍ਹਾਂ ਦੀ ਆਈਪੀਐੱਸ ਓਮ ਪ੍ਰਕਾਸ਼ ਸਿੰਘ ਨੂੰ ਡੀਜੀਪੀ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਸਿੰਘ 1992 ਦੇ ਆਈਪੀਐੱਸ ਇਸ ਦੇ ਨਾਲ ਹੀ ਸਾਲ 1992 ਬੈਚ ਦੇ ਆਈਪੀਐਸ ਅਧਿਕਾਰੀ ਓਮ ਪ੍ਰਕਾਸ਼ ਸਿੰਘ ਇਸ ਤੋਂ ਪਹਿਲਾਂ ਹਰਿਆਣਾ ਪੁਲੀਸ ਵਿੱਚ ਹਾਊਸਿੰਗ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਇਹ ਫੈਸਲਾ ਅਜਿਹੇ ਮੌਕੇ ਆਇਆ ਹੈ ਜਦੋਂ ਵਿਰੋਧੀ ਧਿਰ ਦੇ ਵੱਡੇ ਆਗੂ ਰਾਹੁਲ ਗਾਂਧੀ ਤੇ ਕੇਂਦਰੀ ਮੰਤਰੀ ਚਿਰਾਗ ਪਾਸਵਾਨ ਮੰਗਲਵਾਰ ਨੂੰ ਮ੍ਰਿਤ ਅਧਿਕਾਰੀ ਦੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਚੰਡੀਗੜ੍ਹ ਪਹੁੰਚੇ ਹਨ। ਆਈਪੀਐੱਸ ਅਧਿਕਾਰੀ ਵੱਲੋਂ ਖ਼ੁ ?ਦਕੁਸ਼ੀ ਦੀ ਘਟਨਾ ਨੂੰ ਇਕ ਹਫ਼ਤਾ ਹੋ ਗਿਆ ਹੈ, ਪਰ ਵਾਈ ਪੂਰਨ ਸਿੰਘ ਦੀ ਮ੍ਰਿਤਕ ਦੇਹ ਦਾ ਅਜੇ ਤੱਕ ਪੋਸਟਮਾਰਟਮ ਨਹੀਂ ਹੋਇਆ। ਪਰਿਵਾਰ ਦਾ ਸਪਸ਼ਟ ਕਹਿਣਾ ਹੈ ਕਿ ਉਹ ਮੁੱਖ ਦੋਸ਼ੀ ਅਧਿਕਾਰੀਆਂ ਦੀ ਮੁਅੱਤਲੀ ਤੇ ਗ੍ਰਿਫ਼ਤਾਰੀ ਤੱਕ ਅੰਤਿਮ ਸੰਸਕਾਰ ਨਹੀਂ ਕਰਨਗੇ।

# ਏਐੱਸਆਈ ਵੱਲੋਂ ਗੋਲੀ ਮਾਰ ਕੇ ਖ਼ੁਦਕੁਸ਼ੀ; ਅਧਿਕਾਰੀਆਂ ’ਤੇ ਭ੍ਰਿਸ਼ਟਾਚਾਰ ਅਤੇ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ



ਰੋਹਤਕ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਪੁਲਿਸ ਦੇ ਇੱਕ ਸਹਾਇਕ ਸਬ-ਇੰਸਪੈਕਟਰ (ਏਐੱਸ ਆਈ) ਦੀ ਲਾਸ਼ ਮੰਗਲਵਾਰ ਨੂੰ ਰੋਹਤਕ ਵਿੱਚ ਲਾਧੌਤ-ਧਮਾਰ ਰੋਡ ’ਤੇ ਸਥਿਤ ਉਸ ਦੀ ਰਿਹਾਇਸ਼ ਤੋਂ ਬਰਾਮਦ ਕੀਤੀ ਗਈ ਅਤੇ ਕਥਿਤ ਤੌਰ ’ਤੇ ਇਸ ਨੂੰ ਖ਼ੁਦਕੁਸ਼ੀ ਦਾ ਮਾਮਲਾ ਕਿਹਾ ਜਾ ਰਿਹਾ ਹੈ।ਏਐੱਸਆਈ ਸੰਦੀਪ ਕੁਮਾਰ ਰੋਹਤਕ ਵਿੱਚ ਤਾਇਨਾਤ ਸੀ ਅਤੇ ਉਸ ਨੇ ਕਥਿਤ ਤੌਰ ’ਤੇ ਆਪਣੇ ਆਪ ਨੂੰ ਰਿਵਾਲਵਰ ਨਾਲ ਗੋਲੀ ਮਾਰ ਲਈ। ਜਾਣਕਾਰੀ ਅਨੁਸਾਰ ਇੱਕ ਨੋਟ ਵੀ ਬਰਾਮਦ ਹੋਇਆ ਹੈ, ਹਾਲਾਂਕਿ ਪੁਲੀਸ ਨੇ ਅਜੇ ਇਸ ਦੇ ਵੇਰਵਿਆਂ ਦੀ ਪੁਸ਼ਟੀ ਨਹੀਂ ਕੀਤੀ ਹੈ।

ਇਸ ਘਟਨਾ ਤੋਂ ਬਾਅਦ ਸੰਦੀਪ ਦੀ ਇੱਕ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈ। ਵੀਡੀਓ ਵਿੱਚ ਉਹ ਹਰਿਆਣਾ ਦੇ ਡੀਜੀਪੀ ਸ਼ਤਰੂਜੀਤ ਸਿੰਘ ਕਪੂਰ ਅਤੇ ਰੋਹਤਕ ਦੇ ਸਾਬਕਾ ਐੱਸਪੀ ਨਰਿੰਦਰ ਬਿਜਾਰਨੀਆ ਦੀ ਤਾਰੀਫ਼ ਕਰਦੇ ਹੋਏ, ਉਨ੍ਹਾਂ ਨੂੰ ਇਮਾਨਦਾਰ ਅਧਿਕਾਰੀਆਂ ਵਜੋਂ ਦੱਸ ਰਿਹਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਹਰਿਆਣਾ ਦੇ ਆਈਪੀਐੱਸ ਅਧਿਕਾਰੀ ਵਾਈ ਪੂਰਨ ਕੁਮਾਰ ਨੇ ਚੰਡੀਗੜ੍ਹ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਉਨ੍ਹਾਂ ਨੇ ਡੀਜੀਪੀ ਅਤੇ ਐਸ ਪੀ ’ਤੇ ਜਾਤ ਆਧਾਰਤ ਪੱਖਪਾਤ ਅਤੇ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਸੀ।

## ਕੇਜਰੀਵਾਲ ਦੀ ਜ਼ਮਾਨਤ ਵਿਰੁੱਧ ਅਰਜ਼ੀ ’ਤੇ ਬਹਿਸ ਲਈ ਈਡੀ ਨੂੰ ‘ਆਖਰੀ ਮੌਕਾ’

ਨਵੀਂ ਦਿੱਲੀ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਹਾਈ ਕੋਰਟ ਨੇ 2021-22 ਦੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਤੀ ਗਈ ਜ਼ਮਾਨਤ ਨੂੰ ਚੁਣੌਤੀ ਦੇਣ ਵਾਲੀ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਅਰਜ਼ੀ ’ਤੇ ਬਹਿਸ ਕਰਨ ਲਈ ਏਜੰਸੀ ਨੂੰ ‘ਆਖ਼ਰੀ ਮੌਕਾ’ ਦੇ ਦਿੱਤਾ। ‘ਆਪ’ ਸੁਪਰੀਮੋ ਦੇ ਵਕੀਲ ਨੇ ਵਾਰ-ਵਾਰ ਸੁਣਵਾਈ ਮੁਲਤਵੀ ਕਰਨ ’ਤੇ ਇਤਰਾਜ਼ ਜਤਾਇਆ।

ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 10 ਨਵੰਬਰ ਲਈ ਸੂਚੀਬੱਧ ਕਰ ਦਿੱਤੀ ਹੈ, ਜਦੋਂ ਕਿ ਕੇਜਰੀਵਾਲ ਦੇ ਵਕੀਲ ਦੇ ਸਖ਼ਤ ਵਿਰੋਧ ਜਤਾਇਆ। ਵਕੀਲ ਨੇ ਕਿਹਾ ਕਿ ਇਹ ਏਜੰਸੀ ਵੱਲੋਂ ਬਿਨਾਂ ਕਿਸੇ ਨੌਵੀਂ ਵਾਰ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਹੈ। ਜਸਟਿਸ ਰਵਿੰਦਰ ਡੁਡੇਜਾ ਨੇ ਕਿਹਾ, “ਨਿਆਂ ਦੇ ਹਿੱਤ ਵਿੱਚ ਅਤੇ ਇਹ ਵਿਚਾਰ ਕਰਦੇ ਹੋਏ ਕਿ ਏਐਸਜੀ ਐਸ.ਵੀ. ਰਾਜੂ ਉਪਲਬਧ ਨਹੀਂ ਹਨ।

# ਮੰਤਰੀ ਸੰਜੀਵ ਅਰੋੜਾ ਦੀ ਤੁਰੰਤ ਕੋਸ਼ਿਸ਼ ਨਾਲ ਕੈਨੇਡਾ ਹਾਦਸੇ ਵਿੱਚ ਮਾਰੇ ਗਏ ਹਰਨੂਰ ਸਿੰਘ ਦੀ ਦੇਹ ਪਰਿਵਾਰ ਤੱਕ ਵਾਪਸ ਲਿਆਉਣ ਵਿੱਚ ਮਿਲੀ ਸਫਲਤਾ



ਲੁਧਿਆਣਾ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਨੇਡਾ ਵਿੱਚ ਹੋਏ ਸੜਕ ਹਾਦਸੇ ਵਿੱਚ ਮਾਰੇ ਗਏ 27 ਸਾਲਾ ਹਰਨੂਰ ਸਿੰਘ ਦੀ ਦੇਹ ਨੂੰ ਸਮੇਂ ਸਿਰ ਲੁਧਿਆਣਾ ਵਾਪਸ ਲਿਆਉਣ ਵਿੱਚ ਪੰਜਾਬ ਸਰਕਾਰ ਦੇ NRI ਮਾਮਲਿਆਂ ਦੇ ਕੈਬਿਨੇਟ ਮੰਤਰੀ ਸ. ਸੰਜੀਵ ਅਰੋੜਾ ਦੀ ਤੁਰੰਤ ਕਾਰਵਾਈ ਨਾਲ ਸਫਲਤਾ ਮਿਲੀ।

ਹਰਨੂਰ ਸਿੰਘ, ਪ੍ਰਸਿੱਧ ਉਦਯੋਗਪਤੀ ਸ. ਗੁਰਚਰਨ ਸਿੰਘ ਦੇ ਪੁੱਤਰ ਸਨ। ਪਰਿਵਾਰ ਵੱਲੋਂ ਵਰਲਡ MSME ਫੋਰਮ ਦੇ ਪ੍ਰਧਾਨ ਬਦਿਸ਼ ਜਿੰਦਲ ਅਤੇ 393” ਪ੍ਰਧਾਨ ਉਪਕਾਰ ਸਿੰਘ ਅਹੂਜਾ ਰਾਹੀਂ ਮੰਤਰੀ ਅਰੋੜਾ ਨਾਲ ਸੰਪਰਕ ਕੀਤਾ ਗਿਆ। ਮੰਤਰੀ ਅਰੋੜਾ ਨੇ ਵਿਦੇਸ਼ ਮੰਤਰਾਲੇ ਅਤੇ ਭਾਰਤੀ ਹਾਈ ਕਮਿਸ਼ਨ ਓਟਾਵਾ ਨਾਲ ਰਾਤੋਂ ਰਾਤ ਕੋਆਰਡੀਨੇਸ਼ਨ ਕਰਕੇ ਪ੍ਰਕਿਰਿਆ ਨੂੰ ਤੇਜ਼ ਕਰਵਾਇਆ।

ਉਨ੍ਹਾਂ ਦੀ ਕੋਸ਼ਿਸ਼ਾਂ ਨਾਲ ਭਾਰਤੀ ਦੂਤਾਵਾਸ ਨੇ ਕੈਨੇਡੀਆਈ ਅਧਿਕਾਰੀਆਂ ਨਾਲ ਮਿਲ ਕੇ ਫਾਸਟ ਟਰੈਕ ਰਾਹੀਂ ਮੌਤ ਪ੍ਰਮਾਣ ਪੱਤਰ ਅਤੇ ਕਲੀਅਰੈਂਸ ਜਾਰੀ ਕਰਵਾਈ, ਜਿਸ ਨਾਲ ਹਰਨੂਰ ਸਿੰਘ ਦੀ ਦੇਹ ਕੁਝ ਹੀ ਦਿਨਾਂ ਵਿੱਚ ਲੁਧਿਆਣਾ ਪਹੁੰਚ ਗਈ।

ਵਰਲਡ MSME ਫੋਰਮ ਦੇ ਪ੍ਰਧਾਨ ਬਦਿਸ਼ ਜਿੰਦਲ, ਫਾਸਟਨਰਜ਼ ਮੈਨੂਫੈਕਚਰਰਜ਼ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਨਰਿੰਦਰ ਭੰਮਰਾ ਅਤੇ ਲੁਧਿਆਣਾ ਵਾਇਰ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਮਿਗਲਾਨੀ ਨੇ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਮੰਤਰੀ ਅਰੋੜਾ ਦੀ ਤੁਰੰਤ ਅਤੇ ਜ਼ਿੰਮੇਵਾਰ ਕਾਰਵਾਈ ਲਈ ਧੰਨਵਾਦ ਕੀਤਾ।

ਇਹ ਘਟਨਾ ਸਾਬਤ ਕਰਦੀ ਹੈ ਕਿ ਆਦਰਨੀਯ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ NRIs ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਹਮੇਸ਼ਾ ਤਿਆਰ ਹੈ।

# ਟਾਟਾ ਮੋਟਰਜ਼ ਨੇ ਪੰਜਾਬ ਗ੍ਰਾਮੀਣ ਬੈਂਕ ਨਾਲ MoU ਸਾਈਨ ਕੀਤਾ

ਚੰਡੀਗੜ੍ਹ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੀ ਸਭ ਤੋਂ ਵੱਡੀ ਵਪਾਰਕ ਵਾਹਨ ਨਿਰਮਾਤਾ ਕੰਪਨੀ, ਟਾਟਾ ਮੋਟਰਜ਼ ਨੇ ਪੰਜਾਬ ਗ੍ਰਾਮੀਣ ਬੈਂਕ ਨਾਲ ਸਮਝੌਤਾ ਪੱਤਰ ($✪”) ’ਤੇ ਹਸਤਾਖਰ ਕਰਨ ਦਾ ਐਲਾਨ ਕੀਤਾ ਹੈ ਤਾਂ ਜੋ ਨਵੇਂ ਲਾਂਚ ਕੀਤੇ ਗਏ ਟਾਟਾ ਏਸ ਪ੍ਰੋ ਸਮੇਤ ਆਪਣੇ ਛੋਟੇ ਵਪਾਰਕ ਵਾਹਨਾਂ ਅਤੇ ਪਿਕ-ਅੱਪ (SCVPU) ਦੀ ਪੂਰੀ ਸ਼੍ਰੇਣੀ ਲਈ ਵਿੱਤ ਵਧਾਉਣ ਲਈ। ਇਹ ਸਮਝੌਤਾ ਗਾਹਕਾਂ ਲਈ ਘੱਟ ਵਿਆਜ ਦਰਾਂ, ਸਰਲ ਦਸਤਾਵੇਜ਼ੀਕਰਨ ਅਤੇ ਤੇਜ਼ ਕਰਜ਼ਾ ਵੰਡ ਦੀ ਪੇਸ਼ਕਸ਼ ਕਰਕੇ ਵਾਹਨ ਮਾਲਕੀ ਨੂੰ ਆਸਾਨ ਬਣਾ ਦੇਵੇਗਾ। ਪੰਜਾਬ ਗ੍ਰਾਮੀਣ ਬੈਂਕ ਦੀ ਵਿਆਪਕ ਪਹੁੰਚ ਦੇ ਨਾਲ, ਚਾਹਵਾਨ ਉੱਦਮੀ ਅਤੇ ਛੋਟੇ ਕਾਰੋਬਾਰੀ ਮਾਲਕ ਘੱਟ 5$9 ਤੱਕ ਪਹੁੰਚ ਕਰ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਅਤੇ ਵਧਾਉਣ ਵਿੱਚ ਮਦਦ ਮਿਲ ਸਕਦੀ ਹੈ। ਟਾਟਾ ਮੋਟਰਜ਼ ਦੇ ਛੋਟੇ ਵਪਾਰਕ ਵਾਹਨ ਅਤੇ ਪਿਕ-ਅੱਪ ਲੰਬੇ ਸਮੇਂ ਤੋਂ ਪੰਜਾਬ ਦੀ ਖੇਤੀ, ਵਪਾਰ ਅਤੇ ਮਾਰਕੀਟ ਸਪਲਾਈ ਚੇਨ ਦਾ ਸਮਰਥਨ ਕਰਦੇ ਰਹੇ ਹਨ, ਰਾਜ ਭਰ ਵਿੱਚ ਖੇਤੀਬਾੜੀ ਉਪਜ, ਡੇਅਰੀ, ਉਦਯੋਗਿਕ ਸਮਾਨ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਦੇ ਹਨ। SCVPU ਪੋਰਟਫੋਲੀਓ ਪੰਜਾਬ ਦੇ ਵਿਭਿੰਨ ਵਪਾਰਕ ਦ੍ਰਿਸ਼ ਦੇ ਅਨੁਕੂਲ ਹੈ, ਪਠਾਨਕੋਟ, ਗੁਰਦਾਸਪੁਰ ਅਤੇ ਪਟਿਆਲਾ ਵਰਗੇ ਉੱਚ-ਉਪਜ ਵਾਲੇ ਖੇਤੀਬਾੜੀ ਖੇਤਰਾਂ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਉਦਯੋਗਿਕ ਹੱਬਾਂ ਅਤੇ ਮੋਹਾਲੀ ਦੇ ਵਧ ਰਹੇ ਲੌਜਿਸਟਿਕਸ ਨੈਟਵਰਕ ਦੀ ਸੇਵਾ ਕਰਦਾ ਹੈ। ਕੰਪਨੀ ਦੇ ਉੱਨਤ ਕਾਰਗੋ ਹੱਲ ਗਾਹਕਾਂ ਨੂੰ ਉਨ੍ਹਾਂ ਦੇ ਕਾਰੋਬਾਰ ਲਈ ਢੁਕਵੇਂ ਕਈ ਬਾਲਣ ਵਿਕਲਪਾਂ ਅਤੇ ਸੰਰਚਨਾਵਾਂ ਵਿੱਚੋਂ ਚੁਣਨ ਦੀ ਲਚਕਤਾ ਪ੍ਰਦਾਨ ਕਰਦੇ ਹਨ।

ਇਸ ਸਾਂਝੇਦਾਰੀ ’ਤੇ ਟਿੱਪਣੀ ਕਰਦੇ ਹੋਏ, ਸ਼੍ਰੀ ਪਿਨਾਕੀ ਹਲਦਰ, ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ - ਐਸਸੀਵੀਪੀਯੂ, ਟਾਟਾ ਮੋਟਰਜ਼ ਕਮਰਸ਼ੀਅਲ ਵਹੀਕਲਜ਼, ਨੇ ਕਿਹਾ, ÷ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ, ਟਾਟਾ ਮੋਟਰਜ਼ ਦੇ ਛੋਟੇ ਵਪਾਰਕ ਵਾਹਨਾਂ ਨੇ ਦੇਸ਼ ਭਰ ਵਿੱਚ ਉੱਦਮਤਾ ਨੂੰ ਸਮਰੱਥ ਬਣਾਉਣ ਅਤੇ ਰੋਜ਼ੀ-ਰੋਟੀ ਦਾ ਸਮਰਥਨ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੰਜਾਬ ਗ੍ਰਾਮੀਣ ਬੈਂਕ ਨਾਲ ਸਾਡੀ ਸਾਂਝੇਦਾਰੀ ਇਸ ਯਾਤਰਾ ਵਿੱਚ ਇੱਕ ਅਰਥਪੂਰਨ ਕਦਮ ਹੈ - ਸਰਲ, ਕਿਫਾਇਤੀ ਵਿੱਤ ਦੁਆਰਾ ਸਾਡੇ ਭਰੋਸੇਯੋਗ ਉਤਪਾਦਾਂ ਦੀ ਮਾਲਕੀ ਨੂੰ ਵਧੇਰੇ ਪਹੁੰਚਯੋਗ ਬਣਾਉਣਾ। ਸਿਰਫ਼ Rs. 6,999 ਤੋਂ ਸ਼ੁਰੂ ਹੋਣ ਵਾਲੀਆਂ EMIs ਅਤੇ ਤੇਜ਼ ਲੋਨ ਟਰਨਅਰਾਉਂਡ ਦੇ ਨਾਲ, ਇਹ ਸਹਿਯੋਗ ਰਾਜ ਭਰ ਦੇ ਹੋਰ ਗਾਹਕਾਂ ਨੂੰ ਵਿਸ਼ਵਾਸ ਨਾਲ ਆਪਣੇ ਕਾਰੋਬਾਰ ਸ਼ੁਰੂ ਕਰਨ ਅਤੇ ਵਧਾਉਣ ਲਈ ਸਮਰੱਥ ਬਣਾਏਗਾ। ਪੰਜਾਬ ਗ੍ਰਾਮੀਣ ਬੈਂਕ ਦਾ ਡੂੰਘਾ ਸਥਾਨਕ ਸੰਪਰਕ ਅਤੇ ਵਿੱਤੀ ਮੁਹਾਰਤ ਉਨ੍ਹਾਂ ਨੂੰ ਰਾਜ ਭਰ ਦੇ ਚਾਹਵਾਨ ਉੱਦਮੀਆਂ ਤੱਕ ਪਹੁੰਚਣ ਵਿੱਚ ਸਾਡੀ ਮਦਦ ਕਰਨ ਲਈ ਇੱਕ ਆਦਰਸ਼ ਭਾਈਵਾਲ ਬਣਾਉਂਦੀ ਹੈ।÷ ਟਾਟਾ ਮੋਟਰਸ ਛੋਟੇ ਵਪਾਰਕ ਵਾਹਨਾਂ ਅਤੇ ਪਿਕ-ਅੱਪ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ, ਜੋ ਕਿ 750 ਕਿਲੋਗ੍ਰਾਮ ਤੋਂ ਲੈ ਕੇ 2-ਟਨ ਤੱਕ ਦੇ ਪੇਲੋਡ ਸਮਰੱਥਾ ਵਿੱਚ ਉਪਲਬਧ ਹਨ ਅਤੇ ਡੀਜ਼ਲ, ਪੈਟਰੋਲ, ਸੀਐਨਜੀ, ਬਾਈ-ਫਿਊਲ ਅਤੇ ਇਲੈਕਟ੍ਰਿਕ ਸਮੇਤ ਕਈ ਪਾਵਰਟ੍ਰੇਨਾਂ ਵਿੱਚ ਉਪਲਬਧ ਹਨ। ਪੋਰਟਫੋਲੀਓ ਵਿੱਚ ਟਾਟਾ ਏਸ ਸ਼ਾਮਲ ਹੈ, ਜੋ ਕਿ ਭਾਰਤ ਦਾ ਸਭ ਤੋਂ ਸਫਲ ਵਪਾਰਕ ਵਾਹਨ ਹੈ, ਜੋ 25 ਲੱਖ ਤੋਂ ਵੱਧ ਉੱਦਮੀਆਂ ਨੂੰ ਸਸ਼ਕਤ ਬਣਾਉਂਦਾ ਹੈ। ਇੰਟਰਾ ਪਿਕ-ਅੱਪ ਸੈਗਮੈਂਟ ਨੂੰ ਵਧੀ ਹੋਈ ਡਰਾਈਵੇਬਿਲਟੀ, ਉੱਚ ਪੇਲੋਡ ਸਮਰੱਥਾ ਨਾਲ ਮੁੜ ਪਰਿਭਾਸ਼ਿਤ ਕਰਦਾ ਹੈ ਜਦੋਂ ਕਿ ਮਜ਼ਬੂਤ Yodha ਸਭ ਤੋਂ ਔਖੇ ਖੇਤਰਾਂ ਲਈ ਬਣਾਇਆ ਗਿਆ ਹੈ, ਦੂਰ-ਦੁਰਾਡੇ ਖੇਤਰਾਂ ਵਿੱਚ ਵੀ ਨਿਰਵਿਘਨ ਕਾਰਗੋ ਆਵਾਜਾਈ ਨੂੰ ਯਕੀਨੀ ਬਣਾਉਂਦਾ ਹੈ। ਇਸ ਪੋਰਟਫੋਲੀਓ ਨੂੰ ਹੋਰ ਮਜ਼ਬੂਤ ਬਣਾਉਣਾ ਨਵਾਂ ਲਾਂਚ ਕੀਤਾ ਗਿਆ ਏਸ ਪ੍ਰੋ ਹੈ, ਜੋ ਕਿ ਵੱਖ-ਵੱਖ ਓਪਰੇਟਿੰਗ ਜ਼ਰੂਰਤਾਂ ਲਈ ਤਿਆਰ ਕੀਤਾ ਗਿਆ ਹੈ। ਇਕੱਠੇ ਮਿਲ ਕੇ, ਟਾਟਾ ਮੋਟਰਜ਼ ਦੀ SCVPU ਰੇਂਜ ਟਿਕਾਊਤਾ, ਭਰੋਸੇਯੋਗਤਾ ਅਤੇ ਮਜ਼ਬੂਤ ਮੁੱਲ ਪ੍ਰਦਾਨ ਕਰਦੀ ਹੈ, ਇੱਕ ਵਿਆਪਕ ਵਿਕਰੀ ਅਤੇ ਸੇਵਾ ਨੈੱਟਵਰਕ ਅਤੇ ਸਟਾਰ ਗੁਰੂ ਨੈੱਟਵਰਕ ਦੁਆਰਾ ਸਮਰਥਤ ਹੈ।

## ਭਾਰਤ ਤੋਂ ਅਮਰੀਕਾ ਲਈ ਡਾਕ ਸੇਵਾਵਾਂ ਅੱਜ ਤੋਂ ਮੁੜ ਸ਼ੁਰੂ ਹੋਣਗੀਆਂ

ਨਵੀਂ ਦਿੱਲੀ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਾਕ ਵਿਭਾਗ ਨੇ ਅੱਜ ਐਲਾਨ ਕੀਤਾ ਕਿ ਸੰਯੁਕਤ ਰਾਜ ਅਮਰੀਕਾ (ਯੂਐਸਏ) ਨੂੰ ਸਾਰੀਆਂ ਸ਼੍ਰੇਣੀਆਂ ਦੀਆਂ ਅੰਤਰਰਾਸ਼ਟਰੀ ਡਾਕ ਸੇਵਾਵਾਂ 15 ਅਕਤੂਬਰ ਤੋਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਇੰਡੀਆ ਪੋਸਟ ਨੇ ਇਸ ਅਗਸਤ ਤੋਂ ਅਮਰੀਕਾ ਲਈ ਸਾਰੀਆਂ ਡਾਕ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਸੀ ਕਿਉਂਕਿ ਨਵੇਂ ਅਮਰੀਕੀ ਨਿਯਮਾਂ ਕਾਰਨ ਵਿਦੇਸ਼ਾਂ ਵਿਚੋਂ ਜ਼ਿਆਦਾਤਰ ਆਉਣ ਵਾਲੇ ਸ਼ਿਪਮੈਂਟਾਂ ਲਈ ਡਿਊਟੀ ਫਰੀ ਵਰਗ ਤੋਂ ਦਿੱਤੀ ਛੋਟ ਖਤਮ ਕਰ ਦਿੱਤੀ ਸੀ ਜਿਨ੍ਹਾਂ ਵਿਚ ਚਿੱਠੀ ਪੱਤਰ ਆਦਿ ਸ਼ਾਮਲ ਸਨ। ਇਹ ਸੇਵਾਵਾਂ ਪ੍ਰਭਾਵਿਤ ਹੋਣ ਕਾਰਨ ਭਾਰਤੀ ਵਿਦਿਆਰਥੀ ਤੇ ਹੋਰ ਵਰਗਾਂ ਦੇ ਲੋਕ ਪ੍ਰਭਾਵਿਤ ਹੋਏ ਸਨ।

# ਹਰਚੰਦ ਸਿੰਘ ਬਰਸਟ ਨੇ ਦਾਣਾ ਮੰਡੀ, ਪਟਿਆਲਾ ਵਿੱਚ ਸੋਲਰ ਪਾਵਰ ਪਲਾਂਟ ਲਗਾਉਣ ਦਾ ਕੀਤਾ ਉਦਘਾਟਨ

ਪਟਿਆਲਾ, 15 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਦੀਆਂ ਵੱਖ-ਵੱਖ ਮੰਡੀਆਂ ਵਿੱਚ ਸੋਲਰ ਪਾਵਰ ਪਲਾਂਟ ਲਗਾਉਣ ਦੀ ਯੋਜਨਾ ਦੀ ਸ਼ੁਰੂਆਤ ਅੱਜ ਦਾਣਾ ਮੰਡੀ, ਪਟਿਆਲਾ ਤੋਂ ਕੀਤੀ ਗਈ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਅੱਜ ਦਾਣਾ ਮੰਡੀ, ਪਟਿਆਲਾ ਵਿਖੇ ਰੂਫ ਟੌਪ ਸੋਲਰ ਪਾਵਰ ਪਲਾਂਟ ਲਗਾਉਣ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸ. ਬਰਸਟ ਨੇ ਸਮੂਹ ਹਾਜ਼ਰੀਨ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਯੋਜਨਾ ਸੂਬੇ ਦੀਆਂ ਮੰਡੀਆਂ ਵਿੱਚ ਨਵੀਨਤਮ ਤਕਨੀਕ ਲਿਆਉਣ ਦੀ ਦਿਸ਼ਾ ਵਿੱਚ ਮੀਲ ਪੱਥਰ ਸਾਬਤ ਹੋਵੇਗੀ।

ਸ. ਬਰਸਟ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ, ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਅਤੇ ਮੰਡੀਆਂ ਵਿੱਚ ਆਉਣ ਵਾਲੇ ਹੋਰ ਲੋਕਾਂ ਨੂੰ ਸੁਚੱਜੀ ਸੇਵਾ ਮਿਲ ਸਕੇ ਅਤੇ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਨਾ ਆਉਣ। ਉਨ੍ਹਾਂ ਦੱਸਿਆ ਕਿ ਦਾਣਾ ਮੰਡੀ, ਪਟਿਆਲਾ ਵਿੱਚ 74 ਕਿਲੋਵਾਟ ਸਮਰਥਾ ਵਾਲਾ ਰੂਫ ਟੌਪ ਸੋਲਰ ਪਾਵਰ ਪਲਾਂਟ ਲਗਾਇਆ ਜਾ ਰਿਹਾ ਹੈ, ਜਿਸਦੇ ਤਹਿਤ ਮੰਡੀ ਵਿਖੇ 40 ਕਿਲੋਵਾਟ, ਮਾਰਕਿਟ ਕਮੇਟੀ ਦਫ਼ਤਰ ਵਿਖੇ 16 ਕਿਲੋਵਾਟ ਅਤੇ ਜਿਲ੍ਹਾਂ ਮੰਡੀ ਦਫ਼ਤਰ ਦੀ ਬਿਲਡਿੰਗ ਵਿਖੇ 18 ਕਿਲੋਵਾਟ ਦੇ ਸੋਲਰ ਪੈਨਲ ਲਗਾਏ ਜਾਣਗੇ, ਜਿਸ ਤੇ ਲਗਭਗ 74 ਲੱਖ ਰੁਪਏ ਦਾ ਖਰਚ ਆਵੇਗਾ। ਇਸੇ ਤਰ੍ਹਾਂ ਪਟਿਆਲਾ ਸਮੇਤ ਸੂਬੇ ਦੀਆਂ ਵੱਖ-ਵੱਖ ਮੰਡੀਆਂ ਵਿੱਚ ਵੀ ਸੋਲਰ ਪਾਵਰ ਪਲਾਂਟ ਲਗਾਇਆ ਜਾਵੇਗਾ। ਸੋਲਰ ਪਾਵਰ ਪਲਾਂਟ ਲਗਾਉਣ ਨਾਲ ਮੰਡੀਆਂ ਦੀ ਬਿਜਲੀ ਲਾਗਤ ਘਟੇਗੀ ਅਤੇ ਲੰਬੇ ਸਮੇਂ ਦੌਰਾਨ ਸਰਕਾਰੀ ਖਰਚ ਵਿੱਚ ਵੀ ਮਹੱਤਵਪੂਰਨ ਕਮੀ ਆਵੇਗੀ।

ਸਾਉਣੀ ਖਰੀਦ ਸੀਜਨ 2025-26 ਦੇ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸ. ਬਰਸਟ ਨੇ ਦੱਸਿਆ ਕਿ ਮੰਡੀਆਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਪਟਿਆਲਾ ਜਿਲ੍ਹੇ ਦੀਆਂ ਮੰਡੀਆਂ ਵਿੱਚ 13 ਅਕਤੂਬਰ ਤੱਕ 3,07,075 ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ ਹੈ, ਜਿਸ ਵਿੱਚੋਂ 2,98,165 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਖਰੀਦੀ ਗਈ ਫਸਲ ਵਿੱਚੋਂ 66 ਫੀਸਦੀ ਦੀ ਲਿਫਟਿੰਗ ਵੀ ਹੋ ਚੁੱਕੀ ਹੈ। ਬੀਤੇ ਸੋਮਵਾਰ ਨੂੰ ਪਟਿਆਲਾ ਦੀਆਂ ਮੰਡੀਆਂ ਵਿੱਚ 29,609 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਦਕਿ 29,573 ਮੀਟ੍ਰਿਕ ਟਨ ਦੀ ਖਰੀਦ ਕੀਤੀ ਗਈ ਹੈ।

ਇਸ ਮੌਕੇ ਡੀ.ਐਮ.ਓ ਅਸਲਮ ਮੁਹੰਮਦ, ਕਾਰਜਕਾਰੀ ਇੰਜੀਨਿਅਰ ਧਰਮਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਅੰਮ੍ਰਿਤਪਾਲ ਸਿੰਘ, ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਅਤੇ ਨਵੀਂ ਅਨਾਜ ਮੰਡੀ ਪਟਿਆਲਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੈਣੀ, ਐਸਡੀਓ ਖੁਸ਼ਪ੍ਰੀਤ ਸਿੰਘ, ਐਸਡੀਓ ਸਤਨਾਮ ਸਿੰਘ, ਸਕੱਤਰ ਮਾਰਕਿਟ ਕਮੇਟੀ ਅਸ਼ਵਨੀ ਮਹਿਤਾ, ਵਿਜੈ ਪਾਲ, ਸੌਰਬ ਬੱਤਾ, ਰੁਪਿੰਦਰ, ਨਰੇਸ਼ ਮਿੱਤਲ ਭੋਲਾ, ਖਰਦਮਣ ਰਾਏ ਗੁਪਤਾ, ਦਰਬਾਰਾ ਸਿੰਘ ਜਾਲਾ, ਹਰਦੇਵ ਸਿੰਘ, ਵਿਸ਼ਵ ਗੋਇਲ ਕਾਕੂ, ਕਰਮ ਚੰਦ ਬਾਂਸਲ ਆਦਿ ਹਾਜ਼ਰ ਸਨ।




# ਦਿਆਲਤਾ, ਪ੍ਰਸੰਨਤਾ ਤੇ ਕਰੂਰਤਾ



• ਰੋਜ਼ੀ ਸਿੰਘ
99889-64633

ਦੁਨੀਆ ਖ਼ੂਬਸੂਰਤ ਹੈ। ਕੁਦਰਤ ਨੇ ਪੂਰੀ ਕਾਇਨਾਤ ਨੂੰ ਦਿਲਕਸ਼ ਨਜ਼ਾਰਿਆਂ, ਹਰੇ ਭਰੇ ਜੰਗਲਾਂ, ਉੱਚੇ-ਵੱਡੇ ਪਹਾੜਾਂ, ਕਲ-ਕਲ ਕਰਦੇ ਝਰਨਿਆਂ, ਨਦੀਆਂ, ਦਰਿਆਵਾਂ, ਉਪਜਾਊ ਮੈਦਾਨਾਂ, ਹਜ਼ਾਰਾਂ ਕਿਸਮ ਦੇ ਫੁੱਲ ਬੂਟਿਆਂ, ਰੰਗ ਬੇਰੰਗੇ ਮੌਸਮਾਂ ਨਾਲ ਸਜਾਇਆ ਹੈ ਅਤੇ ਇਹ ਖ਼ੂਬਸੂਰਤ ਨਜ਼ਾਰੇ ਕਿਸੇ ਵੀ ਭੇਦ-ਭਾਵ, ਰੰਗ-ਨਸਲ, ਜਾਤ ਕੌਮ ਦੇ ਰੌਲੇ ਤੋਂ ਵਿਰਵੇ ਸਾਰੀ ਮਨੁੱਖਤਾ ਲਈ ਸਾਂਝੇ ਹਨ। ਦਿਨ ਅਤੇ ਰਾਤ ਦੀ ਖ਼ੂਬਸੂਰਤ ਵੰਡ ਨਾਲ ਦਿਨ ਦੀ ਸ਼ੁਰੂਆਤ ਅਤੇ ਅੰਤ ਹੁੰਦਾ ਹੈ। ਠੰਢੀ ਸਵੇਰ, ਤਿੱਖੜ ਦੁਪਹਿਰ ਅਤੇ ਸਾਂਵਲੀ ਸ਼ਾਮ ਜੀਵਨ ਫਲਸਫ਼ੇ ਨੂੰ ਦਰਸਾਉਂਦੇ ਤਿੰਨ ਪੜਾਅ ਹਨ। ਚੰਗੇ ਲੋਕ ਕੁਦਰਤ ਦੀਆਂ ਇਨ੍ਹਾਂ ਸਾਰੀਆਂ ਨਿਆਮਤਾਂ ਵਾਂਗ ਸਹਿਜਤਾ ਅਤੇ ਪ੍ਰੇਮ ਭਾਵਨਾ ਦੇ ਨਾਲ, ਬਿਨਾਂ ਕਿਸੇ ਕਾਹਲ, ਸਬਰ ਅਤੇ ਸੰਪੂਰਨਤਾ ਦੇ ਅਹਿਸਾਸ ਨਾਲ ਭਰੇ ਆਪਣੇ ਰਾਹਾਂ 'ਤੇ ਤੁਰੇ ਰਹਿੰਦੇ ਹਨ। ਚੰਗੇ ਵਿਅਕਤੀ ਕੋਲ ਚੰਗੇ ਲੋਕਾਂ ਦਾ ਆਉਣਾ ਜਾਣਾ ਲੱਗਾ ਹੀ ਰਹਿੰਦਾ ਹੈ। ਚੰਗਾ ਉਹ ਹੈ ਜੋ ਨਾ ਸਿਰਫ਼ ਚੰਗੇ ਕੰਮ ਕਰੇ ਸਗੋਂ ਚੰਗੇ ਸਮਾਜ ਦੀ ਕਲਪਨਾ ਦੇ ਦ੍ਰਿੜ ਸੰਕਲਪ ਦਾ ਧਾਰਨੀ ਹੋਵੇ। ਚੰਗਾ ਸਮਾਜ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇਕਰ ਇਸ ਦੀ ਸ਼ੁਰੂਆਤ ਆਪਣੇ ਘਰ ਤੋਂ ਕੀਤੀ ਜਾਵੇ।ਦਿਆਲੂ ਮਨੁੱਖ ਨਾ ਸਿਰਫ਼ ਖ਼ੁਦ ਚੰਗਾ ਹੁੰਦਾ ਹੈ ਸਗੋਂ ਦੂਜਿਆਂ ਲਈ ਚੰਗੇ ਬਣਨ ਲਈ ਪ੍ਰੇਰਨਾ ਸਰੋਤ ਬਣਦਾ ਹੈ। ਭੈੜੇ ਵਿਅਕਤੀ ਭੀੜ ਵਿੱਚੋਂ ਵੀ ਪਛਾਣੇ ਜਾਂਦੇ ਹਨ ਕਿਉਂ ਜੋ ਉਹ ਭੀੜ ਨੂੰ ਵੀ ਓਸੇ ਰਾਹ ਤੁਰਨ ਲਈ ਹੱਲਾਸ਼ੇਰੀ ਦਿੰਦੇ ਦਿਖਾਈ ਦਿੰਦੇ ਹਨ ਜਿਸ ਰਾਹ 'ਤੇ ਉਹ ਆਪ ਤੁਰ ਰਹੇ ਹੁੰਦੇ ਹਨ।

ਚੰਗਾ ਵਿਅਕਤੀ ਕਦੇ ਵੀ ਭੈੜੇ ਮਨੁੱਖ ਕੋਲ ਨਹੀਂ ਜਾਂਦਾ ਸਗੋਂ ਘਟੀਆ ਲੋਕ ਚੰਗਿਆਂ ਨੂੰ ਟਿਕਣ ਨਹੀਂ ਦਿੰਦੇ। ਮਨੁੱਖ ਕੋਲ ਸੋਚਣ ਸ਼ਕਤੀ ਹੋਣ ਦੇ ਬਾਵਜੂਦ ਉਹ ਦੂਜੇ ਮਨੁੱਖਾਂ ਨੂੰ ਕਿਵੇਂ ਮਾਰ ਸਕਦਾ ਹੈ। ਇਹ ਸੋਚ ਕੇ ਹੀ ਰੂਹ ਤਪਣ ਲੱਗ ਪੈਂਦੀ ਹੈ।

ਕਰੂਰਤਾ ਭੈੜੇ ਲੋਕਾਂ ਦਾ ਵੱਡਾ ਅਵਗੁਣ ਹੁੰਦਾ ਹੈ, ਨਿਮਰਤਾ ਅਤੇ ਦਿਆਲਤਾ ਨਾਲ ਅਜਿਹੇ ਲੋਕਾਂ ਦਾ ਕੋਈ ਦੂਰ ਦਾ ਵੀ ਸਬੰਧ ਨਹੀਂ ਹੁੰਦਾ। ਪਰਉਪਕਾਰ ਦੀ ਭਾਵਨਾ ਭੈੜੇ ਲੋਕਾਂ ਦੀ ਜ਼ਿੰਦਗੀ ਵਿੱਚੋਂ ਮਨਫ਼ੀ ਹੁੰਦੀ ਹੈ। ਉਹ ਹਰ ਸ਼ੈਅ ਖੋਹ ਲੈਣ ਦੀ ਭਾਵਨਾ ਨਾਲ ਭਰੇ ਹੁੰਦੇ ਹਨ। ਪਰਉਪਕਾਰੀ ਮਨੁੱਖ ਖ਼ੁਦ ਭੁੱਖਾ ਰਹਿ ਕੇ ਦੂਜਿਆਂ ਦਾ ਢਿੱਡ ਭਰਨ ਵਿਚ ਪ੍ਰਸੰਨਤਾ ਮਹਿਸੂਸ ਕਰਦਾ ਹੈ। ਪ੍ਰਸੰਨ ਵਿਅਕਤੀ ਹਯਾਤੀ ਦੀਆਂ ਸਾਰੀਆਂ ਉਲਝਣਾਂ ਤੋਂ ਨਿਰਲੇਪ ਹੁੰਦਾ ਹੈ। ਉਹ ਦੂਜਿਆਂ ਦੀ ਕਿਸੇ ਵੀ ਤਰ੍ਹਾਂ ਦੀ ਨਿੰਦਿਆ ਚੁਗਲੀ ਤੋਂ ਆਪਣੇ ਆਪ ਨੂੰ ਵੰਚਿਤ ਰੱਖਦਾ ਹੈ। 1988 ਵਿਚ ਆਏ ਹੜ੍ਹਾਂ ਦੌਰਾਨ ਜਦੋਂ ਲੋਕਾਂ ਦਾ ਸਭ ਕੁੱਝ ਡੁੱਬ/ਰੁੜ੍ਹ ਗਿਆ ਤਾਂ ਇੱਕ ਕਿਸਾਨ ਨੇ ਕਮਰੇ ਦੀ ਪਰਛੱਤੀ ਉਤੇ ਬੀਜਣ ਵਾਸਤੇ ਰੱਖਿਆ ਇਕ ਤੋੜਾ ਕਣਕ ਦਾ ਬੀਜ ਵੀ ਪਿੰਡ ਦੇ ਲੋਕਾਂ ਲਈ ਲਾਏ ਲੰਗਰ ਲਈ ਦੇ ਦਿੱਤਾ। ਜਦੋਂ ਉਹ ਪਾਣੀ ਵਿੱਚੋਂ ਲੰਘ ਕੇ ਸੁੱਕੀ ਬਚੀ ਕਣਕ ਦਾ ਤੋੜਾ ਮੋਢੇ 'ਤੇ ਚੱਕ ਲੰਗਰ ਵਾਸਤੇ ਲਿਆ ਰਿਹਾ ਸੀ ਤਾਂ ਉਸਦੀ ਇਸ ਨਿਰਸਵਾਰਥ ਦਿਆਲਤਾ ਲਈ ਸਾਰੇ ਪਿੰਡ ਵਾਸੀਆਂ ਨੇ ਉਸ ਦਾ ਧੰਨਵਾਦ ਕੀਤਾ।

ਪਰਉਪਕਾਰ ਦੇ ਰਸਤੇ 'ਤੇ ਚੱਲਦਿਆਂ ਮਨੁੱਖ ਨੂੰ ਇਸ ਗੱਲ ਦੀ ਭੋਰਾ ਵੀ ਚਿੰਤਾ ਨਹੀਂ ਹੋਣੀ ਚਾਹੀਦੀ ਕਿ ਕਿਸੇ ਦੂਜੇ ਵਿਅਕਤੀ ਦੀ ਉਸ ਬਾਰੇ ਕਿਸ ਕਿਸਮ ਦੀ ਰਾਏ ਹੈ, ਉਸ ਨੂੰ ਬਸ ਇੰਨਾ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਮੁਹੱਬਤ ਕਰਨ ਵਾਲੇ ਲੋਕਾਂ ਤੋਂ ਵੱਡਾ ਤੇ ਸਤਿਕਾਰਯੋਗ ਹੋਰ ਕੋਈ ਨਹੀਂ ਹੈ।

ਟਕਰਾਓ ਅਤੇ ਵੈਰ ਵਿਰੋਧ ਦਾ ਸਿਲਸਿਲਾ ਓਦੋਂ ਹੀ ਚੱਲਦਾ ਹੈ ਜਦੋਂ ਵਿਅਕਤੀ ਆਪਣੇ ਨਿਸ਼ਾਨੇ ਤੋਂ ਭਟਕ ਜਾਂਦਾ ਹੈ ਅਤੇ ਉਸ ਨੂੰ ਹੋਰ ਸਾਰੇ ਲੋਕ ਆਪਣੇ ਵਿਰੋਧ ਵਿਚ ਖੜ੍ਹੇ ਦਿਖਾਈ ਦੇਣ ਲੱਗ ਪੈਂਦੇ ਹਨ। ਅਜਿਹੇ ਵਿਚ ਉਹ ਨਿਮਰਤਾ, ਦਿਆਲਤਾ ਅਤੇ ਪਰਉਪਕਾਰ ਜਿਹੇ ਸਦਗੁਣ ਭੁੱਲ ਕੇ ਖ਼ੁਦ ਆਪ ਤਰਸ ਦਾ ਪਾਤਰ ਬਣ ਜਾਂਦਾ ਹੈ। ਭਟਕ ਜਾਣਾ ਕੋਈ ਵੱਡੀ ਗੱਲ ਨਹੀਂ ਭਟਕੇ ਰਹਿਣਾ ਮਾੜੀ ਗੱਲ ਹੈ। ਜਦੋਂ ਮਨੁੱਖ ਸੱਚਾਈ ਤੋਂ ਸੱਖਣਾ ਅਤੇ ਤਰਕ ਤੋਂ ਵਾਂਝਾ ਹੋ ਜਾਂਦਾ ਹੈ ਤਾਂ ਮਿਹਣਿਆਂ, ਉਲਾਮ੍ਹਿਆਂ ਅਤੇ ਗਾਲ਼ਾਂ ਵਰਗੇ ਹਥਿਆਰਾਂ 'ਤੇ ਉਤਰ ਆਉਂਦਾ ਹੈ। ਅਸੀਂ ਜੋ ਦੂਜਿਆਂ ਕੋਲੋਂ ਖੋਹ ਲੈਣਾ ਚਾਹੁੰਦੇ ਹਾਂ, ਕੁਝ ਲੋਕ ਓਹੀ ਕੁਝ ਸਾਡੇ ਕੋਲੋਂ ਖੋਹ ਲੈਣਾ ਚਾਹੁੰਦੇ ਹਨ। ਮਨੁੱਖ ਦੀ ਭੁੱਖ ਵੀ ਕਿੰਨੀ ਖ਼ਤਰਨਾਕ ਹੁੰਦੀ ਏ।

ਅਸਲ ਪ੍ਰਸੰਨਤਾ ਉਦੋਂ ਮਿਲਦੀ ਹੈ ਜਦੋਂ ਰੂਹ ਹਰ ਤਰ੍ਹਾਂ ਦੀ ਭੁੱਖ ਤੋਂ ਉੱਪਰ ਪਹੁੰਚ ਜਾਵੇ। ਜਦੋਂ ਮਨ ਦੀ ਪਿਆਸ ਮੁੱਕ ਜਾਵੇ, ਜਦੋਂ ਤੁਹਾਡੇ ਤਨ ਦਾ ਲਿਬਾਸ ਹੀ ਰੇਸ਼ਮ ਤੋਂ ਸੋਹਣਾ ਮਹਿਸੂਸ ਹੋਣ ਲੱਗੇ। ਭਾਵੁਕਤਾ, ਸੰਵੇਦਨਸ਼ੀਲਤਾ, ਪਰਉਪਕਾਰੀ ਵਿਅਕਤੀ ਦੇ ਅਜਿਹੇ ਗੁਣ ਹਨ ਜੋ ਉਸ ਦੇ ਰੋਮ-ਰੋਮ ਵਿਚ ਵਸੇ ਅਹਿਸਾਸ ਵਾਂਗ ਹੀ ਉਸ ਦੇ ਨਾਲ-ਨਾਲ ਚੱਲਦੇ ਰਹਿੰਦੇ ਹਨ। ਦਿਆਵਾਨ ਮਨੁੱਖ ਲੋਕਾਈ ਦੇ ਦੁੱਖਾਂ ਨੂੰ ਦੇਖ ਕੇ ਵੀ ਦੁਖੀ ਅਤੇ ਤਕਲੀਫਜ਼ਦਾ ਮਹਿਸੂਸ ਕਰਦਾ ਹੈ। ਉਸ ਦੀ ਇਹ ਵਿਆਕੁਲਤਾ ਉਸ ਨੂੰ ਦਿਆਲਤਾ ਅਤੇ ਉਦਾਰਤਾ ਵਰਗੇ ਸਦਗੁਣਾ ਵੱਲ ਲੈ ਜਾਂਦੀ ਹੈ। ਆਪਣਿਆਂ ਅਤੇ ਬੇਗਾਨਿਆਂ ਨਾਲ ਇਕੋ ਜਿਹਾ ਮੋਹ ਕਰਨ ਵਾਲਾ ਹੀ ਅਸਲ ਵਿਚ ਇਨਸਾਨੀਅਤ ਨੂੰ ਮੁਹੱਬਤ ਕਰਨ ਵਾਲਾ ਕਹਿਲਾਉਂਦਾ ਹੈ। ਇਸ ਮੋਹ-ਭਾਵਨਾ ਨਾਲ ਭਰਿਆ ਵਿਅਕਤੀ ਆਪਣੇ ਸੁਭਾਅ ਮੁਤਾਬਿਕ ਚੱਲਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦਾ ਹੈ।

## ਨਿਰਸੁਆਰਥ ਦਿਆਲਤਾ

16ਵੀਂ ਸਦੀ ਵਿੱਚ ਰੋਮਨ ਦੇ ਰਾਜਾ ਸਿਮੋਨ ਨੂੰ ਕੈਦ ਕਰ ਦਿੱਤਾ ਗਿਆ ਅਤੇ ਉਸ ਨੂੰ ਓਦੋਂ ਤਕ ਭੁੱਖੇ ਰੱਖਣ ਦੀ ਸਜ਼ਾ ਸੁਣਾਈ ਗਈ ਜਦੋਂ ਤਕ ਉਸ ਦੀ ਮੌਤ ਨਹੀਂ ਹੋ ਜਾਂਦੀ। ਕੈਦ ਦੌਰਾਨ ਭੁੱਖੇ ਪਿਆਸੇ ਸਿਮੋਨ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਉਸਦੀ ਧੀ ਪੈਰੋ ਨੇ ਜੇਲ੍ਹ ਅਧਿਕਾਰੀਆਂ ਨੂੰ ਬੇਨਤੀ ਕਰ ਕੇ ਆਪਣੇ ਪਿਤਾ ਨੂੰ ਰੋਜ਼ ਮਿਲਣ ਦੀ ਇਜਾਜ਼ਤ ਲੈ ਲਈ। ਪੈਰੋ ਤੋਂ ਆਪਣੇ ਪਿਤਾ ਦੀ ਹਾਲਤ ਵੇਖੀ ਨਾ ਜਾਂਦੀ ਤਾਂ ਉਸ ਨੇ ਆਪਣੇ ਪਿਤਾ ਦੀ ਜਾਨ ਬਚਾਉਣ ਲਈ ਉਸ ਨੂੰ ਆਪਣਾ ਦੁੱਧ ਪਿਆਉਣ ਦਾ ਫ਼ੈਸਲਾ ਕੀਤਾ। ਉਹ ਰੋਜ਼ ਜੇਲ੍ਹ ਵਿਚ ਖ਼ਾਲੀ ਹੱਥ ਆਉਂਦੀ ਅਤੇ ਆਪਣੇ ਪਿਤਾ ਨੂੰ ਆਪਣੀਆਂ ਛਾਤੀਆਂ 'ਚੋਂ ਦੁੱਧ ਪਿਆਉਂਦੀ। ਇਹ ਸਿਲਸਿਲਾ ਚਲਦਾ ਰਿਹਾ ਅਤੇ ਸਿਮੋਨ ਦੀ ਸਿਹਤ ਵਿਚ ਸੁਧਾਰ ਆਉਣ ਲੱਗਾ। ਇਸ ਕਾਰਵਾਈ ਦਾ ਜਦੋਂ ਜੇਲ੍ਹ ਅਧਿਕਾਰੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪੈਰੋ ਨੂੰ ਵੀ ਕੈਦ ਕਰ ਲਿਆ। ਜਦੋਂ ਉਨ੍ਹਾਂ ਨੂੰ ਹਾਕਮ ਅੱਗੇ ਪੇਸ਼ ਕੀਤਾ ਗਿਆ ਤਾਂ ਪੈਰੋ ਦੀ ਬੇਮਿਸਾਲ, ਨਿਰਸੁਆਰਥ ਦਿਆਲਤਾ ਨੇ ਹਾਕਮ ਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਦੋਹਾਂ ਪਿਓ-ਧੀ ਨੂੰ ਰਿਹਾਈ ਮਿਲ ਗਈ।

ਇਸ ਗਾਥਾ ਸਬੰਧੀ ਰੋਮ ਦੇ ਇਕ ਚਿੱਤਰਕਾਰ ਨੇ ਇਕ ਪੇਂਟਿੰਗ ਵੀ ਬਣਾਈ ਜਿਸ ਦਾ ਵਿਸ਼ਵ ਭਰ ਵਿਚ ਵਿਰੋਧ ਵੀ ਹੋਇਆ ਅਤੇ ਇਸ ਦੇ ਹੱਕ ਵਿਚ ਵੀ ਆਵਾਜ਼ਾਂ ਉੱਠੀਆਂ। ਪਰ ਜੋ ਵੀ ਸੀ ਇਕ ਧੀ ਨੇ ਇਸ ਤਰ੍ਹਾਂ ਦੀ ਬੇਮਿਸਾਲ ਕੁਰਬਾਨੀ ਨਾਲ ਆਪਣੇ ਪਿਆਰੇ ਪਿਤਾ ਦੀ ਜਾਨ ਬਚਾ ਲਈ। ਚੰਗੇ ਜਾਂ ਮਾੜੇ ਦਾ ਫ਼ੈਸਲਾ ਦੇਖਣ ਸੁਣਨ ਵਾਲੇ ਨੇ ਆਪਣੇ ਨਜ਼ਰੀਏ ਮੁਤਾਬਿਕ ਕਰਨਾ ਹੁੰਦਾ ਹੈ। ਸਮਾਜ ਸਾਨੂੰ ਓਹੀ ਕੁਝ ਵਾਪਸ ਦਿੰਦਾ ਹੈ ਜੋ ਕੁਝ ਅਸੀਂ ਸਮਾਜ ਨੂੰ ਦਿੰਦੇ ਹਾਂ। ਸਾਨੂੰ ਦਰਿਆ ਜਾਂ ਸਮੁੰਦਰ ਵਾਂਗ ਹੋਣ ਦੀ ਜ਼ਰੂਰਤ ਹੈ। ਦਰਿਆ ਜਾਂ ਸਮੁੰਦਰ ਹਰ ਉਸ ਸ਼ੈਅ ਨੂੰ ਬਾਹਰ ਵਗਾਹ ਮਾਰਦਾ ਹੈ ਜਿਹੜੀ ਸ਼ੈਅ ਉਸਦੇ ਅਨਕੂਲ ਨਾ ਹੋਵੇ।

## ਕਰੂਰਤਾ ਤਿਆਗਣ ਦੀ ਲੋੜ

ਜਿੰਨਾ ਚਿਰ ਤੁਹਾਨੂੰ ਆਪਣੀ ਕਾਬਲੀਅਤ ਅਤੇ ਸਮਰੱਥਾ 'ਤੇ ਭਰੋਸਾ ਨਹੀਂ, ਤੁਹਾਡਾ ਆਤਮ-ਵਿਸ਼ਵਾਸ ਸਥਿਰ ਨਹੀਂ ਰਹੇਗਾ। ਲੋੜ ਚੰਗੇ ਬਣਨ ਦੀ ਹੈ ਪਰ ਅਜੋਕੇ ਵੇਲੇ ਬਹੁਤੇ ਲੋਕ ਇਸ ਦੇ ਉਲਟ ਕਰੂਰਤਾ ਵਾਲੇ ਪਾਸੇ ਜ਼ਿਆਦਾ ਉਲਾਰ ਹਨ। ਨਿੱਕੀ ਮੋਟੀ ਗੱਲ ਤੋਂ ਤਲਵਾਰਾਂ ਬੰਦੂਕਾਂ ਨਿਕਲ ਜਾਂਦੀਆਂ ਹਨ। ਛੋਟੇ ਮੋਟੇ ਝਗੜੇ ਵੱਡੀਆਂ ਜੰਗਾਂ ਦੇ ਮੈਦਾਨ ਬਣ ਰਹੇ ਹਨ। ਥਾਂ-ਥਾਂ ਅੱਗਾਂ ਲੱਗ ਰਹੀਆਂ ਹਨ, ਇਨਾ ਅੱਗਾਂ ਦੇ ਸੇਕ ਵਿੱਚ ਸੈਂਕੜੇ ਬੇਦੋਸ਼ੇ ਝੁਲਸ ਰਹੇ ਹਨ। ਇਕ ਨਿੱਕੀ ਜਿਹੀ ਚੁਆਤੀ ਪਿੰਡਾਂ/ਸ਼ਹਿਰਾਂ ਨੂੰ ਰਾਖ ਵਿਚ ਤਬਦੀਲ ਕਰਨ ਵਿਚ ਸਮਰੱਥ ਹੋ ਜਾਂਦੀ ਹੈ।

ਡਾਕੇ ਲੁੱਟਾਂ ਖੋਹਾਂ, ਜਬਰ-ਜ਼ਿਨਾਹ, ਕਤਲੋ ਗਾਰਤ, ਅਗਵਾ, ਹੱਤਿਆਵਾਂ ਦੀਆਂ ਘਟਨਾਵਾਂ ਮਨੁੱਖ ਦੇ ਕਰੂਰ ਹੋਣ ਦੀ ਹੀ ਨਿਸ਼ਾਨਦੇਹੀ ਕਰਦੀਆਂ ਹਨ। ਇਸ ਦੇ ਬਾਵਜੂਦ ਕਿ ਹਰ ਧਰਮ ਦੇ ਤਕਰੀਬਨ 50 ਫ਼ੀਸਦੀ ਲੋਕਾਂ ਨੂੰ ਸ਼ੂਗਰ ਰੋਗ ਹੈ ਫਿਰ ਵੀ ਇਹ ਇਕ ਦੂਜੇ ਪ੍ਰਤੀ ਜ਼ਹਿਰ ਹੀ ਉਗਲਦੇ ਨੇ।

ਪਿਆਰ, ਮੁਹੱਬਤ, ਦਿਆ, ਸੰਵੇਦਨਾ, ਪਰਉਪਕਾਰ, ਤਰਸ ਆਦਿ ਸ਼ਬਦ ਮਨੁੱਖ ਦੇ ਸ਼ਬਦਕੋਸ਼ ਵਿੱਚੋਂ ਗਾਇਬ ਹੋ ਰਹੇ ਹਨ। ਜਾਇਦਾਦ ਅਤੇ ਦੌਲਤ ਲਈ ਭਰਾ-ਭਰਾ ਨੂੰ ਮਾਰ ਰਿਹਾ ਹੈ, ਪੁੱਤਰ ਪਿਤਾ ਦਾ ਕਾਤਲ ਬਣ ਰਿਹਾ ਹੈ। ਤਿਆਗ ਦੀ ਭਾਵਨਾ ਦਾ ਭੋਗ ਪੈ ਗਿਆ ਹੈ। ਇਤਬਾਰ, ਰਸੂਖ ਅਤੇ ਖਲੂਸ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਹੁਣ ਤਾਂ ਇਹੋ ਫ਼ੈਸਲਾ ਕਰਨ ਔਖਾ ਹੋ ਗਿਆ ਹੈ ਕਿ ਚੰਗਾ ਕੌਣ ਹੈ ਅਤੇ ਮਾੜਾ ਕੌਣ ਹੈ।ਬਹੁਤੀ ਵਾਰੀ ਦਾ ਮਨੁੱਖ ਦੀ ਦਸ਼ਾ ਇਹ ਹੁੰਦੀ ਹੈ ਕਿ ਲੁੱਟੇ ਤਾਂ ਜਾਣਾ ਹੀ ਹੈ ਚਲੋ ਥੋੜ੍ਹੇ ਘੱਟ ਮਾੜੇ ਵਿਅਕਤੀ ਹੱਥੋਂ ਹੀ ਲੁੱਟੇ ਜਾਈਏ। ਇਕ ਵਿਅਕਤੀ ਦੀ ਆਪਣੇ ਸਹੁਰਿਆਂ ਨਾਲ ਬਿਲਕੁੱਲ ਨਹੀਂ ਸੀ ਬਣਦੀ, ਕਿਉਂਕਿ ਉਸ ਵਿਅਕਤੀ ਵਿਚ ਇਕ ਵੀ ਅਜਿਹੀ ਆਦਤ ਨਹੀਂ ਸੀ ਜਿਹੜੀ ਚੰਗੀ ਹੋਵੇ ਅਤੇ ਸਹੁਰਿਆਂ ਨੂੰ ਪਸੰਦ ਹੋਵੇ। ਨਿਤ ਦਿਨ ਸਹੁਰੇ ਪਰਿਵਾਰ ਨਾਲ ਕਲੇਸ਼ ਪਿਆ ਰਹਿੰਦਾ।

ਕੁਝ ਸਾਲਾਂ ਬਾਅਦ ਉਸ ਦਾ ਸਹੁਰਾ ਪਰਿਵਾਰ ਉਸ ਦੀ ਬਹੁਤ ਖਾਤਰਦਾਰੀ ਅਤੇ ਇੱਜ਼ਤ ਕਰਨ ਲੱਗ ਪਿਆ। ਜਦੋਂ ਉਸ ਵਿਅਕਤੀ ਦੇ ਦੋਸਤਾਂ ਨੇ ਇਸ ਦਾ ਰਾਜ਼ ਜਾਣਨਾ ਚਾਹਿਆ ਤਾਂ ਉਸ ਨੇ ਕਿਹਾ ਕਿ ਇਸ ਦਾ ਕਾਰਨ ਸਹੁਰਿਆਂ ਦਾ ਦੂਜਾ ਜਵਾਈ ਹੈ। ਉਹ ਏਨਾ ਘਟੀਆ ਨਿਕਲਿਆ ਕਿ ਸਹੁਰੇ ਮਹਿਸੂਸ ਕਰਨ ਲੱਗ ਪਏ ਕੇ ਇਸ ਤੋਂ ਚੰਗਾ ਤਾਂ ਸਾਡਾ ਪਹਿਲਾ ਜਵਾਈ ਹੈ। ਇਸ ਤਰ੍ਹਾਂ ਮੇਰੀ ਤੇ ਉਨ੍ਹਾਂ ਦੀ ਬਣਨ ਲੱਗ ਪਈ। ਅਜਿਹਾ ਹਾਲ ਹੀ ਸਾਡੀਆਂ ਅਜੋਕੀਆਂ ਸਰਕਾਰਾਂ ਦਾ ਹੈ। ਲੋਕ ਬਸ ਲੁੱਟ ਦਾ ਸ਼ਿਕਾਰ ਹਨ ਸਿਰਫ਼ ਉਹ ਅਜਿਹੀ ਰਾਜਨੀਤਕ ਪਾਰਟੀ ਦੀ ਹੀ ਚੋਣ ਕਰਦੇ ਹਨ ਜਿਹੜਾ ਥੋੜ੍ਹਾ ਘੱਟ ਲੁੱਟ ਮਚਾਵੇ। •

### ਕੁਰਬਾਨੀ ਦੀ ਭਾਵਨਾ

ਅਸਲ ਤਿਆਗੀ, ਦਿਆਲੂ ਤੇ ਖ਼ੂਬਸੂਰਤ ਮਨੁੱਖ ਉਹ ਹੈ ਜਿਹੜਾ ਉਨ੍ਹਾਂ ਨੂੰ ਵੀ ਮਾਫ਼ ਕਰ ਦੇਵੇ ਜਿਹੜੇ ਮਾਫ਼ੀ ਦੇ ਕਾਬਲ ਵੀ ਨਾ ਹੋਣ। ਅਸੀਂ ਕਬਜ਼ੇ ਕਰਨ ਦੀ ਭਾਵਨਾ ਨਾਲ ਜੀਉਂਦੇ ਪਏ ਹਨ ਜਦੋਂ ਕਿ ਮਨੁੱਖਤਾ ਨੂੰ ਬਚਾਉਣ ਲਈ ਕੁਰਬਾਨੀ ਦੀ ਭਾਵਨਾ ਵਾਲਾ ਸੰਕਲਪ ਪੈਦਾ ਕਰਨ ਦੇ ਸਾਹਸੀ ਫ਼ੈਸਲੇ ਲੈਣ ਦੀ ਵਧੇਰੇ ਜ਼ਰੂਰਤ ਹੈ। ਇਹ ਵਕਤ ਦਾ ਤਕਾਜ਼ਾ ਹੀ ਹੁੰਦਾ ਹੈ ਕਿ ਮੋਢਿਆਂ 'ਤੇ ਖੂੰਡਾ ਚੁੱਕੀ ਫਿਰਦਾ ਬੰਦਾ ਇਕ ਦਿਨ ਖੂੰਡੀ ਨਾਲ ਤੁਰਨ ਲਈ ਮਜਬੂਰ ਹੋ ਜਾਂਦਾ ਹੈ। ਸਾਨੂੰ ਕੁਝ ਬਦਲਣ ਦੇ ਸੁਹਿਰਦ ਉਪਰਾਲੇ ਕਰਨੇ ਚਾਹੀਦੇ ਹਨ ਪਰ ਅਸੀਂ ਹਰ ਵੇਲੇ ਬਦਲੇ ਲੈਣ ਵਿਚ ਮਸ਼ਰੂਫ ਰਹਿੰਦੇ ਹਨ। ਕਾਸ਼ ਮਨੁੱਖ ਕੋਲ ਅਜਿਹੀ ਬੌਧਿਕ ਸ਼ਕਤੀ ਹੋਵੇ ਜੋ ਕਰੋਧ ਨੂੰ ਮੌਜ ਅਤੇ ਅੱਗ ਨੂੰ ਪ੍ਰਕਾਸ਼ ਵਿਚ ਬਦਲ ਦੇਵੇ। ਦੁਨੀਆ ਸਿਰਫ਼ ਦੋ ਤਰ੍ਹਾਂ ਦੇ ਲੋਕਾਂ ਨੂੰ ਯਾਦ ਰੱਖਦੀ ਹੈ, ਭੈੜੇ ਅਤੇ ਚੰਗੇ। ਤੁਸੀਂ ਕਿਵੇਂ ਯਾਦ ਰਹਿਣਾ ਹੈ ਇਹ ਤੁਹਾਡੇ ਹੱਥ-ਵੱਸ ਹੈ। ਮਨੁੱਖ ਭਾਵੇਂ ਸਮਾਜਿਕ ਜੀਵ ਹੈ ਪਰ ਹਰ ਤਰ੍ਹਾਂ ਦੇ ਗ਼ੈਰ ਸਮਾਜਿਕ ਕੰਮ ਮਨੁੱਖ ਹੀ ਕਰਦਾ ਹੈ। ਬਾਕੀ ਸਭ ਜੀਵ ਤਾਂ ਕੁਦਰਤ ਦੇ ਭਾਣੇ ਵਿਚ ਹੀ ਰਹਿੰਦੇ ਹਨ। ਮਨੁੱਖ ਉਚਾ ਹੋਣ ਦੀ ਚਾਹਤ ਵਿਚ ਸਭ ਕੁਝ ਲਤਾੜ ਕੇ ਅੱਗੇ ਲੰਘਣ ਦੀ ਦੌੜ ਵਿਚ ਸ਼ਾਮਿਲ ਹੈ।

### ਆਪਸੀ ਸਹਿਯੋਗ ਦੀ ਲੋੜ

ਮਿਲਵਰਤਨ ਅਤੇ ਦੂਜੇ ਨੂੰ ਨਾਲ ਲੈ ਕੇ ਚੱਲਣ ਦਾ ਰੁਝਾਨ ਮੁੱਕ ਗਿਆ ਹੈ। ਹੇਠਾਂ ਵੇਖ ਕੇ ਚੱਲੋਗੇ ਆਪਣੇ ਆਪ ਉੱਚੇ ਹੁੰਦੇ ਜਾਓਗੇ। ਅਮੀਰੀ ਦਿਲ ਦੀ ਹੁੰਦੀ ਹੈ, ਕਰੋੜਾਂ ਰੁਪੈ ਇਕੱਠੇ ਕਰਨ ਵਾਲੇ ਵੀ ਸ਼ੋਹਦੇ ਹੀ ਨਜ਼ਰੀ ਆਉਂਦੇ ਹਨ। ਇਕ ਨੌਕਰਾਣੀ ਕੱਪੜੇ ਦੀ ਦੁਕਾਨ 'ਤੇ ਗਈ ਅਤੇ ਦੁਕਾਨਦਾਰ ਨੂੰ ਸੰਬੋਧਨ ਹੁੰਦਿਆਂ ਬੋਲੀ, 'ਕੋਈ ਸੋਹਣਾ ਅਤੇ ਮਹਿੰਗਾ ਜਿਹਾ ਸੂਟ ਦਿਖਾਓ ਮੈਂ ਆਪਣੀ ਮਾਲਕਿਨ ਨੂੰ ਉਸਦੇ ਮੁੰਡੇ ਦੇ ਵਿਆਹ 'ਤੇ ਤੋਹਫ਼ਾ ਦੇਣਾ ਹੈ।' ਕੁਝ ਦਿਨ ਬਾਅਦ ਉਸੇ ਹੀ ਦੁਕਾਨ 'ਤੇ ਮਾਲਕਿਨ ਗਈ ਅਤੇ ਦੁਕਾਨਦਾਰ ਨੂੰ ਸੰਬੋਧਨ ਹੁੰਦਿਆਂ ਬੋਲੀ 'ਕੋਈ ਸਸਤਾ ਜਿਹਾ ਸੂਟ ਦਿਖਾਓ ਨੌਕਰਾਣੀ ਵਾਸਤੇ।' ਜਦੋਂ ਇਹ ਪਤਾ ਲੱਗ ਜਾਵੇ ਕਿ ਅਸੀਂ ਕੀ ਹਾਂ ਬਹੁਤ ਸਾਰੀਆਂ ਤ੍ਰਿਸ਼ਨਾਵਾਂ ਤੋਂ ਅਸੀਂ ਮੁਕਤੀ ਪਾ ਲੈਂਦੇ ਹਾਂ। ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਨਾਲ-ਨਾਲ, ਜ਼ੁਲਮ ਵਿਰੁੱਧ ਬੋਲਣ ਦੀ ਤਾਕਤ ਵੀ ਦਿਓ। ਉਨ੍ਹਾਂ ਨੂੰ ਦੱਸੋ ਕਿ ਹਮੇਸ਼ਾ ਝੂਠ ਦਾ ਰਾਜ ਨਹੀਂ ਰਹਿੰਦਾ ਦੇਰ ਨਾਲ ਹੀ ਸਹੀ ਸੱਚਾਈ ਦੀ ਜਿੱਤ ਜ਼ਰੂਰ ਹੁੰਦੀ ਹੈ। ਉਨ੍ਹਾਂ ਨੂੰ ਨਿਰਪੱਖ ਸੋਚ ਦੇ ਧਾਰਨੀ ਬਣਾਓ, ਵੈਰ ਵਿਰੋਧ ਤੋਂ ਬਚਣ ਦਾ ਸਲੀਕਾ ਵੀ ਦੱਸੋ। ਬੱਚਿਆਂ ਨੂੰ ਨਿਮਰਤਾ, ਪਰਉਪਕਾਰ ਦਇਆ-ਭਾਵਨਾ ਨਾਲ ਭਰਪੂਰ ਪ੍ਰਸੰਨ ਜੀਵਨ ਵੱਲ ਜਾਣ ਵਾਲਾ ਰਸਤਾ ਤਲਾਸ਼ ਕੇ ਦਿਓ। ਤੁਸੀਂ ਸਹਿਜ-ਸੁਹਜ, ਦਿਆਲੂ ਅਤੇ ਸੰਵੇਦਨਸ਼ੀਤਾ ਨਾਲ ਜ਼ਿੰਦਗੀ ਬਸਰ ਕਰਨ ਵੱਲ ਇਕ ਕਦਮ ਪੁੱਟੋਗੇ ਪ੍ਰਸੰਨਤਾ ਤੁਹਾਡੇ ਘਰ ਦੀ ਸਰਦਲ 'ਤੇ ਆਣ ਬੈਠੇਗੀ। ਪ੍ਰਸੰਨ ਵਿਅਕਤੀ ਕੋਲ ਹੀ ਜ਼ਿੰਦਗੀ ਜਿਉਣ ਦਾ ਹੁਨਰ ਹੁੰਦਾ ਹੈ, ਬਾਕੀ ਸਭ ਤਾਂ ਜ਼ਿੰਦਗੀ ਭੋਗ ਕੇ ਇਸ ਜਹਾਨ ਤੋਂ ਰੁਖ਼ਸਤ ਹੋ ਜਾਂਦੇ ਹਨ।



• ਗੁਰਬਿੰਦਰ ਸਿੰਘ ਮਾਣਕ, 9815356086



# ਡਾਲੀ ਨਾਲੋਂ ਨਾ ਤੋੜ ਅਸਾਨੂੰ

ਮਹਿਕਾਂ ਬਿਖੇਰਦੇ ਫੁੱਲਾਂ ਦੀ ਵੀ ਅਜੀਬ ਹੋਣੀ ਹੈ। ਕਦੇ ਇਹ ਗਲ਼ ਦਾ ਹਾਰ ਬਣ ਕੇ ਵਿਅਕਤੀ ਦੀ ਸ਼ੋਭਾ ਨੂੰ ਚਾਰ ਚੰਨ ਲਾਉਂਦੇ ਹਨ ਤੇ ਕਦੇ ਉਦਾਸੀ ਦੇ ਮਾਹੌਲ ਵਿਚ ਵਿਛੜ ਚੁੱਕੇ ਵਿਅਕਤੀ ਲਈ ਖ਼ਾਮੋਸ਼ ਸ਼ਰਧਾਂਜਲੀ ਬਣ ਜਾਂਦੇ ਹਨ। ਫੁੱਲਾਂ ਦੇ ਵਿਸ਼ਾਲ ਸੰਸਾਰ ਦੀਆਂ ਅਨੇਕਾਂ ਖ਼ੂਬਸੂਰਤ ਵੰਨਗੀਆਂ, ਰੰਗ-ਰੂਪ ਤੇ ਮਹਿਕ ਮਨੁੱਖੀ ਮਨ ਵਿਚ ਕੁਦਰਤ ਦੇ ਇਸ ਵਰਤਾਰੇ ਪ੍ਰਤੀ ਅਚੰਭਾ ਪੈਦਾ ਕਰਦੇ ਹਨ। ਕਿਸੇ ਦੀ ਸੁੰਦਰਤਾ ਨੂੰ ਫੁੱਲਾਂ ਨਾਲ ਉਪਮਾ ਦੇ ਕੇ ਅਸਲ ਵਿਚ ਇਸ ਖ਼ੂਬਸੂਰਤ ਸਿਰਜਣਾ ਨੂੰ ਹੀ ਵਡਿਆਇਆ ਜਾਂਦਾ ਹੈ। ਕਿਸੇ ਸਥਾਨ ਨੂੰ ਸੁਹਾਵਣਾ ਤੇ ਸੁਹਜਮਈ ਬਣਾਉਣ ਵਿਚ ਹਸੀਨ ਫੁੱਲਾਂ ਦੀ ਹੋਂਦ ਵੱਡੀ ਭੂਮਿਕਾ ਅਦਾ ਕਰਦੀ ਹੈ। ਫੁੱਲਾਂ ਦੀ ਉਮਰ ਭਾਵੇਂ ਪਲਾਂ-ਛਿਣਾਂ ਦੀ ਹੁੰਦੀ ਹੈ ਪਰ ਇਸ ਛੋਟੀ ਜਿਹੀ ਆਉਧ ਵਿਚ ਹੀ ਇਹ ਆਲੇ-ਦੁਆਲੇ ਨੂੰ ਮਹਿਕਾਂ ਵੰਡਦੇ ਆਪਾ ਵਾਰ ਕੇ ਤੁਰ ਜਾਂਦੇ ਹਨ। ਭਾਈ ਵੀਰ ਸਿੰਘ ਨੇ ਫੁੱਲਾਂ ਦੀ ਹੋਣੀ ਦੀ ਦਰਦਮਈ ਵਿੱਥਿਆ ਨੂੰ ਆਪਣੀ ਇਕ ਕਵਿਤਾ ਵਿਚ ਇੰਜ ਬਿਆਨ ਕੀਤਾ ਹੈ :-

'ਡਾਲੀ ਨਾਲੋਂ ਨਾ ਤੋੜ ਅਸਾਨੂੰ,
ਅਸਾਂ ਹੱਟ ਮਹਿਕ ਦੀ ਲਾਈ।'

> ਆਧੁਨਿਕ ਸਮੇਂ 'ਚ ਮਨੁੱਖੀ ਜੀਵਨ 'ਚ ਫੁੱਲਾਂ ਦੀ ਮੰਗ ਲਗਾਤਾਰ ਵਧਣ ਦੇ ਸਿੱਟੇ ਵਜੋਂ ਫੁੱਲਾਂ ਦਾ ਵਪਾਰ ਵੱਡੀ ਪੱਧਰ 'ਤੇ ਹੋਣ ਲੱਗ ਪਿਆ ਹੈ। ਫੁੱਲਾਂ ਦੀ ਇਹ ਸਨਅਤ ਕਰੋੜਾਂ ਰੁਪਏ ਦਾ ਵਪਾਰ ਕਰਦੀ ਹੈ…

ਜਿਹੜੇ ਘਰ, ਅਦਾਰੇ, ਵਿਦਿਅਕ ਸੰਸਥਾ ਜਾਂ ਪਾਰਕ ਵਿਚ ਫੁੱਲ ਖਿੜੇ ਹੋਣ ਤਾਂ ਮਨ ਵਿਚ ਇਹ ਖ਼ਿਆਲ ਸੁਭਾਵਿਕ ਹੀ ਉੱਠਦਾ ਹੈ ਕਿ ਜ਼ਰੂਰ ਇੱਥੇ ਕੋਈ ਅਜਿਹਾ ਵਿਅਕਤੀ ਹੈ, ਜਿਸ ਨੂੰ ਜ਼ਿੰਦਗੀ ਦੇ ਅਲੋਕਾਰ ਰੰਗਾਂ ਨਾਲ ਇਸ਼ਕ ਹੈ। ਅਜਿਹੇ ਸਥਾਨ ਵਿਚ ਪ੍ਰਵੇਸ਼ ਕਰਦਿਆਂ ਹੀ ਰੂਹ ਨਸ਼ਿਆ ਉੱਠਦੀ ਹੈ ਤੇ ਮਨ ਫੁੱਲਾਂ ਦੇ ਸੁਹਜ ਨੂੰ ਮਾਣਨ ਲਈ ਤਾਂਘਦਾ ਹੈ। ਸਾਡੇ ਬਹੁਤੇ ਦਫ਼ਤਰਾਂ, ਅਦਾਰਿਆਂ ਤੇ ਵਿਦਿਅਕ ਸੰਸਥਾਵਾਂ ਵਿਚ ਇਸ ਪੱਖ ਤੋਂ ਬੇਰੌਣਕੀ ਛਾਈ ਹੁੰਦੀ ਹੈ। ਅਜਿਹੇ ਸਥਾਨਾਂ 'ਤੇ ਕੰਮ ਕਰਨ ਵਾਲੇ ਵਿਅਕਤੀਆਂ ਦੇ ਚਿਹਰੇ ਵੀ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਮੁਰਦੇਹਾਣੀ ਛਾਈ ਹੋਵੇ। ਹਰਿਆਵਲਾ ਚਾਰ-ਚੁਫ਼ੇਰਾ ਤੇ ਫੁੱਲਾਂ ਨਾਲ ਟਹਿਕਦੇ ਬੂਟੇ ਉਦਾਸ ਚਿਹਰਿਆਂ ਨੂੰ ਖ਼ੁਸ਼ੀਆਂ ਦੀ ਰੰਗਤ ਬਖ਼ਸ਼ਦੇ ਹਨ। ਖਿੜੇ ਹੋਏ ਫੁੱਲਾਂ ਦੇ ਸਜੇ ਮਹਿਲ 'ਚ ਵਿਚਰਦਿਆਂ ਮਨ ਵਿਚ ਖੇੜਾ ਪਸਰ ਜਾਂਦਾ ਹੈ। ਪ੍ਰੇਮ ਰੂਪੀ ਪਗਡੰਡੀ 'ਤੇ ਤੁਰੇ ਪਾਂਧੀ, ਦਿਲ ਦੀ ਵੇਦਨਾ ਦੇ ਪ੍ਰਗਟਾਵੇ ਲਈ ਇਕ ਦੂਜੇ ਨੂੰ ਫੁੱਲ ਭੇਟ ਕਰਕੇ ਖ਼ਾਮੋਸ਼ੀ ਦੀ ਜ਼ੁਬਾਨ 'ਚ ਹੀ ਬਹੁਤ ਕੁਝ ਕਹਿ ਜਾਂਦੇ ਹਨ। ਦੁਨੀਆ ਭਰ ਵਿਚ ਵਿਸ਼ੇਸ਼ ਪ੍ਰਾਹੁਣਿਆਂ ਤੇ ਆਪਣੇ ਪਿਆਰਿਆਂ ਲਈ ਫੁੱਲ ਭੇਟ ਕਰਕੇ ਦਿਲ ਦੇ ਪਿਆਰ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਫੁੱਲ ਭੇਟ ਕਰਕੇ ਜਿਵੇਂ ਕੋਈ ਇਹ ਦਰਸਾ ਰਿਹਾ ਹੋਵੇ ਕਿ ਮੇਰੇ ਪਾਸ ਇਸ ਤੋਂ ਕੀਮਤੀ ਕੋਈ ਵਸਤੂ ਨਹੀਂ ਹੈ, ਜਿਹੜੀ ਮੈਂ ਆਪਣੇ ਪਿਆਰੇ ਤੋਂ ਵਾਰ ਸਕਾਂ।

ਸਵੇਰੇ-ਸਵੇਰੇ ਤਰੇਲ ਭਿੱਜੇ ਸੁੱਚੇ ਫੁੱਲਾਂ ਦਾ ਇਕ ਬੁੱਕ ਭਰ ਕੇ ਸ਼ਰਧਾਵਾਨ ਆਪਣੇ ਇਸ਼ਟ ਅੱਗੇ ਨਤਮਸਤਕ ਹੁੰਦੇ ਹਨ। ਕਿਸੇ ਧਾਰਮਿਕ ਅਸਥਾਨ ਵਿਚ ਭੇਟ ਕੀਤੇ ਅਜਿਹੇ ਫੁੱਲਾਂ ਦਾ ਪ੍ਰਸ਼ਾਦ ਪ੍ਰਾਪਤ ਕਰ ਕੇ ਵੀ ਪ੍ਰਭੂ-ਪਿਆਰੇ ਧੰਨਭਾਗ ਸਮਝਦੇ ਹਨ। ਗੁਲਾਬ ਨੂੰ ਫੁੱਲਾਂ ਦਾ ਰਾਜਾ ਕਿਹਾ ਜਾਂਦਾ ਹੈ। ਫੁੱਲਾਂ ਦੇ ਵਿਲੱਖਣ ਸੰਸਾਰ ਵਿਚ ਅਨੇਕਾਂ ਰੰਗਾਂ ਤੇ ਕਿਸਮਾਂ ਦੇ ਫੁੱਲ ਹਨ, ਪਰ ਗੁਲਾਬ ਦੇ ਹੁਸਨ ਦੀ ਆਭਾ ਹੀ ਵੱਖਰੀ ਹੈ। 'ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ' ਦੇ ਕਥਨ ਅਨੁਸਾਰ ਗੁਲਾਬ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦਾ ਹੈ। ਕਿਸੇ ਉੱਤੇ ਫੁੱਲਾਂ ਦੀ ਵਰਖਾ ਕਰਨੀ ਤੇ ਉਸ ਦੇ ਰਾਹਾਂ ਵਿਚ ਫੁੱਲ ਵਿਛਾਉਣੇ ਉਸ ਪ੍ਰਤੀ ਪ੍ਰਗਟਾਏ ਮੋਹ ਤੇ ਸਤਿਕਾਰ ਦੀ ਸਿਖ਼ਰ ਹੁੰਦੀ ਹੈ।

ਸੰਸਾਰ ਭਰ ਵਿਚ ਹੀ ਕਿਸੇ ਵਿਸ਼ੇਸ਼ ਸ਼ਖ਼ਸੀਅਤ ਨੂੰ ਫੁੱਲਾਂ ਦੇ ਬੁੱਕੇ ਭੇਟ ਕਰ ਕੇ ਮਾਣ ਦੇਣ ਦੀ ਰਵਾਇਤ ਹੈ। ਕਿਸੇ ਖ਼ਾਸ ਵਿਅਕਤੀ ਦੇ ਅਕਾਲ ਚਲਾਣਾ ਕਰਨ 'ਤੇ ਵੀ ਫੁੱਲਾਂ ਨਾਲ ਹੀ ਉਸ ਵਿਅਕਤੀ ਪ੍ਰਤੀ ਆਪਣੇ ਸਨੇਹ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਫੁੱਲਾਂ ਦੀ ਹੋਣੀ ਵੀ ਅਜੀਬ ਹੈ, ਕਦੇ ਉਹ ਕਿਸੇ ਦੇ ਗਲ਼ੇ ਦਾ ਹਾਰ ਬਣ ਜਾਂਦੇ ਹਨ, ਕਦੇ ਉਹ ਮਹਿਬੂਬਾਂ ਦੀਆਂ ਜ਼ੁਲਫਾਂ ਦਾ ਸ਼ਿੰਗਾਰ ਬਣ ਉਸ ਦੇ ਹੁਸਨ ਨੂੰ ਚਾਰ ਚੰਨ ਲਾਉਂਦੇ ਹਨ, ਕਦੇ ਕਿਸੇ ਸ਼ਰਧਾਵਾਨ ਵੱਲੋਂ ਆਪਣੇ ਇਸ਼ਟ ਦੇ ਸਨਮੁੱਖ ਭੇਟ ਹੋਣ ਦਾ ਮਾਣ ਹਾਸਿਲ ਕਰਦੇ ਹਨ ਤੇ ਕਦੇ ਵਿਛੋੜਾ ਦੇ ਗਏ ਮਨੁੱਖ ਦੇ ਸਰੀਰ 'ਤੇ ਸ਼ਰਧਾਂਜਲੀ ਬਣ ਬਿਖਰ ਜਾਂਦੇ ਹਨ।

ਬੱਚਿਆਂ ਦੀ ਮਾਸੂਮੀਅਤ ਤੇ ਨਜ਼ਾਕਤ ਕਾਰਨ ਉਨ੍ਹਾਂ ਦੀ ਤੁਲਨਾ ਅਕਸਰ ਫੁੱਲਾਂ ਨਾਲ ਕੀਤੀ ਜਾਂਦੀ ਹੈ, ਜਿਵੇਂ ਫੁੱਲ ਛੇਤੀ ਕਮਲਾ ਜਾਂਦੇ ਹਨ ਉਵੇਂ ਹੀ ਮਸੂਮ ਜਿੰਦਾਂ ਦੇ ਚਿਹਰੇ ਵੀ ਥੋੜ੍ਹੀ ਜਿਹੀ ਝਿੜਕ ਨਾਲ ਹੀ ਕਮਲਾ ਜਾਂਦੇ ਹਨ। ਕਹਿੰਦੇ ਹਨ ਜਾਪਾਨੀ ਫੁੱਲਾਂ ਦੇ ਬਹੁਤ ਆਸ਼ਕ ਹਨ। ਉਨ੍ਹਾਂ ਦਾ ਕੋਈ ਘਰ, ਦਫ਼ਤਰ ਜਾਂ ਅਦਾਰਾ ਫੁੱਲਾਂ ਤੋਂ ਬਿਨਾਂ ਕਿਆਸਿਆ ਹੀ ਨਹੀਂ ਜਾ ਸਕਦਾ। ਬਾਗ਼-ਬਗ਼ੀਚਿਆਂ ਵਿਚ ਵਿਚਰਦਿਆਂ ਉਹ ਕਿਸੇ ਨੂੰ ਸ਼ੋਰ ਨਹੀਂ ਕਰਨ ਦਿੰਦੇ, ਉਨ੍ਹਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਫੁੱਲ ਮੁਰਝਾ ਜਾਂਦੇ ਹਨ। ਅਜੋਕੇ ਸਮਿਆਂ ਵਿਚ ਫੁੱਲਾਂ ਦਾ ਵਪਾਰ ਹੋਣ ਲੱਗ ਪਿਆ ਹੈ। ਛੋਟੇ-ਵੱਡੇ ਸ਼ਹਿਰਾਂ ਵਿਚ ਹਰ ਰੋਜ਼ ਹਜ਼ਾਰਾਂ ਟਨ ਫੁੱਲ ਵਿਕਦੇ ਹਨ। ਆਧੁਨਿਕ ਸਮੇਂ ਵਿਚ ਮਨੁੱਖੀ ਜੀਵਨ ਵਿਚ ਫੁੱਲਾਂ ਦੀ ਮੰਗ ਲਗਾਤਾਰ ਵਧਣ ਦੇ ਸਿੱਟੇ ਵਜੋਂ ਫੁੱਲਾਂ ਦਾ ਵਪਾਰ ਬਹੁਤ ਵੱਡੀ ਪੱਧਰ 'ਤੇ ਹੋਣ ਲੱਗ ਪਿਆ ਹੈ। ਫੁੱਲਾਂ ਦੀ ਇਹ ਸਨਅਤ ਕਰੋੜਾਂ ਰੁਪਏ ਦਾ ਵਪਾਰ ਕਰਦੀ ਹੈ। ਵਿਆਹ-ਸ਼ਾਦੀਆਂ ਦੇ ਮੌਸਮ, ਤਿਉਹਾਰਾਂ ਅਤੇ ਵੈਲਨਟਾਇਨ ਡੇ ਆਦਿ ਜਿਹੇ ਦਿਨਾਂ ਵਿਚ ਤਾਂ ਫੁੱਲਾਂ ਦੀ ਮੰਗ ਇੰਨੀ ਵੱਧ ਜਾਂਦੀ ਹੈ ਕਿ ਮਾਰਕਿਟ ਵਿਚ ਫੁੱਲਾਂ ਦੀ ਕਮੀ ਹੋ ਜਾਂਦੀ ਹੈ। ਸ਼ਹਿਰੀ ਖੇਤਰਾਂ ਨੇੜਲੇ ਕਿਸਾਨ ਫੁੱਲਾਂ ਦੀ ਖੇਤੀ ਕਰਕੇ ਚੰਗਾ ਮੁਨਾਫਾ ਕਮਾ ਰਹੇ ਹਨ। ਸਾਡੇ ਦੇਸ਼ ਵਿਚ ਹਰ ਥਾਂ ਗੰਦਗੀ ਦੇ ਢੇਰਾਂ ਦਾ ਬੋਲਬਾਲਾ ਹੈ। ਸ਼ਹਿਰੀ ਖੇਤਰਾਂ ਵਿਚ ਤਾਂ ਕੂੜਾ-ਕਰਕਟ ਦੇ ਲਗਾਤਾਰ ਵਧ ਰਹੇ ਢੇਰ ਗੰਭੀਰ ਸਮੱਸਿਆ ਦਾ ਰੂਪ ਧਾਰ ਚੁੱਕੇ ਹਨ। ਅਜਿਹੇ ਵਿਚ ਫੁੱਲਾਂ ਦੀ ਗੱਲ ਕਰਨੀ ਫੁੱਲਾਂ ਨਾਲ ਮਜ਼ਾਕ ਹੈ। ਹਰ ਫੁੱਲ ਦੂਜਿਆਂ ਲਈ ਆਪਾ ਕੁਰਬਾਨ ਕਰਨ ਦਾ ਸੁਨੇਹਾ ਦਿੰਦਾ ਹੈ। ਅਸੀਂ ਫੁੱਲਾਂ ਦੀ ਪੱਤੀ-ਪੱਤੀ ਵਲੂੰਧਰ ਸੁੱਟਦੇ ਹਾਂ। ਪ੍ਰਸਿੱਧ ਸ਼ਾਇਰ ਸਰਦਾਰ ਪੰਛੀ ਵੀ ਫੁੱਲਾਂ ਦੀ ਅਜਿਹੀ ਦੁਰਦਸ਼ਾ ਪ੍ਰਤੀ ਸੁਚੇਤ ਕਰਦਿਆਂ ਕਹਿੰਦੇ ਹਨ--

ਯੇਹ ਭੀ ਪੀਤੇ ਹੈ ਰਾਤ ਭਰ ਸ਼ਬਨਮ, ਲਿਖ ਲੋ ਰਿੰਦੋਂ ਮੇਂ ਨਾਮ ਫੂਲੋਂ ਕਾ।
ਦੇਵਤਾ ਖ਼ੁਸ਼ ਨਾ ਹੋਂਗੇ ਫੂਲੋਂ ਸੇ, ਮਤ ਕਰੋ ਕਤਲੇਆਮ ਫੂਲੋਂ ਕਾ। •

• ਰੁਪਿੰਦਰ ਕੌਰ
9417560707

ਅਜੋਕੇ ਭੌਤਿਕਵਾਦੀ ਯੁੱਗ ਵਿਚ ਮਨੁੱਖੀ ਜ਼ਿੰਦਗੀ ਦਾ ਤਾਣਾ-ਬਾਣਾ ਬਹੁਤ ਉਲਝ ਗਿਆ ਹੈ। ਦਿਨ ਪ੍ਰਤੀ ਦਿਨ ਮਨੁੱਖ ਦੀਆਂ ਆਸ਼ਾਵਾਂ ਵੱਧ ਰਹੀਆਂ ਹਨ। ਇਹ ਆਸ਼ਾਵਾਂ ਜਿੱਥੇ ਪਦਾਰਥਵਾਦੀ ਹਨ ਉੱਥੇ ਮਨੁੱਖੀ ਰਿਸ਼ਤਿਆਂ ਪ੍ਰਤੀ ਵੀ ਹਨ ਪ੍ਰੰਤੂ ਜਦ ਲੋੜ ਤੋਂ ਵੱਧ ਅਸੀਂ ਕਿਸੇ ਤੋਂ ਉਮੀਦ ਰੱਖਦੇ ਹਾਂ ਤਾਂ ਕੁਦਰਤੀ ਤੌਰ 'ਤੇ ਉਹ ਉਮੀਦ ਟੁੱਟਣੀ ਹੀ ਹੁੰਦੀ ਹੈ ਜਿਸ ਕਰਕੇ ਹਰ ਇਕ ਮਨੁੱਖ ਸਮਾਜ ਅਤੇ ਸਮਾਜਿਕ ਲੋਕਾਂ ਪ੍ਰਤੀ ਆਪਣਾ ਨਜ਼ਰੀਆ ਬਣਾਉਂਦਾ ਹੈ।

ਸਮਾਜ ਅਤੇ ਸਮਾਜਿਕ ਲੋਕਾਂ ਪ੍ਰਤੀ ਦ੍ਰਿਸ਼ਟੀਕੋਣ ਸਮੇਂ ਅਨੁਸਾਰ ਬਣਦਾ ਅਤੇ ਬਦਲਦਾ ਰਹਿੰਦਾ ਹੈ। ਜਿਸ 'ਤੇ ਚਲਦਿਆਂ ਕਦੀ ਕੋਈ ਬਹੁਤਾ ਕਰੀਬ ਅਤੇ ਕਦੀ ਕੋਈ ਜਾਨ ਦਾ ਦੁਸ਼ਮਣ ਲੱਗਦਾ ਹੈ। ਇਸ ਗ਼ਲਤ ਦ੍ਰਿਸ਼ਟੀਕੋਣ ਕਾਰਨ ਜਿੱਥੇ ਪਰਿਵਾਰ ਤਿੜਕ ਰਹੇ ਹਨ, ਉੱਥੇ ਸਮਾਜ ਦਾ ਤਾਣਾ -ਬਾਣਾ ਵੀ ਕਮਜ਼ੋਰ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਮਨੁੱਖੀ ਸ਼ਖ਼ਸੀਅਤ ਨੂੰ ਢਾਹ ਲੱਗਦੀ ਹੈ। ਗ਼ਲਤ ਦ੍ਰਿਸ਼ਟੀਕੋਣ ਕੀ ਹੈ? ਕਿਉਂ ਪੈਦਾ ਹੁੰਦਾ ਹੈ? ਕਿਵੇਂ ਇਸ ਨੂੰ ਸੁਲਝਾਇਆ ਜਾ ਸਕਦਾ ਹੈ ? ਇਹ ਕਈ ਸਵਾਲ ਹਨ ਜਿਨ੍ਹਾਂ ਦਾ ਉੱਤਰ ਲੱਭਣਾ ਬਹੁਤ ਜ਼ਰੂਰੀ ਹੈ। ਸਮਾਜ ਵਿਚ ਤੁਹਾਡੇ ਨਾਲ ਵਿਚਰ ਰਹੇ ਇਨਸਾਨ ਬਾਰੇ ਤੁਹਾਡੇ ਕੀ ਵਿਚਾਰ ਹਨ ਜਾਂ ਸਾਹਮਣੇ ਵਾਲਾ ਇਨਸਾਨ ਤੁਹਾਡੇ ਪ੍ਰਤੀ ਕਿਸ ਤਰ੍ਹਾਂ ਦੀਆਂ ਭਾਵਨਾਵਾਂ ਰੱਖਦਾ ਹੈ, ਆਮ ਸ਼ਬਦਾਂ ਵਿਚ ਇਹ ਹੀ ਦ੍ਰਿਸ਼ਟੀਕੋਣ ਹੈ। ਪੁਰਾਣੇ ਸਮੇਂ ਵਿਚ ਇਹ ਭਾਵਨਾਵਾਂ ਸਾਂਝ ਪੂਰਵਕ ਹੁੰਦੀਆਂ ਸਨ। ਇਨ੍ਹਾਂ ਵਿਚ ਦੁੱਖ ਸੁੱਖ ਦੀ ਸਾਂਝ ਸੀ। ਪ੍ਰੰਤੂ ਅਜੋਕਾ ਯੁੱਗ ਭੌਤਿਕਵਾਦੀ ਹੋਣ ਕਰਕੇ ਹਰ ਮਨੁੱਖ ਦੋਹਰੀ ਸ਼ਖ਼ਸੀਅਤ ਰੱਖਦਾ ਹੈ। ਜ਼ੁਬਾਨੀ ਸ਼ਖ਼ਸੀਅਤ ਵਿਚ ਉਹ ਸਿਰਫ਼ ਤੁਹਾਡੇ ਪ੍ਰਤੀ ਵਫ਼ਾਦਾਰ ਹੈ ਪ੍ਰੰਤੂ ਅੰਦਰੂਨੀ ਤੌਰ 'ਤੇ ਸਿਰਫ਼ ਉਹ ਮਨੁੱਖ ਹੀ ਜਾਣਦਾ ਹੈ ਕਿ ਉਹ ਤੁਹਾਡੇ ਬਾਰੇ ਕਿਸ ਤਰ੍ਹਾਂ ਦੇ ਵਿਚਾਰ ਰੱਖਦਾ ਹੈ। ਦੂਜਾ ਸਵਾਲ, ਦ੍ਰਿਸ਼ਟੀਕੋਣ ਬਣਿਆ ਕਿਉਂ? ਹਰ ਇਕ ਮਨੁੱਖ ਆਪਣੇ ਆਪ ਵਿਚ ਏਨੀ ਕੁ ਸੋਝੀ ਰੱਖਦਾ ਹੈ ਕਿ ਆਪਣੇ ਪ੍ਰਤੀ ਦੂਸਰਿਆਂ ਦੇ ਦ੍ਰਿਸ਼ਟੀਕੋਣ ਨੂੰ ਸਮਝ ਸਕਦਾ ਹੈ। ਜਦ ਅਸੀਂ ਆਪਣੇ ਸਾਹਮਣੇ ਵਾਲੇ ਦੇ ਚੰਗੇ ਜਾਂ ਬੁਰੇ ਨਜ਼ਰੀਏ ਤੋਂ ਜਾਣੂ ਹੋ ਜਾਂਦੇ ਹਾਂ ਤਾਂ ਉਸ ਪ੍ਰਤੀ ਉਸ ਪ੍ਰਕਾਰ ਦਾ ਨਜ਼ਰੀਆ ਬਣਾਉਣ ਦੀ ਬਜਾਇ ਜ਼ਰੂਰੀ ਹੈ ਆਪਣੇ ਆਪ ਨੂੰ ਘੋਖਿਆ ਜਾਵੇ। ਅਸੀਂ ਅਜਿਹਾ ਕੀ ਕੀਤਾ ਕਿ ਸਾਹਮਣੇ ਵਾਲਾ ਸਾਡੇ ਨਾਲ ਦੋਹਰੀ ਸ਼ਖ਼ਸੀਅਤ ਵਿਚ ਪੇਸ਼ ਆ ਰਿਹਾ ਹੈ। ਇਸ 'ਤੇ ਸਾਡੀ ਕਮਜ਼ੋਰੀ ਸਾਨੂੰ ਪਤਾ ਲੱਗ ਜਾਵੇਗੀ। ਇਸ ਨਾਲ ਜਿੱਥੇ ਸਾਡੀ ਸ਼ਖ਼ਸੀਅਤ ਵਿਚ ਨਿਖਾਰ ਆਵੇਗਾ। ਉੱਥੇ ਤਿੜਕਦੇ ਰਿਸ਼ਤੇ ਫਿਰ ਤੋਂ ਸੰਵਰ ਜਾਣਗੇ। ਪਰ ਇਕ ਗੱਲ ਹੋਰ ਵੀ ਬਹੁਤ ਜ਼ਰੂਰੀ ਹੈ ਜਦੋਂ ਅਸੀਂ ਆਪਣੇ ਆਪ ਦਾ ਮੁਲਾਂਕਣ ਕਰਦੇ ਹਾਂ ਤਾਂ ਵਾਤਾਵਰਨ ਅਤੇ ਹਾਲਾਤ ਨੂੰ ਧਿਆਨ ਵਿਚ ਰੱਖਿਆ ਜਾਵੇ ਕਿਉਂਕਿ ਕਈ ਵਾਰ ਦੋਵੇਂ ਪੱਖ ਸਹੀ ਹੁੰਦੇ ਹਨ ਪ੍ਰੰਤੂ ਹਾਲਾਤ ਤੁਹਾਡੇ ਅਨੁਕੂਲ ਨਹੀਂ ਹੁੰਦੇ ਜਿਸ ਕਾਰਨ ਦ੍ਰਿਸ਼ਟੀਕੋਣ ਪ੍ਰਭਾਵਿਤ ਹੁੰਦਾ ਹੈ।

ਹੁਣ ਆਖਰੀ ਸਵਾਲ, ਗ਼ਲਤ ਦ੍ਰਿਸ਼ਟੀਕੋਣ ਨੂੰ ਕਿਵੇਂ ਸੁਲਝਾਇਆ ਜਾਵੇ। ਕਿਸੇ ਵਿਅਕਤੀ ਦੇ ਗ਼ਲਤ ਦ੍ਰਿਸ਼ਟੀਕੋਣ ਨੂੰ ਆਪਣੇ ਪ੍ਰਤੀ ਸਹੀ ਕਰਨ ਦੇ ਲਈ ਬਹੁਤੀ ਕੋਸ਼ਿਸ਼ ਨਾ ਕਰੋ। ਇਸ ਨਾਲ ਕਈ ਵਾਰ ਤੁਸੀਂ ਹੋਰ ਵੀ ਗ਼ਲਤ ਸਾਬਿਤ ਹੋ ਜਾਂਦੇ ਹੋ। ਜੇ ਲੋੜ ਹੈ ਤਾਂ ਆਪਣੇ ਸੱਚ ਨੂੰ ਆਪਣੇ ਨਾਲ ਲੈ ਕੇ ਚੱਲਣ ਦੀ। ਤੁਸੀਂ ਜ਼ਬਾਨੀ ਅਤੇ ਅੰਦਰੂਨੀ ਤੌਰ 'ਤੇ ਇਕ ਹੋ ਕੇ ਅੱਗੇ ਵਧੋ। ਸਮਾਂ ਤੁਹਾਡਾ ਸਾਥ ਦੇਵੇਗਾ ਜੋ ਇਨਸਾਨ ਤੁਹਾਡੇ ਪ੍ਰਤੀ ਗ਼ਲਤ ਨਜ਼ਰੀਆ ਰੱਖਦੇ ਹਨ ਉਹ ਆਪਣੇ ਆਪ ਵਿਚ ਸ਼ਰਮਿੰਦਗੀ ਮਹਿਸੂਸ ਕਰਨਗੇ ਅਤੇ ਇਸ ਸੱਚ ਨੂੰ ਸਮਝਣਗੇ ਕਿ ਕਿਵੇਂ ਗ਼ਲਤ ਹਾਲਾਤ ਨੇ ਤੁਹਾਡੇ ਅਤੇ ਉਨ੍ਹਾਂ ਵਿਚਕਾਰ ਇਕ ਦੀਵਾਰ ਪੈਦਾ ਕਰਕੇ ਦੂਰੀ ਨੂੰ ਪੈਦਾ ਕਰ ਦਿੱਤਾ।

ਗ਼ਲਤ ਦ੍ਰਿਸ਼ਟੀਕੋਣ ਤੋਂ ਬਚਣ ਲਈ ਸਿਰਫ਼ ਇਹ ਜ਼ਰੂਰੀ ਨਹੀਂ ਕਿ ਅਸੀਂ ਦੂਸਰੇ ਲੋਕਾਂ ਨੂੰ ਪਰਖਦੇ ਜਾਂ ਮੁਲਾਂਕਣ ਕਰਦੇ ਰਹੀਏ। ਜਦ ਅਸੀਂ ਸਿੱਕੇ ਦੇ ਦੋਵੇਂ ਪਹਿਲੂਆਂ ਨੂੰ ਦੇਖਾਂਗੇ ਤਾਂ ਹੀ ਅੱਗੇ ਵਧ ਸਕਾਂਗੇ। ਰਿਸ਼ਤਿਆਂ ਦੇ ਨਾਲ-ਨਾਲ ਸਮਾਜਿਕ ਸਾਂਝ ਨੂੰ ਵੀ ਮਾਣ ਸਕਾਂਗੇ। •

> ਗ਼ਲਤ ਦ੍ਰਿਸ਼ਟੀਕੋਣ ਤੋਂ ਬਚਣ ਲਈ ਸਿਰਫ਼ ਇਹ ਜ਼ਰੂਰੀ ਨਹੀਂ ਕਿ ਅਸੀਂ ਦੂਸਰੇ ਲੋਕਾਂ ਨੂੰ ਪਰਖਦੇ ਜਾਂ ਮੁਲਾਂਕਣ ਕਰਦੇ ਰਹੀਏ। ਇਹ ਆਪਣੇ ਆਪ 'ਤੇ ਲਾਗੂ ਕਰਨਾ ਵੀ ਜ਼ਰੂਰੀ ਹੈ ਕਿ ਸਾਡਾ ਵਿਵਹਾਰ ਦੂਸਰਿਆਂ ਪ੍ਰਤੀ ਕਿਹੋ ਜਿਹਾ ਹੈ। ਜਦ ਅਸੀਂ ਸਿੱਕੇ ਦੇ ਦੋਵੇਂ ਪਹਿਲੂਆਂ ਨੂੰ ਦੇਖਾਂਗੇ ਤਾਂ ਹੀ ਅੱਗੇ ਵਧ ਸਕਾਂਗੇ। ਰਿਸ਼ਤਿਆਂ ਦੇ ਨਾਲ-ਨਾਲ ਸਮਾਜਿਕ ਸਾਂਝ ਨੂੰ ਵੀ ਮਾਣ ਸਕਾਂਗੇ…



# ਸੱਚ ਦੀ ਪਰਖ ਕਰਦੈ ਨਜ਼ਰੀਆ

ਕਲਮਾਂ ਦਾ ਕਾਫ਼ਲਾ

# ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਦਾ ਪੰਜਾਬੀ ਵਿਕਾਸ ਮੰਚ



• ਵਰਿੰਦਰ ਸਿੰਘ ਨਿਮਾਣਾ

> ਸੰਸਥਾ ਮਹਿਸੂਸ ਕਰਦੀ ਹੈ ਕਿ ਪੱਛਮੀ ਮੁਲਕਾਂ 'ਚ ਭਾਰਤ ਦੇ ਮੁਕਾਬਲੇ ਆਮ ਲੋਕਾਂ 'ਚ ਰਸਮੀ ਪੜ੍ਹਾਈ ਦੇ ਨਾਲ ਆਮ ਜਾਣਕਾਰੀ ਤੇ ਸਾਹਿਤਕ ਪੁਸਤਕਾਂ ਪੜ੍ਹਨ ਦਾ ਰੁਝਾਨ ਜ਼ਿਆਦਾ ਹੈ…

ਮਿਆਰੀ ਤੇ ਆਮ ਜਾਣਕਾਰੀ ਭਰਪੂਰ ਪੁਸਤਕਾਂ ਇਨਸਾਨ ਨੂੰ ਨਿਰੰਤਰ ਗਤੀਸ਼ੀਲਤਾ,ਦ੍ਰਿੜ੍ਹਤਾ, ਪ੍ਰੇਰਣਾ ਤੇ ਉੱਚੀਆਂ ਤੇ ਸੱਚੀਆਂ ਕਦਰਾਂ-ਕੀਮਤਾਂ ਦੀ ਜਾਂਚ ਸਿਖਾਉਣ 'ਚ ਮਦਦਗਾਰ ਸਾਬਿਤ ਹੁੰਦੀਆਂ ਹਨ। ਪੰਜਾਬੀ ਦੇ ਉੱਘੇ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਲਿਖਦੇ ਹਨ, 'ਸਹੀ ਅਰਥਾਂ 'ਚ ਸਮਾਜ ਉਦੋਂ ਤਰੱਕੀ ਕਰੇਗਾ ਜਦੋਂ ਅਦਾਲਤਾਂ, ਥਾਣਿਆਂ ਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬ੍ਰੇਰੀਆਂ ਵੱਡੀਆਂ ਤੇ ਵਧੇਰੇ ਹੋਣਗੀਆਂ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿਖੇ 'ਪੰਜਾਬੀ ਵਿਕਾਸ ਮੰਚ ਹਰਿਆਣਾ' ਨਾਂ ਦੀ ਸਾਹਿਤਕ ਸੰਸਥਾ ਪਿਛਲੇ ਕਰੀਬ 10 ਸਾਲ ਤੋਂ ਇਲਾਕੇ ਦੇ ਵਿਦਿਆਰਥੀਆਂ ਤੇ ਸਾਹਿਤ ਪ੍ਰੇਮੀਆਂ 'ਚ ਪੁਸਤਕ ਸੱਭਿਆਚਾਰ ਪੈਦਾ ਕਰਨ ਦੇ ਨਿਰੰਤਰ ਉਪਰਾਲੇ ਕਰ ਰਹੀ ਹੈ। ਇਹ ਸੰਸਥਾ ਜ਼ਿਲ੍ਹੇ ਦੇ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ 'ਚ ਸਾਹਿਤਕ ਤੇ ਕਲਾਤਮਿਕ ਵੰਨਗੀਆਂ ਦੇ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਨਕਦ ਇਨਾਮ ਦੇਣ ਦੇ ਨਾਲ-ਨਾਲ ਮਿਆਰੀ ਸਾਹਿਤ ਦੀਆਂ ਪੁਸਤਕਾਂ ਦੇ ਤੋਹਫੇ ਭੇਟ ਕਰਨ ਦੀ ਪਿਰਤ ਪਾ ਰਹੀ ਹੈ। ਵਿਦਿਆਰਥੀਆਂ ਨੂੰ ਪ੍ਰਾਇਮਰੀ ਪੱਧਰ ਤੋਂ ਬਾਲ ਸਾਹਿਤ ਨਾਲ ਜੋੜਨ ਲਈ ਸੰਸਥਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਵਿਦਿਆਰਥੀਆਂ ਦੀਆਂ ਸਾਹਿਤਕ ਤੇ ਕਲਾਤਮਿਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਲਈ ਸੰਸਥਾ ਵੱਲੋਂ ਹਰ ਸਾਲ ਨਵੰਬਰ ਮਹੀਨੇ ਆਪਣੇ ਸਾਲਾਨਾ 'ਪੁਸਤਕ ਮੇਲੇ ਤੇ ਵਿਰਾਸਤੀ ਉਤਸਵ' ਦੇ ਮੰਚ 'ਤੇ ਸਿਰਫ਼ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਹੀ ਆਪਣਾ ਹੁਨਰ ਦਿਖਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਸੰਸਥਾ ਆਪਣੇ 10 ਸਾਲਾਂ ਦੇ ਸਫ਼ਰ ਦੌਰਾਨ 75 ਹਜ਼ਾਰ ਰੁਪਏ ਤੋਂ ਵੱਧ ਕੀਮਤ ਦੀਆਂ ਪੁਸਤਕਾਂ ਤੇ ਏਨੀ ਕੀਮਤ ਦੀ ਨਕਦ ਰਾਸ਼ੀ ਦੇ ਇਨਾਮ ਵਿਦਿਆਰਥੀਆਂ 'ਚ ਵੰਡ ਚੁੱਕੀ ਹੈ।

ਸੰਸਥਾ ਦੇ ਪ੍ਰਬੰਧਕਾਂ ਮੁਤਾਬਿਕ ਪੰਜਾਬੀਆਂ ਲਈ ਇਹ ਗੱਲ ਮਿਹਣੇ ਵਰਗੀ ਹੋ ਗਈ ਹੈ ਕਿ ਪੰਜਾਬੀ ਲੋਕ ਆਪਣੇ ਘਰਾਂ, ਕੋਠੀਆਂ, ਕਾਰਾਂ ਤੇ ਵਿਆਹ-ਸ਼ਾਦੀਆਂ ਉਤੇ ਤਾਂ ਲੱਖਾਂ ਰੁਪਏ ਖਰਚ ਸਕਦੇ ਹਨ, ਪਰ ਘਰਾਂ 'ਚ ਸਾਹਿਤਕ ਪੁਸਤਕਾਂ ਜਾਂ ਜ਼ਿੰਦਗੀ ਨੂੰ ਸੁਹਜ ਸੁਆਦ ਦੇਣ ਵਾਲੀਆਂ ਕਲਾਵਾਂ ਲਈ ਕੋਈ ਉਚੇਚ ਨਹੀਂ ਦਿੰਦੇ। ਆਗੂਆਂ ਮੁਤਾਬਿਕ ਸਮਾਜ 'ਚ ਸਿਹਤਮੰਦ ਕਦਰਾਂ-ਕੀਮਤਾਂ ਪੈਦਾ ਕਰਨ ਲਈ ਪੰਜਾਬ 'ਚ ਮੇਲੇ ਤਿਉਹਾਰਾਂ, ਖ਼ੁਸ਼ੀ ਤੇ ਹੋਰ ਸਮਾਜਿਕ ਸਮਾਗਮਾਂ ਮੌਕੇ ਖਪਤੀ ਚੀਜ਼ਾਂ ਤੇ ਮਿਠਾਈਆਂ ਦੇ ਤੋਹਫਿਆਂ ਦੀ ਥਾਂ ਮਿਆਰੀ ਸਾਹਿਤਕ ਪੁਸਤਕਾਂ ਤੋਹਫਿਆਂ ਦੇ ਰੂਪ 'ਚ ਦੇਣ ਦੀ ਪਿਰਤ ਪਾਉਣ ਲਈ ਸੂਬੇ ਦੇ ਬੁੱਧੀਜੀਵੀ ਤੇ ਅਗਾਂਹਵਧੂ ਵਰਗ ਨੂੰ ਹੀ ਜ਼ਿੰਮੇਵਾਰ ਭੂਮਿਕਾ ਨਿਭਾਉਣੀ ਪੈਣੀ ਹੈ। ਸੰਸਥਾ ਮਹਿਸੂਸ ਕਰਦੀ ਹੈ ਕਿ ਪੱਛਮੀ ਮੁਲਕਾਂ 'ਚ ਭਾਰਤ ਦੇ ਮੁਕਾਬਲੇ ਆਮ ਲੋਕਾਂ 'ਚ ਰਸਮੀ ਪੜ੍ਹਾਈ ਦੇ ਨਾਲ ਆਮ ਜਾਣਕਾਰੀ ਤੇ ਸਾਹਿਤਕ ਪੁਸਤਕਾਂ ਪੜ੍ਹਨ ਦਾ ਰੁਝਾਨ ਜ਼ਿਆਦਾ ਹੈ ਤੇ ਉਨ੍ਹਾਂ ਲੋਕਾਂ ਦਾ ਜ਼ਿਆਦਾ ਖ਼ੁਸ਼ਹਾਲ, ਸੱਭਿਅਕ ਤੇ ਮਾਨਵੀ ਕਦਰਾਂ ਨਾਲ ਭਰਪੂਰ ਹੋਣ ਦਾ ਕਾਰਨ ਵੀ ਲੋਕਾਂ ਦੀ ਸਾਹਿਤ ਨਾਲ ਗੂੜ੍ਹੀ ਸਾਂਝ ਹੈ। ਪੱਛਮ 'ਚ ਖੁਸ਼ੀ ਦੇ ਮੌਕੇ ਪੁਸਤਕਾਂ ਦੇ ਤੋਹਫੇ ਦੇਣ ਦੀ ਪਿਰਤ ਦੇ ਨਾਲ ਨਾਲ ਵਿਹਲੇ ਸਮੇਂ ਪੁਸਤਕਾਂ ਨਾਲ ਸਾਂਝ ਪਾਈ ਰੱਖਣ ਦਾ ਰਿਵਾਜ ਹੈ, ਜਦਕਿ ਭਾਰਤ ਤੇ ਖਾਸ ਕਰ ਕੇ ਪੰਜਾਬ 'ਚ ਪੜ੍ਹੇ-ਲਿਖੇ ਲੋਕ ਵੀ ਇਸ ਤਰ੍ਹਾਂ ਦੇ ਸਿਹਤਮੰਦ ਰੁਝਾਨ ਤੋਂ ਵਿਰਵੇ ਹਨ।

ਮੰਚ ਵੱਲੋਂ ਪੁਸਤਕ ਮੇਲਿਆਂ ਦੀ ਹਰ ਸਾਲ ਨਵੰਬਰ ਮਹੀਨੇ ਚਲਾਈ ਜਾਂਦੀ ਲੜੀ 'ਚ ਹਰ ਸਾਲ ਲੱਖਾਂ ਦੀ ਕੀਮਤ ਦੀਆਂ ਪੁਸਤਕਾਂ ਵਿਕਦੀਆਂ ਹਨ। ਮੰਚ 2013 ਤੋਂ ਹਰ ਸਾਲ ਹੁੰਦੇ ਵਿਸ਼ਾਲ ਪੁਸਤਕ ਮੇਲੇ ਦੌਰਾਨ ਡਾ. ਸੁਰਜੀਤ ਕੌਰ ਬਾਜਵਾ ਦੀ ਪੁਸਤਕ 'ਪੰਜਾਬੀ ਅਧਿਆਤਮਕ ਵਾਰਾਂ: ਅਧਿਐਨ ਤੇ ਮੁਲਾਂਕਣ, ਪ੍ਰਦੀਪ ਮੌਜੀ ਦਾ ਹਾਸ ਵਿਅੰਗ ਰਹਿ ਕੇ ਚੁੱਪ ਨਜ਼ਾਰੇ ਲੁੱਟ, ਸ਼ਾਇਰ ਮੋਹਨ ਕਾਜਲ ਦਾ ਕਾਵਿ ਸੰਗ੍ਰਹਿ 'ਸਫ਼ਰ ਦੀ ਉਡੀਕ 'ਚ', ਸਾਬਕਾ ਡੀ ਈ ਓ ਦਰਸ਼ਨ ਸਿੰਘ ਦਾ ਨਾਵਲ 'ਧੁੱਪ ਦਾ ਸਫ਼ਰ' ਅਤੇ ਵਰਿੰਦਰ ਸਿੰਘ ਨਿਮਾਣਾ ਦੀ ਲੋਕਧਾਰਾ ਤੇ ਸੱਭਿਆਚਾਰ ਅਧਾਰਿਤ ਪੁਸਤਕ 'ਸੰਧੂਰੀ ਅੰਬੀਆਂ' ਆਦਿ ਪੁਸਤਕਾਂ ਲੋਕ ਅਰਪਣ ਕੀਤੀਆਂ ਜਾ ਚੁੱਕੀਆਂ ਹਨ।

ਸੰਸਥਾ ਦੇ ਪੁਸਤਕ ਮੇਲਿਆਂ ਦੌਰਾਨ ਨੈਸ਼ਨਲ ਬੁੱਕ ਟਰੱਸਟ ਨਵੀਂ ਦਿੱਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਅਤੇ ਪੰਜਾਬ ਦੇ ਵੱਡੇ ਪੁਸਤਕ ਪ੍ਰਕਾਸ਼ਨਾਂ ਦਾ ਸ਼ਾਮਿਲ ਹੋਣਾ ਇਸ ਦੀਆਂ ਪ੍ਰਾਪਤੀਆਂ 'ਚ ਸ਼ਾਮਿਲ ਹੈ। ਪੰਜਾਬੀ ਦੀ ਉੱਘੀ ਲੇਖਿਕਾ ਡਾ. ਹਰਸ਼ਿੰਦਰ ਕੌਰ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਵਾਤਾਵਰਨ ਪ੍ਰੇਮੀ ਮੰਚ ਦੇ ਵੱਖ-ਵੱਖ ਪ੍ਰੋਗਰਾਮਾਂ 'ਚ ਹਾਜ਼ਰੀ ਲਵਾ ਕੇ ਸੰਸਥਾ ਦੇ ਕਾਰਜਾਂ ਦੀ ਹੌਸਲਾ ਅਫਜ਼ਾਈ ਕਰ ਚੁੱਕੇ ਹਨ।

ਪੰਜਾਬੀ ਵਿਕਾਸ ਮੰਚ ਹਰਿਆਣਾ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਹਰਮੇਲ ਸਿੰਘ ਖੱਖ, ਅਮਨਦੀਪ ਸ਼ਰਮਾ, ਰਾਜਿੰਦਰ ਸਿੰਘ ਮਾਰਸ਼ਲ, ਸਰਬਜੀਤ ਸਿੰਘ ਕੰਗ, ਵਰਿੰਦਰ ਸਿੰਘ ਨਿਮਾਣਾ, ਵਿਜੇ ਕਲਸੀ, ਕੁੰਦਨ ਸਿੰਘ ਕਾਲਕਟ, ਜਗਤਜੀਤ ਸਿੰਘ,ਅਜੀਬ ਦਿਵੇਦੀ, ਪ੍ਰਿੰ. ਹਰਜਿੰਦਰ ਸਿੰਘ, ਡਾ. ਜਸਵਿੰਦਰ ਸਿੰਘ ਖੁਣਖੁਣ, ਸੁਰਜੀਤ ਰਾਜਾ, ਪ੍ਰਿੰ. ਪਰਮਜੀਤ ਸਿੰਘ, ਗੁਰਮੀਤ ਸਿੰਘ, ਰਾਜੇਸ਼ ਅਰੋੜਾ, ਜਸਵੰਤ ਸਿੰਘ, ਪ੍ਰੋ. ਗੁਰਪਿੰਦਰ ਸਿੰਘ, ਪ੍ਰਿਤਪਾਲ ਸਿੰਘ, ਪ੍ਰੋ. ਲਖਵਿੰਦਰ, ਪ੍ਰੋ. ਭੁਪਿੰਦਰ ਕੌਰ, ਪ੍ਰੋ. ਮੀਨਾ, ਰੋਮੀ ਦਿਵਗੁਣ ਵਰਗੇ ਸੁਹਿਰਦ ਇਨਸਾਨਾਂ ਵੱਲੋਂ ਵਿਸ਼ੇਸ਼ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਪੰਜਾਬੀ ਵਿਕਾਸ ਮੰਚ ਵੱਲੋਂ ਪੁਸਤਕ ਸੱਭਿਆਚਾਰ ਲਈ ਆਰੰਭੇ ਯਤਨਾਂ ਲਈ ਸਰ ਮਾਰਸ਼ਲ ਐਜੂਕੇਸ਼ਨਲ ਸੁਸਾਇਟੀ ਟਾਂਡਾ, ਗੁਰੂ ਨਾਨਕ ਐਜੂਕੇਸ਼ਨਲ ਕੰਪਲੈਕਸ ਡੱਲੇਵਾਲ, ਖਾਲਸਾ ਕਾਲਜ ਗੜ੍ਹਦੀਵਾਲਾ ਜੀ ਜੀ ਡੀ ਐੱਸ ਡੀ ਕਾਲਜ ਹਰਿਆਣਾ, ਪ੍ਰੈੱਸ ਕਲੱਬ ਹਰਿਆਣਾ, ਡਾਇਟ ਕਾਲਿਜ ਅੱਜੋਵਾਲ, ਗੁਰੂ ਤੇਗ ਬਹਾਦਰ ਖਾਲਸਾ ਕਾਲਜ ਆਫ਼ ਐਜੂਕੇਸ਼ਨ ਦਸੂਹਾ, ਖਾਲਸਾ ਸੀ. ਸੈ. ਸਕੂਲ ਹਰਿਆਣਾ, ਐੱਚ ਡੀ ਐੱਨ ਸੀ ਸੈ. ਸਕੂਲ ਹਰਿਆਣਾ, ਫੈਪਰੋ ਹਲਦੀ ਪਲਾਂਟ ਕੰਗਮਾਈ ਘੁਗਿਆਲ, ਚੜ੍ਹਦੀ ਕਲਾ ਸਪੋਰਟਸ ਕਲੱਬ ਕੰਗ ਮਾਈ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। •





# ਸਕੂਲਾਂ ਦੇ ਨੇੜੇ ਕੂੜੇ ਦੇ ਡੰਪ ਅਤੇ ਡੰਪਿੰਗ ਯਾਰਡ ਹਟਾਓ: ਇੰਦਰਾਜ਼

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 15 ਅਕਤੂਬਰ। ਦਿੱਲੀ ਸਰਕਾਰ ਦੇ ਸਮਾਜ ਭਲਾਈ ਮੰਤਰੀ ਅਤੇ ਉੱਤਰ-ਪੱਛਮੀ ਦਿੱਲੀ ਜ਼ਿਲ੍ਹੇ



ਦੇ ਇੰਚਾਰਜ ਰਵਿੰਦਰ ਇੰਦਰਰਾਜ ਸਿੰਘ ਨੇ ਸਿੱਖਿਆ, ਉੱਚ ਸਿੱਖਿਆ ਅਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਆਸ਼ੀਸ਼ ਸੂਦ ਨਾਲ ਮੁਲਾਕਾਤ ਕੀਤੀ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਚੰਗੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਸੁਝਾਵਾਂ ਸੰਬੰਧੀ ਇੱਕ ਪੱਤਰ ਸੌਂਪਿਆ। ਰਵਿੰਦਰ ਇੰਦਰਰਾਜ ਨੇ ਸਕੂਲਾਂ ਦੇ ਨੇੜੇ ਕੂੜੇ ਦੇ ਡੰਪ ਅਤੇ ਡੰਪਿੰਗ ਯਾਰਡ ਨੂੰ ਹਟਾਉਣ ਅਤੇ ਸਕੂਲਾਂ ਦੇ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਸਾਰੇ ਫੁੱਟਪਾਥਾਂ 'ਤੇ ਕਬਜ਼ੇ ਹਟਾਉਣ ਅਤੇ ਮੁਰੰਮਤ ਕਰਨ ਲਈ ਸਬੰਧਤ ਵਿਭਾਗਾਂ ਅਤੇ ਸਥਾਨਕ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ। ਸਮਾਜ ਭਲਾਈ ਮੰਤਰੀ ਨੇ ਕਿਹਾ ਕਿ ਕੁਝ ਕੂੜਾ ਇਕੱਠਾ ਕਰਨ ਵਾਲੀਆਂ ਥਾਵਾਂ ਅਤੇ ਛੋਟੇ ਡੰਪਿੰਗ ਯਾਰਡ ਬਹੁਤ ਸਾਰੇ ਸਕੂਲ ਕੈਂਪਸਾਂ ਦੇ ਨੇੜੇ ਸਥਿਤ ਹਨ। ਇਹ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ ਅਤੇ ਸਕੂਲੀ ਵਿਦਿਆਰਥੀਆਂ ਦੀ ਸਿਹਤ 'ਤੇ ਮਾੜੇ ਪ੍ਰਭਾਵਾਂ ਦਾ ਖ਼ਤਰਾ ਪੈਦਾ ਕਰ ਰਿਹਾ ਹੈ। ਸਕੂਲਾਂ ਦੇ ਆਲੇ-ਦੁਆਲੇ ਸਾਫ਼ ਹਵਾ ਅਤੇ ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ; ਇਹ ਵਿਦਿਆਰਥੀਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਵਿੱਚ ਸੁਧਾਰ ਕਰੇਗਾ, ਨਾਲ ਹੀ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕਰੇਗਾ। ਵਿਦਿਆਰਥੀਆਂ ਅਤੇ ਵਾਤਾਵਰਣ ਦੇ ਹਿੱਤ ਵਿੱਚ, ਅਜਿਹੀਆਂ ਕਾਰਵਾਈਆਂ ਸਮਾਜ ਲਈ ਇੱਕ ਸਕਾਰਾਤਮਕ ਉਦਾਹਰਣ ਸਥਾਪਤ ਕਰਨਗੀਆਂ ਅਤੇ ਆਂਢ-ਗੁਆਂਢ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਉਣਗੀਆਂ। ਸਮਾਜ ਭਲਾਈ ਮੰਤਰੀ ਨੇ ਸਬੰਧਤ ਵਿਭਾਗਾਂ ਅਤੇ ਸਥਾਨਕ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਤਾਂ ਜੋ ਕਿਸੇ ਵੀ ਸਕੂਲ ਦੇ ਨੇੜੇ ਕੋਈ ਡੰਪਿੰਗ ਯਾਰਡ ਜਾਂ ਕੂੜਾ ਇਕੱਠਾ ਕਰਨ ਵਾਲੇ ਕੇਂਦਰ ਨਾ ਹੋਣ। ਸਮਾਜ ਭਲਾਈ ਮੰਤਰੀ ਨੇ ਇੱਕ ਹੋਰ ਮਹੱਤਵਪੂਰਨ ਮੁੱਦੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਹੁਤ ਸਾਰੇ ਸਕੂਲਾਂ ਦੇ ਆਲੇ-ਦੁਆਲੇ ਪੈਦਲ ਚੱਲਣ ਵਾਲੇ ਰਸਤੇ ਅਤੇ ਫੁੱਟਪਾਥਾਂ ਦੀ ਹਾਲਤ ਕਾਫ਼ੀ ਵਿਗੜ ਗਈ ਹੈ। ਇਹ ਟੁੱਟੇ ਹੋਏ, ਅਸਮਾਨ ਅਤੇ ਕਬਜ਼ੇ ਵਾਲੇ ਫੁੱਟਪਾਥ ਵਿਦਿਆਰਥੀਆਂ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਪੈਦਾ ਕਰਦੇ ਹਨ, ਖਾਸ ਕਰਕੇ ਸਕੂਲ ਖੁੱਲ੍ਹਣ ਅਤੇ ਬੰਦ ਹੋਣ ਦੇ ਸਮੇਂ ਦੌਰਾਨ। ਇੰਦਰਾਜ਼ ਨੇ ਬੇਨਤੀ ਕੀਤੀ ਕਿ ਸਕੂਲਾਂ ਦੇ ਆਲੇ-ਦੁਆਲੇ ਸੁਰੱਖਿਅਤ ਅਤੇ ਪਹੁੰਚਯੋਗ ਰਸਤੇ ਯਕੀਨੀ ਬਣਾਉਣ ਲਈ ਸਬੰਧਤ ਵਿਭਾਗਾਂ ਅਤੇ ਸਥਾਨਕ ਸੰਸਥਾਵਾਂ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਜਾਣ। ਵਿਭਾਗ ਨੂੰ ਤੁਰੰਤ ਇੱਕ ਸਰਵੇਖਣ ਕਰਵਾਉਣਾ ਚਾਹੀਦਾ ਹੈ ਅਤੇ ਸਕੂਲਾਂ ਦੇ ਇੱਕ ਕਿਲੋਮੀਟਰ ਦੇ ਘੇਰੇ ਵਿੱਚ ਸਾਰੇ ਫੁੱਟਪਾਥਾਂ 'ਤੇ ਕਬਜ਼ਿਆਂ ਜਾਂ ਰੁਕਾਵਟਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਹਟਾਉਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਪਟਿਆਲਾ ਜੇਲ੍ਹ 'ਚ ਬਲਵੰਤ ਸਿੰਘ ਰਾਜੋਆਣਾ ਨੂੰ ਮਿਲੇ ਹਰਜਿੰਦਰ ਸਿੰਘ ਧਾਮੀ

ਪਟਿਆਲਾ 15 ਅਕਤੂਬਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇਕ ਵਫ਼ਦ ਨੇ ਅੱਜ ਕੇਂਦਰੀ ਪਟਿਆਲਾ ਜੇਲ੍ਹ ਵਿਚ ਮੌਤ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਸੂਤਰਾਂ ਮੁਤਾਬਕ ਇਸ ਦੌਰਾਨ ਰਾਜੋਆਣਾ ਅਤੇ ਕੇਂਦਰ ਕੋਲ ਬਕਾਇਆ ਉਸ ਦੀ ਰਹਿਮ ਦੀ ਅਪੀਲ ਨਾਲ ਸਬੰਧਤ ਕਈ ਮੁੱਦਿਆਂ 'ਤੇ ਤਫ਼ਸੀਲ ਵਿਚ ਚਰਚਾ ਕੀਤੀ ਗਈ। ਲਗਭਗ ਇਕ ਘੰਟਾ ਚੱਲੀ ਇਸ ਮੀਟਿੰਗ ਤੋਂ ਬਾਅਦ ਧਾਮੀ ਜੇਲ੍ਹ ਤੋਂ ਬਾਹਰ ਆਏ ਅਤੇ ਪੱਤਰਕਾਰਾਂ ਨਾਲ ਗੱਲਬਾਤ ਕੀਤੇ ਬਿਨਾਂ ਹੀ ਉਥੋਂ ਚਲੇ ਗਏ। ਹਾਲਾਂਕਿ ਤੁਰਦੇ ਤੁਰਦੇ ਧਾਮੀ ਨੇ ਇਹ ਜ਼ਰੂਰ ਕਿਹਾ ਕਿ ਉਨ੍ਹਾਂ ਨੇ ਰਾਜੋਆਣਾ ਨਾਲ ਸਿਰਫ ਸਜ਼ਾ ਸੰਬੰਧੀ ਗੱਲਬਾਤ ਨੂੰ ਲੈ ਕੇ ਮੁਲਾਕਾਤ ਕੀਤੀ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਧਾਮੀ ਤੇ ਰਾਜੋਆਣਾ ਦਰਮਿਆਨ ਇਹ ਮੀਟਿੰਗ ਅਜਿਹੇ ਮੌਕੇ ਹੋਈ ਹੈ ਜਦੋਂ ਅਜੇ ਕਰੀਬ ਦਸ ਦਿਨ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਸਕੱਤਰ ਨੇ ਵਧੀਕ ਡੀਜੀਪੀ (ਜੇਲ੍ਹਾਂ) ਨੂੰ ਪੱਤਰ ਲਿਖ ਕੇ ਬਲਵੰਤ ਸਿੰਘ ਰਾਜੋਆਣਾ ਨੂੰ ਮਿਲਣ ਲਈ ਸਮਾਂ ਮੰਗਿਆ ਸੀ। ਪਿਛਲੇ ਮਹੀਨੇ ਸੁਪਰੀਮ ਕੋਰਟ ਨੇ ਇਕ ਸੁਣਵਾਈ ਦੌਰਾਨ ਕਿਹਾ ਸੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਮੌਤ ਦੀ ਸਜ਼ਾਯਾਫ਼ਤਾ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿਚ ਦੇਰੀ ਲਈ ਇਕੱਲੀ ਕੇਂਦਰ ਸਰਕਾਰ ਜ਼ਿੰਮੇਵਾਰ ਸੀ। ਸਰਬਉੱਚ ਅਦਾਲਤ ਨੇ ਸਰਕਾਰ ਨੂੰ ਯਾਦ ਦਿਵਾਇਆ ਸੀ ਕਿ ਰਾਜੋਆਣਾ ਦੀ ਫਾਂਸੀ ਬਾਰੇ ਫੈਸਲਾ ਲੈਣਾ ਕਾਰਜਪਾਲਿਕਾ ਦਾ ਕੰਮ ਹੈ, ਅਦਾਲਤ ਦਾ ਨਹੀਂ।

## ਫਗਵਾੜਾ 'ਚ ਵੱਡੀ ਵਾਰਦਾਤ ! ਪਿਓ ਨੇ ਚਾਕੂ ਮਾਰ-ਮਾਰ ਵਿੰਨ੍ਹ ਦਿੱਤਾ ਪੁੱਤ

ਫਗਵਾੜਾ 15 ਅਕਤੂਬਰ। ਫਗਵਾੜਾ 'ਚ ਪੈਸਿਆਂ ਦੇ ਆਪਸੀ ਲੈਣ ਦੇਣ ਨੂੰ ਲੈ ਕੇ ਪਿਓ-ਪੁੱਤ 'ਚ ਝਗੜਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਝਗੜਾ ਇੰਨਾ ਵੱਧ ਗਿਆ ਕਿ ਪਿਤਾ ਨੇ ਪੁੱਤਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਰਹੀ ਹੈ। ਜਾਣਕਾਰੀ ਅਨੁਸਾਰ ਜ਼ਖ਼ਮੀ ਪੁੱਤ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਜ਼ਖ਼ਮੀ ਹੋਏ ਪੁੱਤਰ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਪਿਤਾ ਨੇ ਗੁੱਸੇ 'ਚ ਆ ਕੇ ਉਸ 'ਤੇ ਚਾਕੂ ਨਾਲ ਵਾਰ ਕੀਤੇ ਹਨ, ਜਦਕਿ ਉਸ ਦੇ ਪਿਤਾ ਨੇ ਸਾਰੇ ਦੋਸ਼ਾਂ ਨੂੰ ਗਲਤ ਦੱਸਦੇ ਹੋਏ ਉਲਟਾ ਆਪਣੇ ਪੁੱਤਰ 'ਤੇ ਗੰਭੀਰ ਦੋਸ਼ ਲਗਾਏ ਹਨ। ਪੁਲਸ ਨੂੰ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਖ਼ਬਰ ਲਿਖੇ ਜਾਣ ਤੱਕ ਪੁਲਸ ਨੇ ਕਿਸੇ ਵੀ ਧਿਰ ਖ਼?ਲਾਫ਼ ਕੋਈ ਪੁਲਸ ਕੇਸ ਦਰਜ ਨਹੀਂ ਕੀਤਾ ਹੈ। ਮਾਮਲਾ ਲੋਕਾਂ 'ਚ ਭਾਰੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿਵਲ ਹਸਪਤਾਲ 'ਚ ਇਲਾਜ ਅਧੀਨ ਥਾਣਾ ਸਦਰ ਫਗਵਾੜਾ ਦੇ ਖਲਵਾੜਾ ਪਿੰਡ ਦੇ ਰਹਿਣ ਵਾਲੇ ਰਮਨਦੀਪ ਸਿੰਘ ਨੇ ਕਿਹਾ ਕਿ ਉਹ ਇਕ ਸਾਲ ਪਹਿਲਾਂ ਕਤਰ ਤੋਂ ਵਾਪਸ ਆਇਆ ਸੀ। ਉਦੋਂ ਤੋਂ ਉਹ ਕਤਰ ਤੋਂ ਭੇਜੇ ਗਏ ਪੰਜ ਲੱਖ ਰੁਪਏ ਦਾ ਹਿਸਾਬ ਮੰਗ ਰਿਹਾ ਹੈ। ਹਾਲਾਂਕਿ ਉਸ ਦਾ ਪਿਤਾ ਹਮੇਸ਼ਾ ਬਹਾਨਾ ਬਣਾਉਂਦਾ ਰਿਹਾ ਹੈ।

## ਘਰੋਂ ਜੂਸ ਲੈਣ ਲਈ ਗਿਆ ਸੀ ਮਾਪਿਆਂ ਦਾ ਲਾਡਲਾ ਪੁੱਤ, ਖੇਤਾਂ 'ਚ ਮਿਲੀ ਲਾਸ਼ ਨੂੰ ਵੇਖ ਉੱਡੇ ਮਾਪਿਆਂ ਦੇ ਹੋਸ਼

ਹਰਿਆਣਾ 15 ਅਕਤੂਬਰ। ਥਾਣਾ ਹਰਿਆਣਾ ਅਧੀਨ ਪੈਂਦੇ ਪਿੰਡ ਜਲਾਲਪੁਰ 'ਚ ਇਕ 20 ਸਾਲਾ ਨੌਜਵਾਨ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਮ੍ਰਿਤਕ ਦੀ ਪਛਾਣ ਕਸ਼ਿਸ਼ ਕੁਮਾਰ ਉਰਫ਼ ਹੈਰੀ ਪੁੱਤਰ ਵਿਜੇ ਕੁਮਾਰ ਵਾਸੀ ਹਰਿਆਣਾ ਵਜੋਂ ਹੋਈ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਮ੍ਰਿਤਕ ਦੇ ਪਿਤਾ ਵਿਜੇ ਕੁਮਾਰ ਨੇ ਦੱਸਿਆ ਕਿ ਉਸ ਦਾ ਲੜਕਾ 10 ਅਕਤੂਬਰ ਨੂੰ ਸ਼ਾਮ ਨੂੰ ਸਾਡੇ ਗੁਆਂਢੀ ਦੀ ਸਕੂਟਰੀ ਲੈ ਕੇ ਘਰੋਂ ਜੂਸ ਲੈਣ ਲਈ ਗਿਆ ਸੀ ਪਰ ਘਰ ਵਾਪਸ ਨਹੀਂ ਪਰਤਿਆ। 12 ਅਕਤੂਬਰ ਨੂੰ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਉਨ੍ਹਾਂ ਦੇ ਲੜਕੇ ਦੀ ਲਾਸ਼ ਪਿੰਡ ਜਲਾਲਪੁਰ ਦੇ ਖੇਤਾਂ ਵਿਚ ਪਈ ਹੋਈ ਹੈ। ਥਾਣਾ ਹਰਿਆਣਾ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਉਸ ਦੇ ਲੜਕੇ ਦੀ ਮੌਤ ਅਚਾਨਕ ਉਸ ਦੀ ਸਿਹਤ ਕੁਦਰਤੀ ਖ਼ਰਾਬ ਹੋਣ ਕਰਕੇ ਹੋਈ ਹੈ ਅਤੇ ਉਹ ਇਸ ਸਬੰਧੀ ਕੋਈ ਕਾਨੂੰਨੀ ਕਾਰਵਾਈ ਨਹੀਂ ਕਰਨਾ ਚਾਹੁੰਦੇ। ਥਾਣਾ ਹਰਿਆਣਾ ਪੁਲਸ ਵੱਲੋਂ ਉਪਰੋਕਤ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਗਈ ਹੈ ਅਤੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰਨ ਲਈ ਕਾਰਵਾਈ ਸ਼ੁਰੂ ਗਈ ਹੈ।

## ਰਾਜਸਥਾਨ ਦੇ ਬੀਕਾਨੇਰ ਨੇੜੇ ਸੜਕ ਹਾਦਸੇ 'ਚ ਦੋ ਮੌਤਾਂ

ਜੈਪੁਰ 15 ਅਕਤੂਬਰ। ਰਾਜਸਥਾਨ ਦੇ ਬੀਕਾਨੇਰ ਵਿੱਚ ਰਾਏਸਰ ਨੇੜੇ ਸੋਮਵਾਰ ਨੂੰ ਇੱਕ ਕਾਰ ਅਤੇ ਟਰੱਕ ਵਿਚਕਾਰ ਹੋਈ ਟੱਕਰ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਇਹ ਹਾਦਸਾ ਭਾਰਤ ਮਾਲਾ ਰੋਡ 'ਤੇ ਵਾਪਰਿਆ। ਟੱਕਰ ਇੰਨੀ ਭਿਆਨਕ ਸੀ ਕਿ ਹਾਦਸੇ ਤੋਂ ਤੁਰੰਤ ਬਾਅਦ ਕਾਰ ਨੂੰ ਅੱਗ ਲੱਗ ਗਈ। ਨਾਪਾਸਰ ਪੁਲਸ ਸਟੇਸ਼ਨ ਦੇ ਇੰਚਾਰਜ ਲਕਸ਼ਮਣ ਸੁਧਾਰ ਨੇ ਕਿਹਾ ਕਿ ਇੱਕ ਵਿਅਕਤੀ ਗੱਡੀ ਦੇ ਅੰਦਰ ਜ਼ਿੰਦਾ ਸੜ ਗਿਆ, ਜਦੋਂ ਕਿ ਇੱਕ ਹੋਰ ਦੀ ਬੀਕਾਨੇਰ ਦੇ ਪੀ.ਬੀ.ਐਮ. ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਸੂਚਨਾ ਮਿਲਣ 'ਤੇ ਨਾਪਾਸਰ ਪੁਲਸ ਸਟੇਸ਼ਨ ਅਤੇ ਫਾਇਰ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਟਰੱਕ ਨੇ ਕਾਰ ਨੂੰ ਪਿੱਛੇ ਤੋਂ ਟੱਕਰ ਮਾਰੀ। ਪੁਲਸ ਨੇ ਕਿਹਾ ਕਿ ਕਾਰ ਚਾਲਕ, ਜੋ ਕਿ ਲੂੰਕਰਨਸਰ ਦਾ ਰਹਿਣ ਵਾਲਾ ਹੈ, ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਖਮੀਆਂ ਦਾ ਟਰਾਮਾ ਸੈਂਟਰ ਵਿੱਚ ਇਲਾਜ ਚੱਲ ਰਿਹਾ ਹੈ। ਪੁਲਸ ਨੇ ਕਿਹਾ ਕਿ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

## ਪਾਇਲ ਸ਼ਹਿਰ ਨੂੰ ਮਿਲੇਗਾ ਸਾਫ਼ ਪਾਣੀ, ਡੇਢ ਕਰੋੜ ਰੁਪਏ ਦਾ ਪ੍ਰਾਜੈਕਟ ਸ਼ੁਰੂ

ਖੰਨਾ 15 ਅਕਤੂਬਰ। ਪਾਇਲ ਸ਼ਹਿਰ ਦੇ ਰਹਿਣ ਵਾਲਿਆਂ ਨੂੰ ਪੀਣ ਲਈ ਸਾਫ਼ ਤੇ ਸੁਰੱਖਿਅਤ ਪਾਣੀ ਮੁਹੱਈਆ ਕਰਾਉਣ ਲਈ ਪੰਜਾਬ ਸਰਕਾਰ ਵੱਲੋਂ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਪਾਣੀ ਸਪਲਾਈ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਹੇਠ ਕਰੀਬ ਤਿੰਨ ਕਿਲੋਮੀਟਰ ਲੰਬੀ ਨਵੀਂ ਪਾਈਪ ਲਾਈਨ ਵਿਛਾਈ ਜਾ ਰਹੀ ਹੈ, ਜਿਸ ਰਾਹੀਂ ਹਰ ਘਰ ਤੱਕ ਸਾਫ਼ ਪਾਣੀ ਪਹੁੰਚਾਇਆ ਜਾਵੇਗਾ। ਇਸ ਪ੍ਰਾਜੈਕਟ ਦਾ ਉਦਘਾਟਨ ਪਾਇਲ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਿਹਤ ਤੇ ਸਫਾਈ ਨੂੰ ਧਿਆਨ ਵਿਚ ਰੱਖਦੇ ਹੋਏ ਸ਼ਹਿਰਾਂ ਤੇ ਪਿੰਡਾਂ ਵਿੱਚ ਪਾਣੀ ਸਪਲਾਈ ਦੀਆਂ ਸੁਵਿਧਾਵਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਗਿਆਸਪੁਰਾ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਘਰ ਤੱਕ ਸਾਫ਼ ਪਾਣੀ ਪਹੁੰਚਾਉਣਾ ਹੈ ਤਾਂ ਜੋ ਲੋਕਾਂ ਨੂੰ ਗੰਦੇ ਪਾਣੀ ਨਾਲ ਜੁੜੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਇਸ ਮੌਕੇ ਵਿਧਾਇਕ ਨੇ ਪਿੰਡ ਗੋਬਿੰਦਪੁਰਾ ਵਿਖੇ ਗੁਰਦੁਆਰਾ ਸਾਹਿਬ ਵਾਲੀ ਮੁੱਖ ਸੜਕ ਦੇ ਨਿਰਮਾਣ ਕੰਮ ਦਾ ਸ਼ੁਭ ਆਰੰਭ ਵੀ ਕਰਾਇਆ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਤੇ ਨਵੀਨਿਕਰਨ ਨਾਲ ਆਵਾਜਾਈ ਸੁਚਾਰੂ ਹੋਵੇਗੀ ਤੇ ਆਮ ਲੋਕਾਂ ਨੂੰ ਵੱਡਾ ਲਾਭ ਮਿਲੇਗਾ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਮੀਤ ਪ੍ਰਧਾਨ ਏ.ਪੀ. ਜੱਲ੍ਹਾ, ਬੂਟਾ ਸਿੰਘ ਰਾਣੋਂ, ਮਨਜੀਤ ਸਿੰਘ ਡੀ.ਸੀ. ਸਮੇਤ ਕਈ ਸਥਾਨਕ ਆਗੂ ਤੇ ਇਲਾਕਾ ਨਿਵਾਸੀ ਮੌਜੂਦ ਸਨ। ਸਾਰਿਆਂ ਨੇ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪ੍ਰੋਜੈਕਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਸ਼ਹਿਰ ਦਾ ਵਿਕਾਸ ਹੋਵੇਗਾ ਤੇ ਲੋਕਾਂ ਨੂੰ ਸਾਫ਼ ਪਾਣੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਤੋਂ ਰਾਹਤ ਮਿਲੇਗੀ।

## ਨਗਰ-ਨਿਗਮ ਨੇ ਸ਼ਹਿਰ ਦੀਆਂ 6 ਕੋਠੀਆਂ ਨੂੰ ਜਾਰੀ ਕੀਤਾ ਨੋਟਿਸ ! ਬਿਲਡਰ ਨੇ ਕੀਤੇ ਸਨਸਨੀਖੇਜ਼ ਖੁਲਾਸੇ

**ਕੌਮੀ ਪਤ੍ਰਿਕਾ**

ਮੋਗਾ 12 ਅਕਤੂਬਰ। ਸ਼ਹਿਰ ਵਿੱਚ ਜਾਰੀ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦੇ ਦੋਸ਼ਾਂ ਖ਼?ਲਾਫ਼ ਇੱਕ ਵੱਡਾ ਕਦਮ ਚੁੱਕਦਿਆਂ ਮੋਗਾ ਦੇ ਇੱਕ ਨਿਰਮਾਣ ਕਾਰੋਬਾਰੀ ਮਨਿੰਦਰ ਤੜੀਵਾਲ ਉਰਫ਼ ਸੰਨੀ, ਨੇ ਮੀਡੀਆ ਸਾਹਮਣੇ ਆ ਕੇ ਸਨਸਨੀਖੇਜ਼ ਖੁਲਾਸੇ ਕੀਤੇ ਹਨ। ਕਾਰੋਬਾਰੀ ਨੇ ਦੋਸ਼ ਲਾਇਆ ਹੈ ਕਿ ਇੱਕ ਸਮਾਜਿਕ ਸੰਸਥਾ ਸੀ.ਆਰ.ਓ. ਪੰਜਾਬ ਦੀ ਟੀਮ ਨੇ ਉਨ੍ਹਾਂ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਕੋਲੋਂ 5 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਇਹ ਖੁਲਾਸਾ ਉਸ ਸਮੇਂ ਹੋਇਆ ਜਦੋਂ ਨਗਰ ਨਿਗਮ ਮੋਗਾ ਵੱਲੋਂ ਕਰਤਾਰ ਨਗਰ ਇਲਾਕੇ ਵਿੱਚ 6 ਕੋਠੀਆਂ ਦੇ ਨਕਸ਼ਿਆਂ ਦੀ ਪੂਰੀ ਫੀਸ ਅਦਾ ਨਾ ਕਰਨ ਕਾਰਨ ਬਿਲਡਰ ਨੂੰ ਨੋਟਿਸ ਜਾਰੀ ਕੀਤੇ ਗਏ ਸਨ। ਬਿਲਡਰ ਸੰਨੀ ਤੜੀਵਾਲ ਨੇ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੀ ਹਾਜ਼ਰੀ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉਹ ਨਗਰ ਨਿਗਮ ਨੂੰ ਬਾਕੀ ਫੀਸ ਭਰਨ ਲਈ ਤਿਆਰ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਇਸ ਮਾਮਲੇ ਵਿੱਚ ਇਨਸਾਫ਼ ਲੈਣ ਲਈ ਡਿਪਟੀ ਕਮਿਸ਼ਨਰ ਮੋਗਾ ਅਤੇ ਜ਼ਿਲ੍ਹਾ ਪੁਲਸ ਮੁਖੀ ਨੂੰ ਲਿਖਤੀ ਸ਼ਿਕਾਇਤ ਪੱਤਰ ਦੇਣਗੇ। ਉਨ੍ਹਾਂ ਨੇ ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਸਖ਼ਤ ਮੰਗ ਕੀਤੀ ਹੈ। ਸੰਨੀ ਤੜੀਵਾਲ




ਨੇ ਇਹ ਵੀ ਦਾਅਵਾ ਕੀਤਾ ਕਿ ਇਕੱਲੇ ਉਹ ਹੀ ਨਹੀਂ, ਸਗੋਂ ਸ਼ਹਿਰ ਵਿੱਚ ਕਈ ਹੋਰ ਵੀ ਪੀੜਤ ਹਨ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਹੋਰ ਪੀੜਤਾਂ ਨੂੰ ਵੀ ਮੀਡੀਆ ਦੇ ਸਾਹਮਣੇ ਲਿਆ ਕੇ ਪੇਸ਼ ਕਰਨਗੇ। ਉਨ੍ਹਾਂ ਕੋਲ ਸੀ.ਆਰ.ਓ. ਪੰਜਾਬ ਨੂੰ ਸਮੇਂ-ਸਮੇਂ 'ਤੇ ਦਿੱਤੇ ਗਏ ਪੈਸਿਆਂ ਦਾ ਸਬੂਤ ਵੀ ਮੌਜੂਦ ਹੈ। ਦੂਜੇ ਪਾਸੇ ਜਦੋਂ ਸੀ.ਆਰ.ਓ. ਪੰਜਾਬ ਦੇ ਪ੍ਰਧਾਨ ਪੰਕਜ ਸੂਦ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਬਿਲਡਰ ਦੁਆਰਾ ਲਗਾਏ ਗਏ ਸਾਰੇ ਦੋਸ਼ਾਂ ਨੂੰ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਸਿਰਫ਼ ਸਮਾਜਿਕ ਕਾਰਜ ਕਰਦੇ ਹਨ ਅਤੇ ਭ੍ਰਿਸ਼ਟਾਚਾਰ ਵਿਰੁੱਧ ਪਹਿਲਾਂ ਹੀ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਦੋਸ਼ਾਂ ਵਿੱਚ ਕੋਈ ਸੱਚਾਈ ਨਹੀਂ ਹੈ ਅਤੇ ਉਹ ਹਰ ਤਰ੍ਹਾਂ ਦੀ ਜਾਂਚ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਪੈਸੇ ਦੇ ਲੈਣ-ਦੇਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਪੰਜਾਬ ਦੇ ਸਮਾਜਿਕ ਨੇਤਾਵਾਂ ਦੀ ਹਾਜ਼ਰੀ ਵਿੱਚ ਇਸ ਮਾਮਲੇ ਦੇ ਜਨਤਕ ਹੋਣ ਤੋਂ ਬਾਅਦ ਹੁਣ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਸ ਮੁਖੀ ਤੋਂ ਜਲਦ ਹੀ ਉੱਚ ਪੱਧਰੀ ਕਾਰਵਾਈ ਦੀ ਉਮੀਦ ਕੀਤੀ ਜਾ ਰਹੀ ਹੈ।

### ਪੰਜਾਬ ਪੁਲਸ ਦੇ ਵੱਡੇ ਅਫ਼ਸਰ ਦੀ ਕੋਠੀ 'ਚ ਚੱਲੀ ਗੋਲੀ !

ਲੁਧਿਆਣਾ 15 ਅਕਤੂਬਰ। ਰਾਣੀ ਝਾਂਸੀ ਰੋਡ ਸਥਿਤ ਡੀ. ਆਈ. ਜੀ. ਕੋਠੀ ਦੇ ਅੰਦਰ ਉਸ ਵੇਲੇ ਸਨਸਨੀ ਫ਼ੈਲ ਗਈ, ਜਦੋਂ ਇਕ ਪੁਲਸ ਮੁਲਾਜ਼ਮ ਨੂੰ ਸ਼ੱਕੀ ਹਾਲਾਤ ਵਿਚ ਗੋਲ?ੀ ਲੱਗ ਗਈ। ਗੋਲ?ੀ ਲੱਗਣ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਤੀਰਥ ਸਿੰਘ ਵਜੋਂ ਹੋਈ ਹੈ। ਇਸ ਸਬੰਧੀ ਸੂਚਨਾ ਮਿਲਦਿਆਂ ਹੀ ਥਾਣਾ ਡਵੀਜ਼ਨ ਨੰਬਰ 8 ਦੀ ਪੁਲਸ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਦਿੱਤਾ। ਫ਼?ਲਹਾਲ ਪੁਲਸ ਅਫ਼ਸਰ ਇਸ ਗੱਲ ਬਾਰੇ ਕੁਝ ਸਪਸ਼ਟ ਨਹੀਂ ਕਰ ਰਹੇ ਕਿ ਇਹ ਮਾਮਲਾ ਖ਼ੁਦਕੁਸ਼ੀ ਦਾ ਹੈ ਜਾਂ ਗੋਲ?ੀ ਗਲਤੀ ਨਾਲ ਚੱਲੀ। ਜਾਂਚ ਵਿਚ ਸਾਰੇ ਪਹਿਲੂਆਂ ਨੂੰ ਖ਼ੰਗਾਲਿਆ ਜਾ ਰਿਹਾ ਹੈ।

## ਮਸ਼ਹੂਰ ਬਿਲਡਰ 'ਤੇ ਲੱਗਾ 85 ਲੱਖ ਦਾ ਜੁਰਮਾਨਾ

**ਏਜੰਸੀਆਂ**

ਨਵੀਂ ਦਿੱਲੀ 15 ਅਕਤੂਬਰ। ਦਿੱਲੀ-ਐੱਨ. ਸੀ. ਆਰ. ਦੇ ਇਕ ਮਸ਼ਹੂਰ ਬਿਲਡਰ ਨੂੰ ਹਰਿਆਣਾ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਐੱਚ. ਆਰ. ਈ. ਆਰ. ਏ.) ਨੇ ਬਤਰਾ ਪਰਿਵਾਰ ਨੂੰ ਉਨ੍ਹਾਂ ਦੇ ਘਰ ਦੀ ਡਲਿਵਰੀ 'ਚ 5 ਸਾਲ ਤੋਂ ਵੱਧ ਦੀ ਦੇਰੀ ਲਈ 85 ਲੱਖ ਰੁਪਏ ਵਿਆਜ ਦੇ ਤੌਰ 'ਤੇ ਦੇਣ ਦਾ ਹੁਕਮ ਦਿੱਤਾ ਹੈ। ਬਤਰਾ ਪਰਿਵਾਰ ਨੇ 26 ਅਗਸਤ 2017 ਨੂੰ ਦਿੱਲੀ-ਐੱਨ. ਸੀ. ਆਰ. 'ਚ 1105 ਵਰਗ ਫੁੱਟ ਦੇ ਇਕ ਘਰ ਨੂੰ ਲੱਗਭਗ 1.5 ਕਰੋੜ ਰੁਪਏ 'ਚ ਖਰੀਦਿਆ ਸੀ। ਬਿਲਡਰ ਨੇ ਘਰ ਖਰੀਦਣ ਤੋਂ ਪਹਿਲਾਂ ਦੋ ਵਾਅਦੇ ਕੀਤੇ ਸੀ, ਪਹਿਲਾ ਉਸਾਰੀ ਪੂਰੀ ਹੋਣ ਤੱਕ ਪ੍ਰਤੀ ਵਰਗ ਫੁੱਟ 81.66 ਰੁਪਏ ਦੀ ਦਰ ਨਾਲ ਮਹੀਨਾਵਾਰੀ ਭੁਗਤਾਨ ਭਾਵ ਯਕੀਨੀ ਰਿਟਰਨ ਦੇਣ ਦਾ ਭਰੋਸਾ ਅਤੇ ਦੂਜਾ ਘਰ ਦੀ ਡਲਿਵਰੀ 26 ਅਗਸਤ 2020 ਤੱਕ ਕਰ ਦਿੱਤੀ ਜਾਵੇ। ਇਨ੍ਹਾਂ ਵਾਅਦਿਆਂ 'ਤੇ ਭਰੋਸਾ ਕਰ ਕੇ ਪਰਿਵਾਰ ਨੇ ਪੂਰੀ ਰਕਮ ਦੇ ਦਿੱਤੀ ਸੀ। ਸ਼ੁਰੂਆਤ 'ਚ ਬਿਲਡਰ ਨੇ ਕੁਝ ਮਹੀਨਿਆਂ ਤੱਕ ਮਹੀਨਾਵਾਰੀ ਯਕੀਨੀ ਰਿਟਰਨ ਵੀ ਦਿੱਤਾ ਪਰ ਬਾਅਦ 'ਚ ਉਹ ਭੁਗਤਾਨ ਬੰਦ ਕਰ ਦਿੱਤਾ। ਨਾਲ ਹੀ, ਘਰ ਦੀ ਡਲਿਵਰੀ ਤੈਅ ਸਮੇਂ 'ਤੇ ਨਹੀਂ ਹੋ ਸਕੀ। ਬਿਲਡਰ ਦੇ ਇਹ ਦੋ



ਵੱਡੇ ਵਾਅਦੇ ਪੂਰੀ ਤਰ੍ਹਾਂ ਟੁੱਟ ਗਏ ਅਤੇ ਬਤਰਾ ਪਰਿਵਾਰ ਵਰਗੇ ਕਈ ਹੋਰ ਖਰੀਦਦਾਰਾਂ ਨਾਲ ਧੋਖਾ ਹੋਇਆ। ਪਰਿਵਾਰ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੇ ਆਪਣੀ ਮਿਹਨਤ ਦੀ ਕਮਾਈ ਅਜਿਹੇ ਪ੍ਰਾਜੈਕਟ 'ਚ ਲਗਾਈ, ਜਿੱਥੇ ਬਿਲਡਰ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ। ਬਤਰਾ ਪਰਿਵਾਰ ਨੇ ਇਸ ਮਾਮਲੇ ਨੂੰ ਹਰਿਆਣਾ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਐੱਚ. ਆਰ. ਈ. ਆਰ. ਏ.) ਦੇ ਸਾਹਮਣੇ ਉਠਾਇਆ। ਜਾਂਚ-ਪੜਤਾਲ ਤੋਂ ਬਾਅਦ ਐੱਚ. ਆਰ. ਈ. ਆਰ. ਏ. ਨੇ ਸਪੱਸ਼ਟ ਕਰ ਦਿੱਤਾ ਕਿ ਜਦੋਂ ਘਰ ਖਰੀਦਦਾਰ ਅਤੇ ਬਿਲਡਰ ਵਿਚਾਲੇ ਲਿਖਤੀ ਸਮਝੌਤੇ 'ਚ ਯਕੀਨੀ ਰਿਟਰਨ ਅਤੇ ਡਲਿਵਰੀ ਦੀ ਤਰੀਕ ਹੁੰਦੀ ਹੈ, ਤਾਂ ਇਹ ਕਾਨੂੰਨਨ ਬੰਧਨਕਾਰੀ ਹੁੰਦੇ ਹਨ। ਐੱਚ. ਆਰ. ਈ. ਆਰ. ਏ. ਨੇ ਬਿਲਡਰ ਦੀ ਸਖ਼ਤ ਨਿੰਦਿਆ ਕੀਤੀ ਕਿ ਉਸ ਨੇ ਖਰੀਦਦਾਰਾਂ ਦਾ ਭਰੋਸਾ ਤੋੜਿਆ। 4 ਜੁਲਾਈ 2025 ਨੂੰ ਐੱਚ. ਆਰ. ਈ. ਆਰ. ਏ. ਨੇ ਬਿਲਡਰ ਨੂੰ ਹੁਕਮ ਦਿੱਤਾ ਕਿ ਉਹ ਦੇਰੀ ਲਈ ਬਤਰਾ ਪਰਿਵਾਰ ਨੂੰ ਵਿਆਜ ਦੇ ਤੌਰ 'ਤੇ 85 ਲੱਖ ਰੁਪਏ ਦਾ ਭੁਗਤਾਨ ਕਰੇ। ਵਿਆਜ ਦੀ ਦਰ ਭਾਰਤੀ ਸਟੇਟ ਬੈਂਕ ਦੀ ਐੱਮ. ਸੀ. ਐੱਲ. ਆਰ. ਦਰ (9.10 ਫ਼ੀਸਦੀ) 'ਚ 2 ਫ਼ੀਸਦੀ ਜੋੜ ਕੇ 11.10 ਫ਼ੀਸਦੀ ਤੈਅ ਕੀਤੀ ਗਈ ਹੈ, ਜੋ ਕਿ ਡਲਿਵਰੀ ਲਈ ਵਾਅਦਾ ਕੀਤੀ ਤਰੀਕ ਤੋਂ ਲੈ ਕੇ ਕਬਜ਼ੇ ਦਾ ਸਰਟੀਫਿਕੇਟ ਜਾਰੀ ਹੋਣ ਤੱਕ ਜਾਂ ਘਰ ਦੇ ਅਸਲੀ ਹੈਂਡਓਵਰ ਤੱਕ ਲੱਗੇਗੀ। ਇਹ ਲੱਗਭਗ 1.5 ਕਰੋੜ ਦੀ ਕੁੱਲ ਰਾਸ਼ੀ 'ਤੇ 5 ਸਾਲ ਦੀ ਦੇਰੀ ਦੇ ਹਿਸਾਬ ਨਾਲ ਕੱਢੀ ਗਈ ਹੈ।

## ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਬਾਲ ਭਿੱਖਿਆ ਮੁਕਤ ਬਣਾਉਣ ਲਈ ਯਤਨ ਹੋਰ ਤੇਜ਼

ਚੰਡੀਗੜ੍ਹ 12 ਅਕਤੂਬਰ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਬਾਲ ਭਿੱਖਿਆ ਮੁਕਤ ਬਣਾਉਣ ਲਈ ਯਤਨਾਂ ਨੂੰ ਹੋਰ ਤੇਜ਼ ਕੀਤਾ ਗਿਆ ਹੈ। ਇਸੇ ਸੰਦਰਭ 'ਚ ਫਰੀਦਕੋਟ 'ਚ ਭੀਖ ਮੰਗ ਰਹੇ 2 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਬੱਚੇ ਫਰੀਦਕੋਟ ਫਾਟਕ ਨੇੜੇ ਦੇਖੇ ਗਏ ਅਤੇ ਤੁਰੰਤ ਜ਼ਿਲ੍ਹਾ ਬਾਲ ਸੁਰੱਖਿਆ ਟੀਮ ਨੂੰ ਸੂਚਿਤ ਕੀਤਾ ਗਿਆ। ਟੀਮ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਦੋਵੇਂ ਬੱਚਿਆਂ ਨੂੰ ਰੈਸਕਿਊ ਕਰਕੇ ਜ਼ਿਲ੍ਹਾ ਬਾਲ ਭਲਾਈ ਕਮੇਟੀ ਕੋਲ ਪੇਸ਼ ਕੀਤਾ ਗਿਆ। ਜਾਂਚ ਉਪਰੰਤ ਇਨ੍ਹਾਂ ਨੂੰ ਫਿਲਹਾਲ ਬਾਲ ਘਰ ਵਿੱਚ ਆਰਜ਼ੀ ਤੌਰ 'ਤੇ ਸੁਰੱਖਿਅਤ ਟਿਕਾਣਾ ਪ੍ਰਦਾਨ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਸੂਬੇ ਦੀਆਂ ਸਾਰੀਆਂ ਜ਼ਿਲ੍ਹਾ ਬਾਲ ਸੁਰੱਖਿਆ ਟੀਮਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਵੱਲੋਂ ਬਾਲ ਸੁਰੱਖਿਆ ਅਤੇ ਜੀਵਨਜੋਤ ਪ੍ਰਾਜੈਕਟ ਤਹਿਤ ਕੀਤੇ ਜਾ ਰਹੇ ਤੁਰੰਤ ਤੇ ਸਮਰਪਿਤ ਯਤਨ ਸੂਬੇ ਭਰ ਵਿੱਚ ਸਕਾਰਾਤਮਕ ਨਤੀਜੇ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਟੀਮਾਂ ਸਰਕਾਰ ਦੀ ਨੀਤੀ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਫ਼ਨਾ ਹੈ ਕਿ ਪੰਜਾਬ 'ਚ ਕੋਈ ਵੀ ਬੱਚਾ ਸੜਕਾਂ 'ਤੇ ਭੀਖ ਮੰਗਦਾ ਨਾ ਦਿੱਖੇ। ਸਰਕਾਰ ਜੀਵਨਜੋਤ ਪ੍ਰਾਜੈਕਟ ਰਾਹੀਂ ਭੀਖ ਮੰਗਦੇ ਬੱਚਿਆਂ ਨੂੰ ਸਿੱਖਿਆ ਨਾਲ ਜੋੜਨ ਲਈ ਵਚਨਬੱਧ ਹੈ ਅਤੇ ਇਸ ਮੁਹਿੰਮ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਬਾਲ ਭਿੱਖਿਆ ਨਾ ਸਿਰਫ ਸਮਾਜਿਕ ਕੁਰੀਤੀ ਹੈ, ਸਗੋਂ ਇਹ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਵੀ ਹੈ। ਡਾ. ਬਲਜੀਤ ਕੌਰ ਨੇ ਮਾਪਿਆਂ ਅਤੇ ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਗਿਰੋਹਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਹਰਕਤ ਕਰਨ ਵਾਲਿਆਂ ਖ਼?ਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਾ. ਬਲਜੀਤ ਕੌਰ ਨੇ ਸੂਬੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਕਿਸੇ ਬੱਚੇ ਨੂੰ ਭੀਖ ਮੰਗਦੇ ਦੇਖਣ ਤਾਂ ਭੀਖ ਦੇਣ ਦੀ ਬਜਾਏ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦੇਣ ਅਤੇ ਇਸ ਸਮਾਜਿਕ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨ ਵਿੱਚ ਸੂਬਾ ਸਰਕਾਰ ਦਾ ਸਹਿਯੋਗ ਕਰਨ।

## ਜਲੰਧਰ ਪੁਲਸ ਵੱਲੋਂ ਇਕ ਮੁਲਜ਼ਮ ਹੈਰੋਇਨ ਸਮੇਤ ਗ੍ਰਿਫ਼ਤਾਰ

ਜਲੰਧਰ 15 ਅਕਤੂਬਰ। ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਡੀ .ਸੀ. ਪੀ. ਇਨਵੈਸਟੀਗੇਸ਼ਨ ਮਨਪ੍ਰੀਤ ਸਿੰਘ ਢਿੱਲੋਂ, ਏ. ਡੀ. ਸੀ. ਪੀ. ਇਨਵੈਸਟੀਗੇਸ਼ਨ ਜੇਯੰਤ ਪੁਰੀ ਅਤੇ ACP ਅਮਰਵੀਰ ਸਿੰਘ ਦੀ ਨਿਗਰਾਨੀ ਹੇਠ ਇੰਚਾਰਜ ਸੀ. ਆਈ. ਏ. ਸਟਾਫ਼ ਇੰਸਪੈਕਟਰ ਸੁਰਿੰਦਰ ਕੁਮਾਰ ਦੀ ਟੀਮ ਨੇ ਕਾਰਵਾਈ ਕਰਦੇ ਹੋਏ ਇਕ ਦੋਸ਼ੀ ਨੂੰ 40 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਪੁਲਸ ਕਮਿਸ਼ਨਰ ਜਲੰਧਰ ਨੇ ਦੱਸਿਆ ਕਿ ਸੀ. ਆਈ. ਏ. ਸਟਾਫ਼ ਦੀ ਟੀਮ ਨਾਕਾਬੰਦੀ ਦੌਰਾਨ ਮਿਸ਼ਨ ਕਪਾਊਂਡ ਜਲੰਧਰ ਵਿਖੇ ਮੌਜੂਦ ਸੀ ਕਿ ਸ਼ੱਕ ਦੇ ਆਧਾਰ 'ਤੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਪੁੱਛਗਿੱਛ ਦੌਰਾਨ ਉਸ ਦੀ ਪਛਾਣ ਸ਼ੁਭਮ ਉਰਫ਼ ਗੋਰੂ ਪੁੱਤਰ ਸੁਨੀਲ ਕੁਮਾਰ ਵਾਸੀ ਮਕਾਨ ਨੰਬਰ 1897, ਨੇੜੇ ਬਾਲਮੀਕੀ ਮੰਦਰ, ਦਰੇਸੀ ਗਰਾਊਂਡ, ਲੁਧਿਆਣਾ ਵਜੋਂ ਹੋਈ। ਉਸਦੇ ਕਬਜ਼ੇ ਵਿੱਚੋਂ 40 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸ ਸਬੰਧ ਵਿੱਚ ਦੋਸ਼ੀ ਖ਼ਲਾਫ਼ NDPS ਐਕਟ ਅਧੀਨ ਥਾਣਾ ਡਿਵੀਜ਼ਨ ਨੰਬਰ 2 ਜਲੰਧਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਵਿਰੁੱਧ ਪਹਿਲਾਂ ਵੀ ਇਕ ਮੁੱਕਦਮਾ NDPS ਐਕਟ ਅਧੀਨ ਥਾਣਾ ਡਿਵੀਜ਼ਨ ਨੰਬਰ 4 ਲੁਧਿਆਣਾ ਵਿਖੇ ਦਰਜ ਹੈ। ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਨਸ਼ਿਆਂ ਖ਼?ਲਾਫ਼ ਜੰਗ ਲਗਾਤਾਰ ਜਾਰੀ ਹੈ। ਨਸ਼ੇ ਦੇ ਜਾਲ ਨਾਲ ਸੰਬੰਧਤ ਹਰ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਸਖ਼ਤੀ ਨਾਲ ਕੀਤੀ ਜਾਵੇਗੀ ਤਾਂ ਜੋ ਸ਼ਹਿਰ ਨੂੰ ਨਸ਼ਾ-ਮੁਕਤ ਬਣਾਇਆ ਜਾ ਸਕੇ।

## ਮੰਤਰੀ ਲਾਲ ਚੰਦ ਕਟਾਰੂਚੱਕ ਨੇ ਟਾਂਡਾ ਅਨਾਜ ਮੰਡੀ ਦਾ ਅਚਨਚੇਤ ਦੌਰਾ ਕੀਤਾ

**ਕੌਮੀ ਪਤ੍ਰਿਕਾ**

ਟਾਂਡਾ ਉੜਮੁੜ 15 ਅਕਤੂਬਰ। ਪੰਜਾਬ ਦੀ ਮੌਜੂਦਾ ਸਰਕਾਰ ਦੇ ਫੂਡ ਸਪਲਾਈ ਵਿਭਾਗ ਵੱਲੋਂ ਹੁਣ ਤੱਕ ਮੌਜੂਦਾ ਝੋਨੇ ਦੇ ਸੀਜ਼ਨ ਦੌਰਾਨ 14 ਲੱਖ 41 ਹਜਾਰ ਕੁਇੰਟਲ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਦਾਣਾ ਮੰਡੀ ਟਾਂਡਾ ਵਿਖੇ ਝੋਨੇ ਦੀ ਹੋ ਰਹੀ ਖ਼ਰੀਦ ਸਬੰਧੀ ਜਾਇਜ਼ਾ ਲੈਣ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸੰਗਠਨ ਇੰਚਾਰਜ ਟਾਂਡਾ ਕੇਸ਼ਵ ਸਿੰਘ ਸੈਣੀ, ਚੇਅਰਮੈਨ ਮਾਰਕੀਟ ਕਮੇਟੀ ਟਾਂਡਾ ਚੌਧਰੀ ਰਾਜਵਿੰਦਰ ਸਿੰਘ ਰਾਜਾ, ਸਾਬਕਾ ਚੇਅਰਮੈਨ ਹਰਮੀਤ ਸਿੰਘ ਔਲਖ, ਐੱਸ. ਡੀ. ਐੱਮ. ਟਾਂਡਾ ਪਰਮਪ੍ਰੀਤ ਸਿੰਘ, ਡੀ. ਐੱਸ. ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ, ਸੈਕਟਰੀ ਮਾਰਕੀਟ ਕਮੇਟੀ ਟਾਂਡਾ ਹਰਪ੍ਰੀਤ ਸਿੰਘ ਜੌਹਲ ਅਤੇ ਫੂਡ ਸਪਲਾਈ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਦੱਸਿਆ ਕਿ 15 ਲੱਖ 21 ਕੁਇੰਟਲ ਝੋਨਾ ਪੰਜਾਬ ਦੀਆਂ ਮੰਡੀਆਂ ਵਿੱਚ ਪਹੁੰਚਿਆ ਹੈ ਜਿਸ ਵਿੱਚੋਂ ਹੁਣ ਤੱਕ 14 ਲੱਖ 41 ਹਜ਼ਾਰ ਕੁਇੰਟਲ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ 2700 ਕਰੋੜ ਰੁਪਏ ਕਿਸਾਨਾਂ ਦੇ ਖ਼ਾਤਿਆਂ ਵਿੱਚ ਝੋਨੇ ਦੀ ਫ਼ਸਲ ਦੇ ਜਮਾ ਹੋ ਚੁੱਕੇ ਹਨ। ਉਨ੍ਹਾਂ ਹੋਰ ਕਿਹਾ ਕਿ ਜੋ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ 24 ਘੰਟਿਆਂ ਦੇ ਅੰਦਰ ਅੰਦਰ ਕਿਸਾਨਾਂ ਦੀ ਫ਼ਸਲ ਮੰਡੀ ਚੋਂ ਚੁੱਕੀ ਜਾਵੇਗੀ ਉਸੇ ਅਨੁਸਾਰ ਹੀ ਅੱਜ ਕਿਸਾਨ ਸਵੇਰੇ ਮੰਡੀ ਵਿੱਚ ਆਉਂਦਾ ਹੈ ਅਤੇ ਸ਼ਾਮ ਨੂੰ ਆਪਣੀ ਫ਼ਸਲ ਵੇਚ ਕੇ ਘਰ ਚਲੇ ਜਾਂਦਾ ਹੈ। ਉਨ੍ਹਾਂ ਇਸ ਮੌਕੇ ਦੱਸਿਆ ਕਿ ਅੱਜ ਦੇ ਉਨ੍ਹਾਂ ਦੇ ਦੌਰੇ ਦਾ ਮੁੱਖ ਮਕਸਦ ਇਹੀ ਹੈ ਕਿ ਮੌਜੂਦਾ ਪੈਡੀ ਦੇ ਸੀਜ਼ਨ ਦੌਰਾਨ ਕਿਸਾਨਾਂ ਆੜ੍ਹਤੀਆਂ ਲੇਬਰ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ



ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਇਕ 172 ਲੱਖ ਮੀਟਰਿਕ ਟਨ ਦਾ ਟੀਚਾ ਪ੍ਰਾਪਤ ਹੋਇਆ ਹੈ ਅਤੇ ਪੰਜਾਬ ਸਰਕਾਰ ਨੇ 190 ਲੱਖ ਮੈਟਰਿਕ ਟਨ ਝੋਨਾ ਸਟੋਰ ਕਰਨ ਅਤੇ ਖ਼ਰੀਦਣ ਦੀ ਤਿਆਰੀ ਕੀਤੀ ਹੈ। ਉਨ੍ਹਾਂ ਹੋਰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਮੇਂ 2700 ਕਰੋੜ ਰੁਪਏ ਦੀ ਐਡਿਟ ਕੈਸ਼ ਸੀਮਾ (ਸੀ. ਸੀ. ਐੱਲ) ਹੈ ਅਤੇ ਮੌਜੂਦਾ ਝੋਨੇ ਦੇ ਸੀਜ਼ਨ ਦੌਰਾਨ ਮੌਜੂਦਾ ਸਮੇਂ ਵਿੱਚ ਮੰਡੀਆਂ ਵਿੱਚ ਵਾਰਦਾਨੇ ਦੀ ਕੋਈ ਕਮੀ ਨਹੀਂ। ਇਸ ਮੌਕੇ ਉਨ੍ਹਾਂ ਨੇ ਹੋਰ ਕਿਹਾ ਕਿ ਮੰਡੀਆਂ ਵਿੱਚ ਇਸ ਬਾਰਦਾਨਾ ਪੂਰੀ ਮਾਤਰਾ ਵਿੱਚ ਮੌਜੂਦ ਹੈ, ਜਿਸ ਕਾਰਨ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆ ਰਹੀ। ਇਸ ਸਮੇਂ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਝੋਨਾ ਨਵੀਂ ਰਹਿਤ ਲਿਆਂਦਾ ਜਾਵੇ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ ਕੀਤਾ ਜਾਵੇ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕੈਬਨਟ ਮੰਤਰੀ ਲਾਲ ਚੰਦ ਕਟਾਰੂ ਚੱਕ ਦਾ ਦਾਣਾ ਮੰਡੀ ਟਾਂਡਾ ਪਹੁੰਚਣ 'ਤੇ ਸਵਾਗਤ ਕੀਤਾ।

## ਭਾਈ ਰਾਮ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ 15 ਅਕਤੂਬਰ। ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਦੇ 14ਵੇਂ ਮੁਖੀ ਸ਼?ਰੋਮਣੀ ਸੇਵਾ ਰਤਨ, ਸ਼?ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ਼?ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ ਦੀ ਹੋਈ ਮੌਤ 'ਤੇ ਗਹਿਰਾ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖੀ ਜਜਬੇ ਨਾਲ ਲਬਰੇਜ਼, ਉੱਘੇ ਵਿਦਵਾਨ, ਰੱਬੀ ਰੂਹ ਭਾਈ ਰਾਮ ਸਿੰਘ ਕੁੱਝ ਦਿਨ ਸਰੀਰਕ ਤੌਰ ਤੇ ਬੀਮਾਰ ਰਹਿਣ ਕਾਰਨ ਅਕਾਲ ਚਲਾਣਾ ਕਰ ਗਏ ਹਨ ਜਿਸ ਕਰਕੇ ਸਿੱਖ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਪਰ ਅਕਾਲ ਪੁਰਖ ਦੇ ਭਾਣੇ ਨੂੰ ਕੋਈ ਟਾਲ ਨਹੀਂ ਸਕਦਾ। ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਭਾਈ ਰਾਮ ਸਿੰਘ ਦੀ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਉਹ ਨਿਮਰ ਅਤੇ ਨੇਕ ਦਿਲ ਇਨਸਾਨ ਹਨ ਉਨ੍ਹਾਂ ਨੂੰ ਹਮੇਸ਼ਾ ਪੰਥਕ ਸਰੋਕਾਰਾਂ ਨੂੰ ਪਹਿਲ ਦਿੱਤੀ। ਭਾਈ ਰਾਮ ਸਿੰਘ ਨੇ ਲੰਮਾ ਸਮਾਂ ਸ਼?ਰੋਮਣੀ ਕਮੇਟੀ ਮੈਂਬਰ ਵਜੋਂ ਸੇਵਾ ਕੀਤੀ ਅਤੇ ਧਰਮ ਤੇ ਪ੍ਰਚਾਰ ਲਈ ਵੱਡੇ ਯੋਗਦਾਨ ਪਾਏ। ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ਿਸ਼ ਕਰਨ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।